# ਵਰਿਆਮ

ਮਈ ੧੯੯੮



ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥
ਜੋ ਜਨ ਪੀਰਿ ਨਿਵਾਜਿਆ ਤਿੰਨ੍ਹਾ ਅੰਚ ਨ ਲਾਗ ॥

—ਮ: ੫

Sri Satguru Jagjit Singh Ji eLibrary NamdhariElibrary@gmail.com

https://archive.org/details/namdhari









NS

# NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

| | |
|---|---|
| ਟਮਾਟਰ | : N.S. 815, ਉਤਸਵ ਅਤੇ ਅਮੋਘ |
| ਫੁਲ ਗੋਭੀ | : N.S. 60, N.S. 84 ਅਤੇ N.S. 90 |
| ਭਿੰਡੀ | : ਅਰਕਾ ਅਨਾਮਿਕਾ |
| ਤਰਬੂਜ਼ | : N.S. 295 (ਸਮਰ ਸਵੀਟ) N.S. 246 ਅਤੇ N.S. 2332 |
| ਖਰਬੂਜਾ | : N.S. 7455 ਅਤੇ ਅਭਿਜੀਤ |
| ਲੌਕੀ (ਘੀਆ) | : ਕਾਵੇਰੀ |
| ਤੋਰਈ | : ਸੰਜੀਵਨੀ ਅਤੇ ਹੋਰ ਬਹੁਤ ਕੁਝ |

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

*ਰੀਜਨਲ ਆਫਿਸ :-*

**ਨਾਮਧਾਰੀ ਸੀਡਜ਼ ਪ੍ਰਾ : ਲਿ :**

104, ਸਾਵਿਤਰੀ ਕੰਪਲੈਕਸ,
ਢੋਲੇਵਾਲ ਚੌਂਕ, ਲੁਧਿਆਣਾ-141 003.
ਫੋਨ : 161-531439, 542499 ਘਰ : 0161-833109

*Head Office :*

**NAMDHARI SEEDS PVT. LTD.**

Bidadi-Bangalore (India) 562109
Tel : 080-2210987, 08113-82401
Fax : 080-2276880

https://archive.org/details/namdhari


੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ
ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

Furshi Durries & Carpets

*in Bright & Fast Colours*

*Manufactuers :*

Namdhari Sales

10240/54, Library Road, Azad Market, Delhi-11006


Sri Satguru Jagjit Singh Ji eLibrary NamdhariElibrary@gmail.com

*Our Motto : Best Quality of the Day*

*High Class Gun Manufacturers*

**Single & Double Barrels**



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**

Manufacturers & Exporters of

# AUTO ACCESSORIES

# G N D Auto Industries

Managing Partner's : **Pawittar Singh Namdhari**

**77, Industrial Area-I, Chandigarh—160002**

Tel. 91-172-641294, 91-172-655939 Fax 91-172-656300 E Mail Uniq @ arbornet. org.

***Office at U.S.A. :***

**421N. Brookhurst Street,**

**Suite No. 209, Anaheim—CA 92801**

**U.S.A.**

***Mubai Office :***

**502, Kakad, Market,**

**306, Kalbadevi Rd., Mumbai**

**Tel. 91-22-205-1833 Fax 91-22-375-2438**

---

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : [Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

**KOTA STONE, RED AGRA, MANDANA, MARBLE,**
**DHAULPUR & GWALIOR BUCH**

**PROP. S. DAYA SINGH BHUI**

**WZ-2, Mansarover Garden, Ring Road,**
**NEW DELHI—110015**





Sri Satguru Jagjit Singh Ji eLibrary NamdhariElibrary@gmail.com

https://archive.org/details/namdhari


ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

ਡਾਲਟਨਗੰਜ (ਬਿਹਾਰ)

**Namdhari Brothers**

**DALTON GANJ**

**(Bihar)**

Prop. :
S. AJIT SINGH NAMDHARI



੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 22001

**Makhan Singh Saggu**

# TECHNO INDUSTRIES

ਟੈਕਨੋ ਇੰਡਸਟਰੀਜ਼

Manufacturers, Fabricators & Exporters

Industrial Chain Sprockets & Sugar Mill Spares All Types of Graded Casting & Machinery Parts

E.D. 311, Old Railway Road,
JALANDHAR-144001.



GOLDMEDAL WINNER

(1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:

**Jayson Electric Co. (Regd.)**

WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634




Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਮਈ ੧੯੯੮ ਜਿਲਦ—੨੩ ਅੰਕ—੭

## ਤਤਕਰਾ


ਸੰਪਾਦਕੀ : ਰੀਵੀਊ ਦੀ ਸਮੱਸਿਆ ੪

ਸ. ਬਰਜਿੰਦਰ ਸਿੰਘ ਰਾਜ ਸਭਾ ਵਿਚ ੫
—ਜਗਦੀਸ਼ ਸਿੰਘ

ਇਕ ਯੁੱਗ ਪਲਟਾਊ (ਕਵਿਤਾ) ੬

ਲੰਘੇ ਇਸ ਦੁਨੀਆ ਦੇ ਪੱਤਣੇਂ (ਕਵਿਤਾ) ੭
—ਸਵ: ਗੁਰਦਿੱਤ ਸਿੰਘ ਕੁੰਦਨ

ਪਰਦੇਸੀ ਪੰਜਾਬ —ਵਰਿਆਮ ਸਿੰਘ ਸੰਧੂ ੮

ਇਕ ਅਲਫ਼ ਪੜ੍ਹੋ : ਓਸ਼ੋ —ਰਜਨੀਸ਼ ੧੮

ਲਹਿੰਦੇ ਪੰਜਾਬ ਦੀਆਂ ਮਿੰਨੀ ਨਜ਼ਮਾਂ ੨੪

ਜਥੇਦਾਰ ਗੁਰਮੁਖ ਸਿੰਘ ਝੱਬਰ ੨੬
—ਸੁਵਰਨ ਸਿੰਘ ਵਿਰਕ

੧੯੯੯ ਵਾਲੀ ਵਸਾਖੀ —ਹਰਨਾਮ ਸਿਘ ਸ਼ਾਨ ੩੯

ਪੁਸਤਕ ਚਰਚਾ ੪੫

ਪ੍ਰਤੀਕਰਮ ੪੭


### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ -੩-੭ ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |


ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਸਾਮ੍ਹਣੇ ਸੈਂਟਰਲ ਟਾਊਨ
ਜਲੰਧਰ ੧੪੪੦੦੧

Office Address :
Monthly WARIAM
(Punjabi)
Ladowali Road,
Opp. Central Town,
Jalandhar-144001

ਫੋਨ—ਦਫਤਰ : ੨੨੨੫੪੩ Ph. 222543 (O)
ਘਰ : ੫੬੨੮੯ 56289 (R)



੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SAGGU
IRON INDUSTRIES
ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Boards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, JALANDHAR·
Phone : 58795, 59056
Mobile Phone 9814060489 Pager 96124089




Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਰੀਵੀਊ ਦੀ ਸਮੱਸਿਆ

ਪੰਜਾਬੀ ਬਾਰੇ ਇਹ ਆਮ ਗੱਲ ਪਰਚਲਤ ਹੈ ਕਿ ਇਸ ਦੀਆਂ ਪੁਸਤਕਾਂ ਨੂੰ ਖਰੀਦ ਕੇ ਪੜ੍ਹਣ ਵਾਲੇ ਘੱਟ ਹਨ। ਸਾਹਿਤ ਸਭਾਵਾਂ ਦੇ ਮੈਂਬਰਾਂ ਦੀ ਗਿਣਤੀ ਵੇਖ ਕੇ ਇਹ ਵੀ ਅਨੁਮਾਨ ਲਾਇਆ ਜਾਂਦਾ ਹੈ ਕਿ ਪੰਜਾਬੀ ਵਿਚ ਲੇਖਕ ਬਹੁਤੇ ਹਨ ਅਤੇ ਪਾਠਕ ਘੱਟ। ਉਂਝ ਪੰਜਾਬੀ ਪੁਸਤਕਾਂ ਦੇ ਛਪਣ ਦੀ ਸਮੱਸਿਆ ਵੀ ਹੈ। ਲੇਖਕ-ਪਾਠਕ-ਪੁਸਤਕ ਨਾਲ ਸੰਬੰਧਤ ਮਸਲੇ ਤੇ ਗੰਭੀਰ ਬਹਿਸ ਛਿੜਨੀ ਜ਼ਰੂਰ ਚਾਹੀਦੀ ਹੈ। ਮੋਟੇ ਤੌਰ ਤੇ ਵੇਖਿਆਂ ਇਹ ਵੀ ਅਨੁਭਵ ਹੁੰਦਾ ਹੈ ਕਿ ਪੰਜਾਬੀ ਪੁਸਤਕਾਂ ਸੌਖਿਆਂ ਉਪਲਭਦ ਵੀ ਨਹੀਂ ਹੁੰਦੀਆਂ। ਅਜੇ ਪੰਜਾਬੀ ਪੁਸਤਕਾਂ ਲੋਕਾਂ ਦੇ ਘਰਾਂ ਜਾਂ ਦੁਕਾਨਾਂ ਤੇ ਪਹੁੰਚਾਣ ਦਾ ਕੋਈ ਪਰਬੰਧ ਵੀ ਨਹੀਂ ਹੋ ਸਕਿਆ। ਪੁਸਤਕ ਮੇਲਿਆਂ ਵਿਚ ਵਿਕਦੀਆਂ ਪੁਸਤਕਾਂ ਇਹ ਸੰਕੇਤ ਕਰਦੀਆਂ ਹਨ ਕਿ ਜੇ ਪੁਸਤਕ ਪਾਠਕ ਦੀ ਪਹੁੰਚ ਵਿਚ ਹੋਵੇ ਤਾਂ ਪੰਜਾਬੀ ਮਾਇਆ ਖਰਚ ਵੀ ਦਿੰਦੇ ਹਨ। ਇਵੇਂ ਜੇ ਪੁਸਤਕਾਂ ਪੰਜਾਬੀਆਂ ਦੀਆਂ ਅੱਖਾਂ ਅਗੋਂ ਲੰਘਣ ਤਾਂ ਉਹ ਖਰੀਦ ਵੀ ਲੈਣ। ਕਿਸੇ ਜ਼ਮਾਨੇ ਵਿਚ ਪੰਜਾਬੀ ਅਖਬਾਰਾਂ ਬਾਰੇ ਵੀ ਇਹ ਗੱਲ ਆਖੀ ਜਾਂਦੀ ਸੀ ਕਿ ਉਹ ਘੱਟ ਵਿਕਦੀਆਂ ਹਨ। ਉਸ ਸਮੇਂ ਅੰਗਰੇਜ਼ੀ ਅਖਬਾਰਾਂ ਦੀ ਸਰਦਾਰੀ ਸੀ। ਅੱਜ ਪੰਜਾਬੀ ਅਖਬਾਰਾਂ ਲੱਖਾਂ ਦੀ ਗਿਣਤੀ ਵਿਚ ਛਪਦੀਆਂ ਹਨ ਤਾਂ ਇਸ ਦਾ ਇਕ ਕਾਰਨ ਇਹ ਵੀ ਹੈ ਕਿ ਇਹਨਾਂ ਅਖਬਾਰੀ ਅਦਾਰਿਆਂ ਵਲੋਂ ਵਧ ਤੋਂ ਵਧ ਜ਼ੋਰ ਲਾਕੇ ਵਧ ਤੋਂ ਵਧ ਲੋਕਾਂ ਦੇ ਦਰਾਂ ਤੇ ਇਹ ਅਖਬਾਰਾਂ ਪਹੁੰਚਾਣੀਆਂ। ਕਾਰਨ ਹੋਰ ਵੀ ਹੋਣ ਪਰ ਇਕ ਠੋਸ ਕਾਰਨ ਇਹ ਵੀ ਹੈ। ਪਰ ਪੰਜਾਬੀ ਪੁਸਤਕਾਂ ਬਾਰੇ ਅਜਿਹਾ ਉਦਮ ਨਹੀਂ ਹੋ ਸਕਿਆ। ਸਾਹਿਤਕ ਸਮਾਗਮਾਂ ਦੇ ਬਾਹਰ ਕੁਝ ਲੋਕਾਂ ਦੇ ਉਦਮ ਨਾਲ ਮੇਜ਼ ਲਾ ਕੇ ਉਪਰ ਪੁਸਤਕਾਂ ਦਾ ਵਿਖਾਵਾ ਕੀਤਾ ਜਾਂਦਾ ਹੈ ਤਾਂ ਕੁਝ ਨਾ ਕੁਝ ਪੁਸਤਕਾਂ ਪਾਠਕ ਜ਼ਰੂਰ ਖਰੀਦ ਕੇ ਘਰ ਲੈ ਜਾਂਦਾ ਹੈ। ਪਰ ਇਹ ਕੁਝ ਕੁ ਉਦਮੀਆਂ ਦੇ ਨਿਜੀ ਉਪਰਾਲੇ ਕਰਕੇ ਹੈ। ਵੈਸੇ ਪੁਸਤਕ ਅਤੇ ਪਾਠਕ ਵਿਚਲੀ ਵਿੱਥ ਕਾਇਮ ਹੀ ਹੈ।

ਪੰਜਾਬੀ ਪੁਸਤਕਾਂ ਦੀ ਵਿਕਰੀ ਦੀ ਇਸ ਨਿਰਾਸ਼ਾਜਨਕ ਹਾਲਤ ਦੇ ਬਾਵਜੂਦ ਵੀ ਜੇ ਪੰਜਾਬੀ ਦੇ ਲੇਖਕ ਪੁਸਤਕਾਂ ਛਪਵਾਈ ਜਾ ਰਹੇ ਹਨ ਤਾਂ ਇਹ ਉਹਨਾਂ ਦੀ ਸੂਰਮਗਤੀ ਹੀ ਹੈ। ਸ਼ਾਇਦ ਇਹ ਪੰਜਾਬੀਆਂ ਦਾ ਸੁਭਾਅ ਹੈ ਕਿ ਇਹ ਲੰਗਰ ਬਹੁਤ ਲੌਂਦੇ ਹਨ। ਹੋਲੇ ਮਹਲੇ ਦੇ ਦਿਨਾਂ ਵਿਚ ਮੇਲੇ ਦੇ ਰਾਹ ਵਿਚ ਗੱਡੀਆਂ ਰੋਕ ਰੋਕ ਕੇ ਜ਼ਬਰਦਸਤੀ ਲੰਗਰ ਛਕਾਉਂਦੀਆਂ ਸੰਗਤਾਂ ਆਮ ਦ੍ਰਿਸ਼ ਹੈ। ਇਵੇਂ ਹੀ ਆਮ ਤੌਰ ਤੇ ਪੰਜਾਬੀ ਲੋਕ ਪੱਲਿਓਂ ਪੁਸਤਕਾਂ ਛਪਵਾ ਕੇ ਫਿਰ ਮੁਫਤ ਵੰਡਦੇ ਹਨ। ਜਿਵੇਂ ਲੰਗਰ ਦੇ ਪਰਬੰਧਕਾਂ ਨੂੰ ਦਾਨੀ ਸੱਜਨ ਮਿਲ ਜਾਂਦੇ ਹਨ ਇਵੇਂ ਸ਼ਾਇਦ ਲੇਖਕਾਂ ਦੀ ਮਦਦ ਕਰਨ ਵਾਲੀਆਂ ਵੀ ਕੁਝ ਉਦਾਰ ਚਿਤ ਹਸਤੀਆਂ ਮਿਲ ਜਾਂਦੀਆਂ ਹੋਣ ਜਾਂ ਮਿਲਣੀਆਂ ਜ਼ਰੂਰ ਚਾਹੀਦੀਆਂ ਹਨ। ਪਰ ਆਮ ਤੌਰ ਤੇ ਪੁਸਤਕ ਛਪਵਾਈ ਦਾ ਉਦਮ ਲੇਖਕ ਆਪਣੇ ਪਲਿਓਂ ਹੀ ਕਰਦੇ ਹਨ।

ਇਸਤਰ੍ਹਾਂ ਜੋ ਪੰਜਾਬੀ ਪੁਸਤਕਾਂ ਛਪ ਜਾਂਦੀਆਂ ਹਨ ਉਹਨਾਂ ਦਾ ਜ਼ਿਕਰ ਕਰਾਉਣ ਵਾਸਤੇ ਇਹਨਾਂ ਦਾ ਚਰਚਾ ਲੋੜੀਂਦਾ ਹੁੰਦਾ ਹੈ। ਜਿੰਨੇ ਕੁ ਰਸਾਲੇ ਅਖਬਾਰਾਂ ਪੰਜਾਬੀ ਦੇ ਛਪਦੇ ਹਨ ਉਹਨਾਂ ਨੂੰ ਲੇਖਕ ਇਹ ਪੁਸਤਕਾਂ ਦਿੰਦੇ ਹਨ। ਕੁਝ ਕੁ ਰੋਜ਼ਾਨਾ ਅਖਬਾਰ ਇਹ ਰੀਵੀਊ ਛਾਪਦੇ ਵੀ ਹਨ ਅਤੇ ਉਹਨਾਂ ਨਾਲ ਲੇਖਕ ਦੀ ਪੁਸਤਕ ਦੇ ਵਿਕਣ ਦਾ ਜ਼ਰੂਰ ਕੁਝ ਫਰਕ ਪੈਂਦਾ ਹੋਵੇਗਾ। ਬਾਕੀ ਰਸਾਲੇ ਰੀਵੀਊ ਦਾ ਭਾਰ ਨਹੀਂ ਚੁਕ ਸਕਦੇ ਹੁੰਦੇ।

'ਵਰਿਆਮ' ਦੇ ਦੋਸਤ ਵੀ ਕੁਝ ਪੁਸਤਕਾਂ ਜ਼ਿਕਰ ਹਿਤ ਵਰਿਆਮ ਨੂੰ ਭੇਜਦੇ ਆ ਰਹੇ ਹਨ। ਉਹਨਾਂ ਦਾ ਇਹ ਹੱਕ ਵੀ ਬਣਦਾ ਹੈ ਕਿ ਇਹਨਾਂ ਦਾ ਰੀਵੀਊ ਵਰਿਆਮ ਵਿਚ ਛਪੇ। ਪਰ ਇਸ ਵਿਚ ਕੁਝ ਅਮਲੀ ਅਤੇ ਵਿਹਾਰਕ ਅੜਿਚਨਾਂ ਹਨ। ਇਕ ਤਾਂ ਸਹੀ ਅਤੇ ਆਜ਼ਾਦ ਪੁਸਤਕ ਪੜਚੋਲ ਦਾ ਪਰਬੰਧ ਕਰਨਾ ਮੁਸ਼ਕਲ ਹੈ। ਕੁਝ ਲਿਖੇ ਲਿਖਾਏ ਰੀਵੀਊ ਆਉਂਦੇ ਹਨ। ਉਹਨਾਂ ਵਾਸਤੇ ਪੰਨਿਆਂ ਦਾ ਪਰਬੰਧ ਕਰਨਾ ਵੀ ਕੁਝ ਮਸਲਾ ਹੈ। ਕੁਝ ਦੋਸਤ ਐਸੇ ਹਨ ਜਿਹਨਾਂ ਦੀਆਂ ਪੁਸਤਕਾਂ ਦੀ ਜਾਣਕਾਰੀ ਪਾਠਕਾਂ ਤਕ ਜ਼ਰੂਰ ਜਾਣੀ ਚਾਹੀਦੀ ਹੈ ਪਰ ਨਿਰਪੱਖ ਪੁਣਛਾਣ ਦੀ ਰਾਏ ਉਂਝ ਰਾਸ ਨਹੀਂ ਆਉਂਦੀ। ਅਸੀਂ ਇਹ ਦੇਣ ਤੋਂ ਸੰਕੋਚ ਵੀ ਕਰ ਜਾਂਦੇ ਹਾਂ ਜਾਂ ਡਰ ਜਾਂਦੇ ਹਾਂ। ਲੇਖਕ ਦੀ ਪੁਸਤਕ ਦੀ ਬਹੁਤੀ ਲੋੜ ਤਾਂ ਹੁੰਦੀ ਹੈ ਕਿ ਉਸ ਦਾ ਜਿਕਰ ਲੋਕਾਂ ਤਕ ਜਾਵੇ ਅਤੇ ਹੋਵੇ ਵੀ ਹਾਂ ਪੱਖੀ। ਪਰ ਇਸ ਦੇ ਨਾਲ ਪਾਠਕਾਂ ਨਾਲ



Sri Satguru Jagjit Singh Ji eLibrary NamdhariElibrary@gmail.com

ਜ਼ਿਆਦਤੀ ਵੀ ਹੋ ਜਾਂਦੀ ਹੈ। ਲੇਖਕ ਪਾਠਕ ਵਿੱਥ ਦੀ ਇਕ ਮਿਸਾਲ ਪੇਸ਼ ਹੈ। ਅਸਾਂ ਇਕ ਪੁਸਤਕ ਦਾ ਲੇਖਕ ਵਜੋਂ ਭੇਜਿਆ ਹੋਇਆ ਰੀਵੀਊ ਪਰਕਾਸ਼ਤ ਕਰ ਦਿਤਾ ਬਗੈਰ ਪੁਸਤਕ ਪਰਾਪਤ ਕੀਤਿਆਂ ਅਤੇ ਦੇਖਿਆਂ। ਉਸ ਰੀਵੀਊ ਨੂੰ ਪੜ੍ਹ ਕੇ ਸਾਡੇ ਇਕ ਅਤਿ ਨਿਕਟੀ ਦੋਸਤ ਨੇ ਪੁਸਤਕ ਦੀ ਮੰਗ ਕੀਤੀ। ਪੁਸਤਕ ਸਾਡੇ ਕੋਲ ਵੀ ਨਹੀਂ ਸੀ ਅਤੇ ਲਾਗਲੇ ਪੁਸਤਕ ਵੇਚਣ ਵਾਲਿਆਂ ਕੋਲ ਵੀ ਨਹੀਂ ਸੀ। ਅੱਜ ਤੱਕ ਉਹ ਮੰਗ ਕਾਇਮ ਹੈ। ਸੋ ਇਸ ਮਸਲੇ ਦਾ ਇਕ ਇਹ ਪਹਿਲੂ ਵੀ ਹੈ। ਜਿਵੇਂ ਕਿ ਅਸੀਂ ਉਪਰ ਲਿਖਿਆ ਵੀ ਹੈ ਇਸ ਸਾਰੇ ਮਸਲੇ ਬਾਰੇ ਸੰਵਾਦ ਰਚਾਇਆ ਜਾ ਸਕਦਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕੈਡਮੀ ਅਤੇ ਅਜਿਹੀਆਂ ਹੋਰ ਜਥੇਬੰਦੀਆਂ, ਸੰਸਥਾਨ, ਇਹ ਸੰਵਾਦ ਸ਼ਾਇਦ ਰਚਾਉਣ ਵੀ, ਪਰ ਅਸੀਂ 'ਵਰਿਆਮ' ਦੇ ਕਾਲਮਾਂ ਵਿਚ ਅਜੇ ਬੇਵੱਸ ਹਾਂ। ਸਾਡਾ ਜਤਨ ਤਾਂ ਬਹੁਤ ਹੈ। ਇਸ ਪਾਸੇ ਲੱਗੇ ਹੋਏ ਹਾਂ ਕੋਈ ਨਾਂ ਕੋਈ ਸਿੱਟਾ ਤਾਂ ਨਿਕਲੇਗਾ, ਪਰ ਅਜੇ ਸਮਾਂ ਸਾਥ ਨਹੀਂ ਦੇ ਰਿਹਾ। ਪਰਚੇ ਨਾਲ ਸੰਬੰਧਤ ਹੋਰ ਵੀ ਬਹੁਤ ਸਾਰੇ ਮਸਲੇ ਹਨ। ਅਜੇ ਤਾਂ ਇਹ ਹਾਲਤ ਹੈ ਕਿ ਨਾ ਤਾਂ ਕਹਿ ਸਕਦੇ ਹਾਂ ਕਿ ਅੰਗੂਰ ਮਿੱਠੇ ਹਨ ਅਤੇ ਨਾ ਹੀ ਖੱਟੇ ਐਲਾਨ ਸਕਦੇ ਹਾਂ। ਇਕ ਛਾਲ ਵਿਚ ਉਹ ਮੂੰਹ ਦੇ ਕੋਲ ਹੁੰਦੇ ਹਨ ਤੇ ਫੇਰ ਅਸਮਾਨ ਵਿਚ। ਅੰਗੂਰ ਪ੍ਰਾਪਤ ਹੋਣਾ ਪ੍ਰਾਲਬਧ ਦੀ ਖੇਡ ਹੈ ਪਰ ਅਸੀਂ ਜਤਨ ਤਾਂ ਨਹੀਂ ਛਡਦੇ। ਜੀਅ ਤਾਂ ਬਹੁਤ ਕੁਝ ਕਰਨ ਨੂੰ ਕਰਦਾ ਹੈ, ਪਰ ਮਜਬੂਰੀ ਦਾ ਨਾਂਅ......ਅੰਗੂਰ ਹੈ।

## ਸ. ਬਰਜਿੰਦਰ ਸਿੰਘ ਰਾਜ ਸਭਾ ਵਿਚ

ਅਜੀਤ ਦੇ ਮੁਖ ਸੰਪਾਦਕ ਸ. ਬ ਜਿੰਦਰ ਸਿੰਘ ਹਮਦਰਦ ਭਾਰਤ ਦੀ ਰਾਜ ਸਭਾ ਵਾਸਤੇ ਬਿਨਾਂ ਮੁਕਾਬਲਾ ਚੁਣ ਲਏ ਗਏ ਹਨ। ਭਾਵੇਂ ਉਹ ਅਕਾਲੀ ਪਾਰਟੀ ਦੀ ਸਰਗਰਮ ਮਦਦ ਨਾਲ ਚੁਣੇ ਗਏ ਹਨ, ਪਰ ਇਸ ਗੱਲ ਦੀ ਤਸੱਲੀ ਹੋਈ ਕਿ ਉਹਨਾਂ ਨੇ ਆਜ਼ਾਦ ਮੈਂਬਰ ਵਜੋਂ ਹੀ ਆਪਣੇ ਕਾਗਜ਼ ਦਾਖਲ ਕੀਤੇ। ਸ. ਬਰਜਿੰਦਰ ਸਿੰਘ ਸਾਡੇ ਪੁਰਾਣੇ ਦੋਸਤ ਹਨ—ਉਦੋਂ ਦੇ ਜਦੋਂ ਉਹ ਵਿਦਿਆਰਥੀ ਹੁੰਦੇ ਸਨ। 'ਅਜੀਤ' ਅਖਬਾਰ ਤੋਂ ਆਜ਼ਾਦ ਹੋ ਕੇ ਉਹਨਾਂ 'ਦ੍ਰਿਸ਼ਟੀ' ਨਾਮ ਦਾ ਚਰਚਿਤ ਮਾਸਕ ਪੱਤਰ ਜਾਰੀ ਕੀਤਾ। ਪੰਜਾਬੀ ਟ੍ਰਿਬਿਊਨ ਦਾ ਪਰਚਾ ਚੰਡੀਗੜ੍ਹ ਤੋਂ ਸ਼ੁਰੂ ਹੋਣ ਤੇ ਉਨ੍ਹਾਂ ਨੂੰ ਇਸ ਦਾ ਪਹਿਲਾ ਸੰਪਾਦਕ ਚੁਣਿਆ ਗਿਆ ਅਤੇ ਉਹਨਾਂ ਇਸ ਪਰਚੇ ਨੂੰ ਸਫਲਤਾ-ਪੂਰਵਕ ਆਪਣੇ ਪੈਰਾਂ ਤੇ ਖੜ੍ਹਾ ਕੀਤਾ। ਆਪਣੇ ਪਿਤਾ ਸਵ: ਸ. ਸਾਧੂ ਸਿੰਘ ਹਮਦਰਦ ਹੋਰਾਂ ਦੀ ਬੇਵਕਤੀ ਮੌਤ ਪਿਛੋਂ ਉਹਨਾਂ ਅਜੀਤ ਟਰਸਟ ਦੀ ਬੇਨਤੀ ਪ੍ਰਵਾਨ ਕਰਦਿਆਂ ਅਜੀਤ ਦੀ ਸੰਪਾਦਕੀ ਦੀ ਵਾਗਡੋਰ ਸੰਭਾਲੀ। ਇਹ ਉਹ ਸਮਾਂ ਸੀ ਜਦੋਂ ਅਜੀਤ ਦੀ ਹੋਂਦ ਖਤਰੇ ਵਿਚ ਪੈ ਗਈ ਸੀ। ਬਰਜਿੰਦਰ ਸਿੰਘ ਨੇ ਆਪਣੀ ਕਰੜੀ ਮਿਹਨਤ, ਸੂਝ ਅਤੇ ਸਿਆਣਪ ਨਾਲ ਅਜੀਤ ਨੂੰ ਸੰਭਾਲਿਆ ਹੀ ਨਹੀਂ, ਸਗੋਂ ਪੰਜਾਬੀ ਪੱਤਰਕਾਰੀ ਵਿਚ ਨਵੀਆਂ ਪੈੜਾਂ ਪਾਉਂਦਿਆਂ ਅਜੀਤ ਨੂੰ ਗਿਣਤੀ ਪੱਖੋਂ ਭਾਰੀ ਉਛਾਲਾ ਦਿਤਾ ਅਤੇ ਹਿੰਦੀ 'ਅਜੀਤ ਸਮਾਚਾਰ' ਜਾਰੀ ਕਰਕੇ ਆਪਣੇ ਇਸ ਘੇਰੇ ਨੂੰ ਹੋਰ ਵੀ ਫੈਲਾ ਦਿਤਾ। ਉਹ ਆਪਣੀ ਗੱਲ ਅਜੀਤ ਦੇ ਮਾਧਿਅਮ ਰਾਹੀਂ ਦੂਰ-ਦਰਾਜ਼ ਤਕ ਅੱਗੇ ਹੀ ਪਹੁੰਚਾ ਸਕਦੇ ਹਨ। ਅਸੀਂ ਸਮਝਦੇ ਹਾਂ ਕਿ ਸ. ਬਰਜਿੰਦਰ ਸਿੰਘ ਰਾਜ ਸਭਾ ਵਿਚ ਪੰਜਾਬ ਦੇ ਮਸਲੇ, ਪੰਜਾਬੀ ਦੇ ਮਸਲੇ ਅਤੇ ਪੰਜਾਬੀ ਲੇਖਕਾਂ ਕਲਾਕਾਰਾਂ ਦੀ ਆਵਾਜ਼ ਨੂੰ ਜ਼ੋਰਦਾਰ ਢੰਗ ਨਾਲ ਉਠਾ ਸਕਣਗੇ। ਇਸ ਵਰਗ ਦੀਆਂ ਦਿਲੀ-ਭਾਵਨਾਵਾਂ ਦੇ ਨਾਲ ਹੀ ਅਸੀਂ ਸ. ਬਰਜਿੰਦਰ ਸਿੰਘ ਜੀ ਨੂੰ ਰਾਜ ਸਭਾ ਦੇ ਮੈਂਬਰ ਬਨਣ 'ਤੇ ਵਧਾਈ ਦਿੰਦੇ ਹੋਏ ਇਸ ਖੇਤਰ ਵਿਚ ਉਨ੍ਹਾਂ ਦੀ ਸਫ਼ਲਤਾ ਵਾਸਤੇ ਦੁਆ ਵੀ ਕਰਦੇ ਹਾਂ।

—ਜਗਦੀਸ਼ ਸਿੰਘ

---

ਸਰਫਾ ਸੀਸ ਦਾ ਸੂਰਮਾ ਕਰੇ ਜਿਹੜਾ, ਕਦੋਂ ਆਸ਼ਕਾਂ ਵਿਚ ਸ਼ੁਮਾਰ ਹੁੰਦੇ।
ਉਹ ਸੱਪ ਤੋਂ ਘੱਟ ਯਾਰ ਨਹੀਂ ਹੁੰਦਾ, ਜਿਹੜਾ ਆਦਮੀ ਮਤਲਬੀ ਯਾਰ ਹੁੰਦੇ।
ਪਦਵੀ ਦੱਸਾਂ ਕੀ ਦੋਗਲੇ ਆਦਮੀ ਦੀ, ਨਾ ਉਹ ਫੁੱਲ ਹੁੰਦੇ ਨਾ ਉਹ ਖਾਰ ਹੁੰਦੇ।
"ਸਫ਼ਰੀ" ਦੂੰਹ ਬੇੜੀ ਜਿਹੜਾ ਪੈਰ ਧਰਦੇ, ਨਾ ਉਹ ਆਰ ਹੁੰਦੇ ਨਾ ਪਾਰ ਹੁੰਦੇ।

—ਸੰਤੋਖ ਸਿੰਘ ਸਫ਼ਰੀ



Sri Satguru Jagjit Singh Ji eLibrary NamdhariElibrary@gmail.com

# ਕੁੰਦਨ ,ਦੀਆਂ ਕਵਿਤਾਵਾਂ

ਸਵ: ਸ. ਗੁਰਦਿਤ ਸਿੰਘ ਕੁੰਦਨ ਲੰਮਾ ਸਮਾਂ ਕਵੀ ਦਰਬਾਰਾਂ ਦੀਆਂ ਸ਼ਟੇਜ ਤੇ ਛਾਏ ਰਹੇ ਹਨ । ਆਪਣੇ ਹੀ ਅੰਦਾਜ਼ ਵਿਚ ਲਿਖੀਆਂ ਉਹਨਾਂ ਦੀਆਂ ਦੋ ਕਵਿਤਾਵਾਂ ਦਾ ਪਾਠਕ ਇਸ ਵਾਰ ਰਸ ਮਾਨਣਗੇ । ਪਹਿਲੀ ਕਵਿਤਾ ਸਤਿਗੁਰੂ ਰਾਮ ਸਿੰਘ ਬਾਰੇ ਹੈ।

## ਇਕ ਯੁਗ ਪਲਟਾਊ

ਮੈਂ ਮਸੱਵਰ ਹਾਂ, ਮੇਰਾ ਹਰ ਗੀਤ ਇਕ ਤਸਵੀਰ ਹੈ ।
ਖੂਨ ਦਿਲ ਦਾ ਰੰਗ ਜਿਸਦਾ, ਸੁਹਜ ਅੱਖ ਦਾ ਨੀਰ ਹੈ ।
ਨਿਤ ਮੈਂ ਸੁਪਨੇ ਉਲੀਕਾਂ, ਜ਼ਿੰਦਗੀ ਤੇ ਮੌਤ ਦੇ;
ਇਹ ਮੇਰੀ ਦੁਨੀਆ ਹੈ ਸਾਰੀ, ਇਹ ਮੇਰੀ ਜਾਗੀਰ ਹੈ ।

ਅੱਜ ਦੀ ਤਸਵੀਰ ਹੈ, ਤਾਰੀਖ ਦੇ ਉਸ ਬਾਬ ਦੀ ।
ਤੜਪ ਕੇ ਜਾਂ ਚੁਪ ਹੋ ਗਈ, ਰੂਹ ਸੀ ਪੰਜਾਬ ਦੀ ।
ਬੁਝ ਗਿਆ ਸੀ ਟਿਮਟਮਾਂਦਾ, ਹਿੰਦ ਦਾ ਅੰਤਮ ਚਰਾਗ਼ ।
ਹੋਰ ਗੂੜ੍ਹਾ ਹੋ ਗਿਆ ਸੀ, ਇਹਦੀ ਬਦਬਖ਼ਤੀ ਦਾ ਦਾਗ਼ ।
'ਰਾਵੀ' ਦੇ ਜੀਊਂਦੇ ਹੁਸਨ ਤੇ, ਟੁਟੀ ਸੀ ਬਿਜਲੀ ਕਹਿਰ ਦੀ।
ਮੌਤ ਦਾ ਮਾਤਮ ਸੀ ਕਰਦੀ, ਜ਼ਿੰਦਗੀ ਹਰ ਲਹਿਰ ਦੀ ।
ਸਹਿਮ ਗਈਆਂ ਸੀ ਬਹਾਰਾਂ, ਬੁਲਬੁਲਾਂ ਹੋਈਆਂ ਉਦਾਸ ।
ਆਣ ਕੀਤਾ ਸੀ 'ਹਜ਼ੂਰੀ ਬਾਗ' ਵਿਚ ਨਾਗਾਂ ਨੇ ਵਾਸ ।

ਜ਼ਹਿਰ ਵਿਚ ਡੁੱਬੀ ਹਵਾ,
ਬਣ ਫੁੱਲ ਅੰਗਿਆਰੇ ਗਏ ।
ਡੰਗ ਸੀ ਪੰਜਾਬੀਆਂ ਦੀ ਅਣਖ ਨੂੰ ਮਾਰੇ ਗਏ ।
ਜ਼ਿੰਦਗੀ ਲਈ ਓਸ ਵੇਲੇ ਮੁਸਕਰਾਣਾ ਪਾਪ ਸੀ ।
ਚਹਿਚਹਾਣਾ ਪਾਪ ਸੀ,
ਤੇ ਗੀਤ ਗਾਣਾ ਪਾਪ ਸੀ,
ਪੰਛੀਆਂ ਦਾ ਪਿੰਜਰੀਂ ਤਵ ਫੜ-ਫੜਾਣਾ ਪਾਪ ਸੀ ।

ਜਾਗ ਉੱਠੀ ਵੇਖ ਕੇ ਇਹ, ਇਕ ਅਨੋਖੀ ਆਤਮਾ ।
ਦਰਦ ਬਣਕੇ ਦਿਲ 'ਚ ਜਿਸ ਦੇ, ਵੱਸਿਆ ਪਰਮਾਤਮਾ ।
ਜ਼ਿੰਦਗੀ ਤੇ ਪੈ ਰਹੀ, ਜਾਂ ਮੌਤ ਵਰਗੀ ਸ਼ਾਮ ਸੀ ।
ਗੂੰਜਿਆ ਏਦਾਂ ਹਵਾ ਵਿਚ, ਓਸਦਾ ਪੈਗ਼ਾਮ ਸੀ—
''ਯੁੱਗ ਪਲਟਾਊਆਂ ਦੇ ਵਾਙੂ ਯੁੱਗ ਪਲਟਾਵਾਂਗਾ ਮੈਂ ।
ਲੋੜ ਪੈ ਗਈ ਤਾਂ ਚਟਾਨਾਂ ਨਾਲ ਟਕਰਾਵਾਂਗਾ ਮੈਂ ।
ਮੈਂ ਲਗਨ ਲਾਣੀ, ਗ਼ੁਲਾਮਾਂ ਨੂੰ ਵਤਨ ਦੇ ਇਸ਼ਕ ਦੀ :
ਇਸ਼ਕ ਨੂੰ ਤਲਵਾਰ ਤੇ, ਤੁਰਨਾ ਸਿਖਾ ਜਾਵਾਂਗਾ ਮੈਂ ।
ਸੰਤ ਦੇ ਹੀ ਰੂਪ ਵਿਚ, ਮੈਂ ਬੀਰ ਪੈਦਾ ਕਰਾਂਗਾ ।
ਹੰਝੂਆਂ ਵਿਚ ਅੱਗ ਦੀ, ਤਾਸੀਰ ਪੈਦਾ ਕਰਾਂਗਾ ।
ਜੁਗਨੂੰਆਂ ਤੋਂ ਬਣਨਗੇ, ਪਰਵਾਨਿਆਂ ਦੇ ਕਾਫ਼ਲੇ ।
ਮੌਤ ਲਭਦੇ ਫਿਰਨਗੇ, ਮਸਤਾਨਿਆਂ ਦੇ ਕਾਫਲੇ ।
ਇਹ ਗ਼ੁਲਾਮੀ ਦੀ ਖ਼ਮੋਸ਼ੀ, ਮੌਤ ਦੀ ਆਵਾਜ਼ ਹੈ ।
ਪੰਛੀਓ ! ਕਿਉਂ ਪਰਾਂ ਵਿਚ ਸਹਿਮੀ ਹੋਈ ਪ੍ਰਵਾਜ਼ ਹੈ ।
ਓ ਵਤਨ ਦੇ ਆਸ਼ਕੋ ! ਮਨਜ਼ਲ ਬੜੀ ਦੂਰਾਂ ਦੀ ਹੈ ।
ਹਰ ਕਦਮ ਤੇ ਸੂਲੀਆਂ, ਅੱਜ ਲੋੜ ਮਨਸੂਰਾਂ ਦੀ ਹੈ ।"

'ਕੂਕ' ਇਹ, ਰੂਹ-ਰਾਗਣੀ, ਗਈ ਪੱਥਰਾਂ ਨੂੰ ਚੀਰ ਸੀ ।
ਲੱਖਾਂ ਹੀ ਅੱਖਾਂ ਵਿਚ ਹੱਸੀ, ਦੇਸ ਦੀ ਤਕਦੀਰ ਸੀ ।
ਤੂਫਾਨ ਉੱਠੇ ਸੀ ਦਿਲੀਂ, ਰੂਹਾਂ 'ਚ ਪੈ ਗਏ ਛੇਕ ਸੀ ।
ਚੰਦ ਦੀ ਠੰਢਕ ਸੀ ਉਹ, ਸੈ ਸੂਰਜਾਂ ਦਾ ਸੇਕ ਸੀ ।
ਹੋ ਗਿਆ ਸੀ ਗ਼ਮ ਦਾ, ਗੂੜ੍ਹਾ ਅਨੇਰਾ ਚਾਨਣੀ ।
ਬੁਝੇ ਅਰਮਾਨਾਂ ਤੇ ਆ ਗਈ, ਜ਼ਿੰਦਗੀ ਦੀ ਚਾਨਣੀ ।
ਪਿੰਜਰੇ ਵਿਚ ਅਣਖ ਨੇ, ਸੁਣਕੇ ਲਈਆਂ ਅੰਗੜਾਈਆਂ ।
ਸੱਯਾਦ ਸੋਚੀਂ ਪੈ ਗਿਆ, ਤਕ ਬੁਲਬੁਲਾਂ ਮੁਸਕਾਈਆਂ ।
ਬੇ-ਮੁਹਾਰੀ ਨੱਚ ਉੱਠੀ, ਆਸ਼ਕਾਂ ਦੀ ਪ੍ਰੀਤ ਸੀ ।
ਕਤਲਗਾਹਾਂ ਵਿਚ ਇਉਂ ਗੂੰਜੇ ਵਤਨ ਦੇ ਗੀਤ ਸੀ ।
''ਵਤਨ ਦੀ ਮਿੱਟੀ ਦੀ ਪੂਜਾ, ਰੱਬ ਦੀ ਹੈ ਬੰਦਗੀ ।
ਵਤਨ ਖ਼ਾਤਰ ਮਰਕੇ ਮਿਟ ਜਾਣਾ ਹੈ ਅਸਲੀ ਜ਼ਿੰਦਗੀ ।
ਨੂਰ ਜਿੰਨਾ ਪੈ ਸਕੇ, ਓਨਾ ਹੀ ਪਾਵੋ ਜ਼ਾਲਮੋ !
ਜ਼ਿੰਦਗੀ ਦੇ ਦੀਪ ਇਹ ਬੇ-ਸ਼ੱਕ ਬੁਝਾਵੋ ਜ਼ਾਲਮੋ !
ਇਸ਼ਕ ਸੱਚੇ ਦੀ ਸ਼ਮ੍ਹਾਂ, ਬੇ-ਨੂਰ ਹੋ ਸਕਦੀ ਨਹੀਂ ।
ਮਸਤੀ ਵਤਨ ਦੇ ਪਿਆਰ ਦੀ, ਇਹ ਦੂਰ ਹੋ ਸਕਦੀ ਨਹੀਂ ।"

ਮਰਨ ਲਈ ਜਾਂ ਆ ਗਏ, ਮਰ-ਜੀਊੜੇ ਲੱਖਾਂ ਜਵਾਨ ।
ਦੁਸ਼ਮਣਾਂ ਨੂੰ ਦਿਸੇ, ਮਾਲਾ 'ਚੋਂ ਬਗ਼ਾਵਤ ਦੇ ਨਿਸ਼ਾਨ ।
ਬਿਜਲੀਆਂ ਤੋਂ ਵਧ ਕੇ, ਵੈਰਨ ਦਿਸੀ ਸਰਕਾਰ ਦੀ ।
ਉਹ ਮੁਸਕਰਾਹਟ ਬਾਗ਼ੀਆਂ ਦੇ "ਕਾਫ਼ਲਾ-ਸਾਲਾਰ" ਦੀ ।
ਅੰਤ 'ਉਹਦੀ ਇਸ ਤਰ੍ਹਾਂ ਸੀ, ਪ੍ਰੀਤ ਅਜ਼ਮਾਈ ਗਈ ।
ਰਾਮ ਦੇ ਬਨਵਾਸ ਦੀ, ਗੱਲ ਫੇਰ ਦੁਹਰਾਈ ਗਈ ।

ਓੜ ਕਾਲੀ ਕੰਬਲੀ, ਤੁਰ ਪਈ ਜਾਂ ਨਿਰਮਲ ਆਤਮਾ,
ਦੱਸਦੀ ਤਾਰੀਖ਼ ਰੋ ਰੋ, ਇਸ ਤਰ੍ਹਾਂ ਦਾ ਉਹ ਸਮਾਂ :
ਰੋਈ ਖੁਸ਼ੀ ਸੀ ਵਤਨ ਦੀ, ਤੇ ਰੋ ਪਏ ਆਸਾਂ ਦੇ ਗੀਤ ।



Sri Satguru Jagjit Singh Ji eLibrary NamdhariElibrary@gmail.com

ਰੋ ਪਿਆ ਫੁੱਲਾਂ ਦਾ ਹਾਸਾ, ਰੋ ਪਈ ਬੁਲਬੁਲ ਦੀ ਪ੍ਰੀਤ ।
ਰੋ ਪਏ ਪੰਛੀ, ਪੰਖੇਰੂ, ਰੋ ਪਈ ਵਗਦੀ ਹਵਾ ।
ਰੋ ਪਿਆ ਇਨਸਾਫ਼ ਫੁਟ ਫੁਟ, ਸਹਿਮ ਗਈ ਸਾਰੀ ਫ਼ਿਜ਼ਾ ।
ਵਸਦਿਆਂ ਨੈਣਾਂ ਦੇ ਹੰਝੂ, ਬਣ ਗਏ ਦਿਲ ਦੀ ਜ਼ਬਾਨ ।
ਗੂੰਜਿਆ ਇਕ ਵਾਰ ਸਾਰਾ, ਇਸ ਤਰ੍ਹਾਂ ਹਿੰਦੋਸਤਾਨ :
"ਜੀਉਣ ਦਾ ਰਾਹ ਦਸਿਆ,
ਤੂੰ ਮਰਨ ਦਾ ਰਾਹ ਦਸਿਆ ।
ਤੂੰ ਗ਼ੁਲਾਮਾਂ ਨੂੰ, ਬਗ਼ਾਵਤ ਕਰਨ ਦਾ ਰਾਹ ਦੱਸਿਆ ।
ਉਹ ਬਗ਼ਾਵਤ, ਹੈ ਇਬਾਦਤ, ਰੱਬ ਦੇ ਦਰਬਾਰ ਦੀ ।
ਲਗਣ ਜਿਸ ਦੇ ਵਿੱਚ ਹੈ ਆਪਣੇ ਵਤਨ ਦੇ ਪਿਆਰ ਦੀ ।
ਤੇਰਾ ਹਰ ਇਕ ਗੀਤ ਬਾਗ਼ੀ, ਬਾਗ਼ੀ ਹਰ ਇਕ ਸਾਜ਼ ਹੈ ।
ਬਾਗ਼ੀਆ ! ਤੇਰੀ ਬਗ਼ਾਵਤ ਤੇ ਵਤਨ ਨੂੰ ਨਾਜ਼ ਹੈ ।"

—★—

## ਲੰਘੇ ਇਸ ਦੁਨੀਆਂ ਦੇ ਪੱਤਣੋਂ

ਲੰਘੇ ਇਸ ਦੁਨੀਆ ਦੇ ਪੱਤਣੋਂ, ਲੱਖ ਸਮਿਆਂ ਦੇ ਪੂਰ
ਡੁੱਬ ਗਈਆਂ ਬੇਅੰਤ ਬੇੜੀਆਂ, ਚੱਪੂ ਹੋ ਗਏ ਚੂਰ
ਖਿੰਡ ਗਏ ਤੁਲੇ, ਤੀਲਿਆਂ ਵਾਂਗੂ, ਟੁਟੇ ਮਾਣ, ਗ਼ਰੂਰ
ਘੁੰਮਣ ਘੇਰਾਂ ਆਣ ਘੇਰਿਆ, ਰਹੇ ਕਿਨਾਰੇ ਦੂਰ
ਲਹਿਰਾਂ ਦੇ ਵਿਚ ਹੁਸਨ ਸੌਂ ਗਿਆ, ਇਸ਼ਕ ਹੋਇਆ ਮਜਬੂਰ
ਲੰਘੇ ਇਸ ਦੁਨੀਆ ਦੇ ਪੱਤਣੋਂ ਲੱਖ ਸਮਿਆਂ ਦੇ ਪੂਰ

ਇਸ ਪੱਤਣ ਤੇ ਰਹਿਣ ਆਉਂਦੀਆਂ, ਨਵੀਆਂ ਨਿਤ ਤਬਾਹੀਆਂ
ਬੁਲਬੁਲੇ ਬਣਕੇ ਡੁੱਬ ਮੋਇਆਂ ਦੀਆਂ ਕਬਰਾਂ ਦੇਣ ਗਵਾਹੀਆਂ
ਕਾਇਮ ਰੱਖੀ ਰੌਣਕ ਇਹਦੀ, ਆਉਂਦਿਆਂ ਜਾਂਦਿਆਂ ਰਾਹੀਆਂ
ਸਾਕੀ ਨਵੇਂ ਤੇ ਨਵੇਂ ਪਿਆਲੇ, ਨਵੀਆਂ ਨਿਤ ਸੁਰਾਹੀਆਂ
ਹੁਸਨ ਖਲੋਤਾ ਲੈਂਦਾ ਕਿਧਰੇ, ਮਿਤਰਾਂ ਦੀ ਕਨਸੋਅ
ਰਾਤ ਦੀ ਰਾਣੀ ਬਣੀ ਹੋਈ ਏ, ਜ਼ੁਲਫ਼ਾਂ ਦੀ ਖ਼ੁਸ਼ਬੋ
ਛੱਡ ਜਿਸਨੂੰ ਜ਼ਿੰਦਗੀ ਦੇ ਸਾਥੀ, ਤੁਰ ਗਏ ਪਰਲੇ ਪਾਰ
ਰੋਂਦੀ ਉਹ ਰੰਗੀਨ ਮੁਹੱਬਤ, ਆਹਾਂ ਭਰੇ ਪਿਆਰ
ਯੁਗਾਂ ਯੁਗਾਂ ਤੋਂ ਤੁਰਿਆ ਆਵੇ, ਇਸ ਦਾ ਇਹ ਦਸਤੂਰ
ਲੰਘੇ ਇਸ ਦੁਨੀਆ ਦੇ ਪੱਤਣੋਂ, ਲੱਖ ਸਮਿਆਂ ਦੇ ਪੂਰ
ਸੌਂ ਹੀਰਾਂ ਦੀ ਸੇਜੀਂ ਏਥੇ, ਰਾਂਝਣ ਭੁੱਲ ਗਏ ਰਾਹ
ਉਜੜੇ ਲੱਖਾਂ ਤਖ਼ਤ-ਹਜ਼ਾਰੇ, ਰੰਗਪੁਰ ਹੋਏ ਤਬਾਹ

'ਸੋਹਣੀ' ਵਾਂਗੂ ਜਿਨ੍ਹਾਂ ਦਾ ਹੈ, ਆਪਣਾ ਇਸ਼ਕ ਮਲਾਹ
ਠਿੱਲ੍ਹ ਪੈਣ ਉਹ ਕੱਚਿਆਂ ਉਤੇ, ਹੋ ਕੇ ਬੇ-ਪਰਵਾਹ
ਸ਼ਹੁ-ਦਰਿਆ ਵਿਚ ਡੁੱਬਿਆਂ ਦਾ ਹੀ, ਇਸ਼ਕ ਹੋਵੇ ਮਨਜ਼ੂਰ
ਲੰਘੇ ਇਸ ਦੁਨੀਆ ਦੇ ਪੱਤਣੋਂ, ਲੱਖ ਸਮਿਆਂ ਦੇ ਪੂਰ

ਲੱਖ ਵਹਿਣ ਸਮੇਂ ਨੇ ਬਦਲੇ, ਥਲ ਬਣ ਗਏ ਦਰਿਆ
ਮੌਤ ਦਾ ਨਗ਼ਮਾ ਬਣਕੇ ਰਹਿ ਗਈ, ਗੀਤਾਂ-ਭਰੀ ਫ਼ਿਜ਼ਾ
ਬ੍ਰਿਹੋਂ-ਸੜੀ 'ਸੱਸੀ' ਦੇ ਵਾਂਗੂ, ਸੜ ਬਲ ਗਈ ਹਵਾ
ਦਿੱਤਾ ਡਾਚੀ ਦੇ ਖੁਰਿਆਂ ਨੇ, ਸੂਰਜ ਸ਼ਰਮਾ ਨੂੰ
ਵਸਲ-ਪਿਆਸੇ ਲੱਖਾਂ ਜੋਬਨ, ਪਾਗ਼ਲ ਗਏ ਨੇ ਹੋ
ਧੂੜਾਂ ਦੇ ਵਿਚ ਰਲ ਗਈ ਰੋ ਰੋ, ਕਈ ਨੈਣਾਂ ਦੀ ਲੋ
ਕਈਆਂ ਏਥੇ ਬੇ-ਖ਼ੁਦ ਹੋ ਕੇ,ਗੀਤ ਅਜਿਹੇ ਗਾਵੇਂ
ਮੇਟ ਸਕੇ ਨਾ ਚਮਕ ਜਿਨ੍ਹਾਂ ਦੀ, ਸਦੀਆਂ ਦੇ ਪ੍ਰਛਾਵੇਂ
ਮਰਕੇ ਵੀ ਹੋ ਅਮਰ ਗਏ ਨੇ, ਕਈ ਸ਼ਮਸ਼ ਮਨਸੂਰ
ਲੰਘੇ ਇਸ ਦੁਨੀਆ ਦੇ ਪੱਤਣੋਂ, ਲੱਖ ਸਮਿਆਂ ਦੇ ਪੂਰ

ਅੱਜ ਇਸ ਰੰਗਲੇ ਪੱਤਣ ਉਤੇ, ਨਿੱਖਰ ਪਏ ਰੰਗ ਹੋਰ
ਨਵੀਆਂ ਸ਼ਮ੍ਹਾਂ, ਨਵੇਂ ਪਰਵਾਨੇ, ਨਵੇਂ ਹੀ ਚੰਨ ਚਕੋਰ
ਹੁੰਦੀਆਂ ਅਜ ਖ਼ੁਦਾ ਦੀ ਥਾਂ ਤੇ, ਨਾ-ਖ਼ੁਦਾ ਦੀਆਂ ਗੱਲਾਂ
ਸੋਚਾਂ ਦੇ ਵਿਚ ਡੁੱਬੀਆਂ ਲਹਿਰਾਂ, ਸਹਿਮੀਆਂ ਸਹਿਮੀਆਂ ਛੱਲਾਂ ।
ਤੂਫ਼ਾਨਾਂ ਨੂੰ ਖੇਡ ਜਾਣਦੇ, ਅਜ ਕਲ੍ਹ ਦੇ ਅਣ-ਤਾਰੂ
ਅਜ ਤਦਬੀਰਾਂ ਹੋ ਰਹੀਆਂ ਨੇ, ਤਕਦੀਰਾਂ ਤੇ ਭਾਰੂ
ਰਾਹੀਆਂ ਦੇ ਪੈਰਾਂ ਵਿਚ ਜਾਪੇ, ਹਰ ਮੰਜ਼ਿਲ ਦੀ ਦੂਰੀ
ਪੂਰੀ ਹੋਣ ਲਈ ਹੈ ਕਾਹਲੀ, ਹਰ ਇਕ ਆਸ ਅਧੂਰੀ
ਹੀਰੋਸ਼ਿਮਾਂ ਦੀ ਕਹਿਰ ਕਹਾਣੀ, ਨਹੀਂ ਦੁਹਰਾਈ ਜਾਣੀ
ਲੰਘ ਜਾਣ ਇਕ ਵਾਰ ਜੋ ਪੱਤਣੋਂ, ਉਹ ਨਾ ਮੁੜਦੇ ਪਾਣੀ
ਮੁਕਣੀ ਇਸਦੀ ਰਾਤ ਜਾਂ ਕਾਲੀ, ਉਹ ਦਿਨ ਨਹੀਂ ਹੁਣ ਦੂਰ
ਲੰਘੇ ਇਸ ਦੁਨੀਆ ਦੇ ਪੱਤਣੋਂ, ਲੱਖ ਸਮਿਆਂ ਦੇ ਪੂਰ ।

—★—

—ਪੁਸਤਕ ਨਵੇਂ ਪਤਣ (੧੯੫੯) ਵਿਚੋਂ


Sri Satguru Jagjit Singh Ji eLibrary NamdhariElibrary@gmail.com

# ਪੰਜਾਬ ਦੀ ਮਿੱਟੀ

—ਵਰਿਆਮ ਸਿੰਘ ਸੰਧੂ

ਬੱਦਲਵਾਈ ਵਾਲੇ ਖ਼ੁਸ਼ਗਵਾਰ ਮੌਸਮ ਵਿਚ ਹਰਭਜਨ ਦੀ ਕਾਰ ਸ਼ਿਕਾਗੋ ਨੂੰ ਜਾਂਦੀ ਸ਼ਾਹ-ਰਾਹ ਉਤੇ ਦੌੜੀ ਜਾ ਰਹੀ ਸੀ। ਗੱਲਾਂ ਦਾ ਸਿਲਸਿਲਾ ਟੁਟਿਆ ਤਾਂ ਉਸ ਨੇ ਸਟੇਅਰਿੰਗ ਤੋਂ ਹੱਥ ਚੁਕ ਕੇ ਭੁੱਜੇ ਹੋਏ ਕਾਜੂ ਦੇ ਪੈਕਟ ਮੈਨੂੰ ਫੜਾਏ। ਮਿਲਵਾਕੀ ਤੋਂ ਤੁਰਨ ਸਮੇਂ ਉਸਨੇ ਅਰਕ ਜਿੰਡੀਆਂ ਜੂਸ ਅਤੇ ਕੋਕ ਦੀਆਂ ਬੋਤਲਾਂ ਸਮੇਤ ਖਾਣ-ਪੀਣ ਦਾ ਕੁਝ ਸਮਾਨ ਵੀ ਕਾਰ ਵਿਚ ਰੱਖ ਲਿਆ ਸੀ।

ਪਿਛਲੀ ਸੀਟ ਉਤੇ ਬੈਠੇ ਜਗਦੀਸ਼ ਸਿੰਘ ਅਤੇ ਤਾਰਾ ਸਿੰਘ ਅਨਜਾਣ ਵੱਲ ਮੈਂ ਕਾਜੂ ਦੇ ਪੈਕਟ ਵਧਾਏ ਤਾਂ ਉਹਨਾਂ ਨੂੰ ਹੱਥ ਵਿਚ ਲੈਂਦਿਆਂ ਜਗਦੀਸ਼ ਸਿੰਘ ਨੇ ਪੁੱਛਿਆ, "ਮੂੰਗਫਲੀ ਐ!"

"ਪੈਸੇ ਆਪ ਖਰਚੇ ਹੋਣ ਤਾਂ ਮੂੰਗਫਲੀ ਵੀ ਕਾਜੂ ਲਗਦੀ ਆ, ਨਹੀਂ ਤਾਂ..."

ਤਾਰਾ ਸਿੰਘ ਅਨਜਾਣ ਨੇ ਮਿੱਠੀ ਟਕੋਰ ਕੀਤੀ ਤਾਂ ਸਾਰੇ ਹੱਸ ਪਏ।

"ਇਹ ਤਾਂ ਅਮਰੀਕਾ ਹੈ.. ਏਥੇ ਆ ਕੇ ਤਾਂ ਬੰਦਾ ਬੰਦੇ ਨੂੰ ਨਹੀਂ ਪਛਾਣਦਾ...ਇਹ ਤਾਂ ਵਿਚਾਰੇ ਕਾਜੂ ਨੇ..." ਵਗਦੀ ਵਿਚ ਮੈਂ ਵੀ ਆਪਣੀ ਵਾਹ ਲਾਈ।

ਨਿਊਯਾਰਕ ਤੋਂ ਪਹਿਲਾਂ ਤਾਂ ਗੁਰਚਰਨ ਦਾ ਫੋਨ ਆਇਆ ਸੀ ਕਿ ਜੇ ਤਾਂ ਉਸਨੂੰ ਕਿਸੇ ਦਾ ਸਾਥ ਮਿਲ ਗਿਆ ਤਾਂ ਉਹ ਕਾਰ 'ਤੇ ਮਿਲਵਾਕੀ ਪਹੁੰਚ ਜਾਵੇਗਾ ਤੇ ਅਸੀਂ ਘੁੰਮਦੇ-ਘੁੰਮਾਉਂਦੇ ਆਨੰਦ ਮਾਣਦੇ ਵਾਪਸ ਨਿਊਯਾਰਕ ਪਹੁੰਚ ਜਾਵਾਂਗੇ - ਪਰ ਫਿਰ ਉਸਨੇ ਅਖਿਆ ਕਿ ਸਾਥ ਮਿਲਦਾ ਨਹੀਂ ਜਾਪਦਾ...ਕਾਰ 'ਤੇ ਇਕ ਪਾਸੇ ਨੂੰ ਆਉਣ ਦਾ ਹੀ ਦੋ ਢਾਈ ਦਿਨ ਦਾ ਸਫਰ ਇਕੱਲੇ ਬੰਦੇ ਲਈ ਔਖਾ ਬਹੁਤ ਹੈ। ਉਂਝ ਜੇ ਮੈਂ ਚਾਹਾਂ ਤਾਂ...

"ਛੱਡੋ ਭਾ ਜੀ! ਤੁਸੀਂ ਫ਼ਿਕਰ ਕਿਉਂ ਕਰਦੇ ਓ... ਮੈਂ ਤੁਹਾਨੂੰ ਸ਼ਿਕਾਗੋ ਤੋਂ ਹਵਾਈ ਜਹਾਜ਼ 'ਤੇ ਚੜ੍ਹਾ ਦਿਆਂਗਾ।" ਹਰਭਜਨ ਨੇ ਮੈਨੂੰ ਦਿਲਾਸਾ ਦਿਤਾ। ਜਗਦੀਸ਼ ਸਿੰਘ ਦੇ ਮਾਮੇ ਦਾ ਪੁੱਤ ਵੀ ਨਿਊਯਾਰਕ ਰਹਿੰਦਾ ਹੈ, ਉਸ ਨੇ ਵੀ ਤਾਰਾ ਸਿੰਘ ਅਨਜਾਣ ਸਮੇਤ ਮੇਰੇ ਨਾਲ ਨਿਊਯਾਰਕ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੈਨੂੰ ਇਸ ਤੋਂ ਵਧ ਹੋਰ ਖੁਸ਼ੀ ਕੀ ਹੋ ਸਕਦੀ ਸੀ। ਹਰਭਜਨ ਸਿੰਘ ਨੇ ਸਾਡੀਆਂ ਟਿਕਟਾਂ ਖਰੀਦਕੇ ਸੀਟਾਂ ਬੁਕ ਕਰਵਾ ਦਿਤੀਆਂ ਸਨ। ਮਿਲਵਾਕੀ ਵਾਲੇ ਮੇਜ਼ਬਾਨਾਂ ਦੀ ਪ੍ਰਾਹੁਣਚਾਰੀ ਦੇ ਅਜੇ ਤਿੰਨ ਚਾਰ ਦਿਨ ਬਾਕੀ ਸਨ, ਪਰ ਅਸੀਂ ਭਰਿਆ ਮੇਲਾ ਛੱਡਣਾ ਹੀ ਬਿਹਤਰ ਸਮਝਿਆ।

ਸਵੇਰੇ ਤੁਰਨ ਤੋਂ ਪਹਿਲਾਂ ਮੈਂ ਇਕਲਵੰਜੇ ਕਰਕੇ ਹਰਭਜਨ ਨੂੰ ਟਿਕਟਾਂ ਦੇ ਪੈਸੇ ਪੁਛੇ ਤਾਂ ਉਹ ਕਹਿਣ ਲਗਾ, "ਭਾ ਜੀ! ਟਿਕਟਾਂ ਦੇ ਪੈਸੇ ਲੈਂਦਾ ਮੈਂ ਚੰਗਾ ਲਗਦਾਂ? ਤੁਹਾਡੇ ਮਿੱਤਰ ਕੀ ਆਖਣਗੇ।"

"ਮਿੱਤਰਾਂ ਨੇ ਤਾਂ ਮੈਨੂੰ ਪੈਸੇ ਦੇ ਵੀ ਦਿਤੇ ਨੇ...", ਭਾਵੇਂ ਮੈਂ ਝੂਠ ਹੀ ਕਹਿ ਰਿਹਾ ਸਾਂ, ਪਰ ਸਾਡੇ ਵਿਚ ਇਹ ਗੱਲ ਤੈਅ ਹੋ ਚੁਕੀ ਸੀ ਕਿ ਟਿਕਟਾਂ ਦੇ ਪੈਸੇ ਦੇਣੇ ਜ਼ਰੂਰ ਨੇ, ਪਿਛੋਂ ਉਹ 'ਲੈਣ-ਦੇਣ' ਕਰ ਲੈਣਗੇ ਮੇਰੇ ਨਾਲ।

ਪਰ ਹਰਭਜਨ ਆਪਣੀ ਮੁਹੱਬਤ ਭਰੀ ਜ਼ਿਦ 'ਤੇ ਅੜਿਆ ਹੋਇਆ ਸੀ।

"ਅਸਲ ਵਿਚ ਮੇਰੇ ਮਿੱਤਰ ਤੁਹਾਡੇ ਵਲੋਂ ਪਹਿਲਾਂ ਹੀ ਦਿਖਾਏ ਜਾ ਚੁਕੇ ਸਨੇਹ ਲਈ ਸ਼ੁਕਰਾਨੇ ਦੇ ਭਾਵਾਂ ਨਾਲ ਭਰੇ ਹੋਏ ਨੇ .. ਤੇ ਇਹ ਉਹਨਾਂ ਦੀ ਹੀ ਇੱਛਾ ਹੈ ਕਿ ਤੁਸੀਂ ਇਹ ਪੈਸੇ ਸਵੀਕਾਰ ਕਰ ਲਵੋ।"

ਮੈਂ ਜੇਬ ਵਿਚੋਂ ਪੈਸੇ ਕੱਢਦਿਆਂ ਉਹਦੇ ਹੱਥਾਂ ਵਿਚ ਜ਼ਬਰਦਸਤੀ ਫੜਾਉਣ ਦੀ ਕੋਸ਼ਿਸ਼ ਕੀਤੀ। ਉਸਨੇ ਹੱਥ ਪਿੱਛੇ ਖਿੱਚਦਿਆਂ ਹੱਸ ਕੇ ਆਖਿਆ, "ਕਿਤੇ ਆਪਣੇ ਕੋਲੋਂ ਹੀ ਤਾਂ ਨਹੀਂ ਦੇਈ ਜਾਂਦੇ!"

ਮੇਰੇ ਬਾਰ ਬਾਰ ਕਹਿਣ ਤੇ ਹੀ ਉਸ ਨੇ ਪੈਸੇ ਫੜੇ ਤੇ ਦੋ ਟਿਕਟਾਂ ਦੇ ਲਗਪਗ ਪੈਸੇ ਅੱਡ ਕਰਕੇ ਬਾਕੀ ਨੋਟ ਮੇਰੇ ਨਾਲੋਂ ਕਿਤੇ ਵਧ ਜ਼ੋਰ ਨਾਲ ਵਾਪਸ ਕਰਦਿਆਂ ਮੈਨੂੰ ਆਖਿਆ, "ਇਹ ਚੁਪ ਕਰਕੇ ਜੇਬ੍ਹ ਵਿਚ ਪਾ ਲਵੋ।"

ਚਾਹੁੰਦਿਆਂ ਹੋਇਆਂ ਵੀ ਮੈਂ ਉਸਨੂੰ ਆਪਣੀ ਟਿਕਟ 'ਤੇ ਖਰਚੇ ਪੈਸੇ ਰੱਖਣ ਲਈ ਨਾ ਕਹਿ ਸਕਿਆ। ਮੇਰੀ ਟਿਕਟ ਬਾਰੇ ਤਾਂ ਉਸ ਦਾ ਰਵੱਈਆ ਇਹ ਸੀ ਕਿ ਜਿਵੇਂ ਇਹ ਤਾਂ ਉਹਦੀ ਆਪਣੀ ਹੀ ਟਿਕਟ ਹੋਵੇ।

ਪਿਛਲੇ ਦਿਨਾਂ 'ਚ ਹਰਭਜਨ ਸਿੰਘ ਪਰਤ ਦਰ ਪਰਤ ਖੁੱਲ੍ਹਦਾ ਹੋਇਆ ਆਪਣੀ ਸ਼ਖਸੀਅਤ ਦੀਆਂ ਰੰਗਦਾਰ ਪਿੜੀਆਂ ਦੇ ਦੀਦਾਰ ਕਰਵਾ ਰਿਹਾ ਸੀ। ਹੁਣ ਵੀ ਤਿੰਨੇ ਜਣੇ ਡੂੰਘੀ ਵਿਚਾਰ-ਚਰਚਾ ਵਿਚ ਰੁਝੇ ਹੋਏ ਸਨ। ਗੱਲਬਾਤ



Sri Satguru Jagjit Singh Ji eLibrary NamdhariElibrary@gmail.com

ਦਾ ਕੇਂਦਰੀ ਨੁਕਤਾ ਮਿਲਵਾਕੀ ਕਾਨਫ਼ਰੰਸ ਵਿਚ ਉਠੇ 'ਨਾਮਧਾਰੀਆਂ' ਅਤੇ 'ਸਿੱਖ ਸਮਾਜ' ਨੂੰ ਨੇੜੇ ਨੇੜੇ ਲਿਆਉਣ ਦੇ ਮੁੱਦੇ ਨਾਲ ਸੰਬੰਧਿਤ ਸੀ ।

ਹਰਭਜਨ ਸਿੰਘ ਕਹਿ ਰਿਹਾ ਸੀ :

"ਵੇਖੋ ਜੀ ! ਜੇ ਤਾਂ ਸੱਚੀ ਏਕਤਾ ਕਰਨੀ ਹੋਵੇ ਤਾਂ ਇਹ ਇੰਞ ਤਾਂ ਹੋਣੀ ਨਹੀਂ ਕਿ ਇਕ ਧਿਰ ਇਹ ਆਖੀ ਜਾਵੇ ਕਿ ਮੈਂ ਤਾਂ ਠੀਕ ਹਾਂ ਹੀ ਅਤੇ ਦੂਜੀ ਧਿ ਮੇਰੇ ਅਨੁਸਾਰੀ ਹੋਕੇ ਚੱਲਣ ਲਗ ਪਵੇ ਤਾਂ ਏਕਤਾ ਹੋ ਜਾਵੇਗੀ। ਇੰਞ ਤਾਂ ਕਦੀ ਨਹੀਂ ਹੋ ਸਕਦੀ ਏਕਤਾ ...ਕਿਉਂਕਿ ਦੂਜੀ ਧਿਰ ਵੀ ਤਾਂ ਆਪਣੇ ਵਿਸ਼ਵਾਸ ਅਨੁਸਾਰ ਓਨੇ ਹੀ ਜ਼ੋਰ ਨਾਲ ਆਖੇਗੀ ਕਿ ਸਭ ਤੋਂ ਵਧ ਠੀਕ ਉਹ ਆਪ ਹੀ ਹੈ ।"

"ਫਿਰ ਹੋਣਾ ਕੀ ਚਾਹੀਦਾ ?" ਮੈਂ ਉਹਨਾਂ ਦੀ ਗੱਲਬਾਤ ਵਿਚ ਸ਼ਾਮਲ ਹੋਣਾ ਚਾਹਿਆ ।

ਹਰਭਜਨ ਸਿੰਘ ਨੇ ਬੜੇ ਹੀ ਪਤੇ ਦੀ ਗੱਲ ਆਖੀ, "ਸਭ ਤੋਂ ਪਹਿਲਾਂ ਤਾਂ ਸਾਰੀਆਂ ਧਿਰਾਂ ਨੂੰ ਮੰਨਣਾ ਪਵੇਗਾ ਕਿ ਸਾਡੇ ਵਿਚ ਵਿਸ਼ਵਾਸ ਦੇ ਪੱਧਰ 'ਤੇ ਕੁਝ ਫ਼ਰਕ ਜਾਂ ਮਤਭੇਦ ਮੌਜੂਦ ਨੇ। ਇਹਨਾਂ ਮਤਭੇਦਾਂ ਨੂੰ ਮੰਨਦਿਆਂ ਹੋਇਆਂ, ਇਕ ਦੂਜੇ ਨੂੰ ਨਿੰਦਣ ਦੀ ਥਾਂ ਇਕ ਦੂਜੇ ਨੂੰ ਹਮਦਰਦੀ ਨਾਲ ਸਮਝਣ ਦੀ ਕੋਸ਼ਿਸ਼ ਕਰਦਿਆਂ ਆਪਸੀ ਏਕੇ ਦੇ ਨੇਮ ਲੱਭਣੇ ਚਾਹੀਦੇ ਨੇ ।"

ਜਗਦੀਸ਼ ਸਿੰਘ ਨੇ 'ਏਕਤਾ' ਲਈ ਅਪਣਾਏ ਨਾਮਧਾਰੀ ਸਮਾਜ ਦੇ ਲਚਕਦਾਰ ਰਵੱਈਏ ਬਾਰੇ ਇਤਿਹਾਸਕ ਹਵਾਲਾ ਦਿਤਾ, "ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿੱਖਾਂ ਵਿਚ ਧਾਰਮਿਕ ਏਕਤਾ ਲਈ 'ਗੁਰੂ ਨਾਨਕ ਸਰਬ ਸੰਪਰਦਾਇ ਕਾਨਫ਼ਰੰਸ' ਕੀਤੀ ਤਾਂ 'ਸਿੱਖ ਆਗੂਆਂ' ਵਲੋਂ ਇਹ ਇਤਰਾਜ਼ ਉਠਾਇਆ ਗਿਆ ਕਿ ਨਾਮਧਾਰੀ ਤਾਂ ਦੇਹ-ਧਾਰੀ ਗੁਰੂ ਦੀ ਪਰੰਪਰਾ ਨੂੰ ਮੰਨਣ ਵਾਲੇ ਹਨ ਅਤੇ ਉਥੇ ਇਹਨਾਂ ਵਲੋਂ ਕੀਤੀ ਜਾਣ ਵਾਲੀ ਅਰਦਾਸ ਉਹਨਾਂ ਨੂੰ ਪ੍ਰਵਾਨ ਨਹੀਂ ਹੋਵੇਗੀ ਤਾਂ ਸਤਿਗੁਰੂ ਜੀ ਨੇ ਤੁਰਤ ਕਿਹਾ ਕਿ ਉਹ ਉਥੇ 'ਆਪਣੀ' ਅਰਦਾਸ ਨਹੀਂ ਕਰਨਗੇ ਤੇ 'ਸਿੱਖ ਸਮਾਜ' ਦੀ ਪ੍ਰਵਾਨਿਤ ਅਰਦਾਸ ਕੀਤੇ ਜਾਣ ਉਤੇ ਉਹਨਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ...ਪਰ ਸਾਰੇ ਇਕੱਠੇ ਜ਼ਰੂਰ ਹੋਣ ।"

"...ਪਰ ਬਾਬਾ ਜੀ", ਹਰਭਜਨ ਸਿੰਘ ਨੇ ਕਾਹਲੀ ਨਾਲ ਟੋਕਿਆ, "...ਇਕ ਧਿਰ ਲਚਕ ਵਿਖਾਵੇ ਤੇ ਦੂਜੀ ਜ਼ਿਦ ਤੇ ਅੜੀ ਰਹੇ ! ਕਿਉਂ ?.. ਏਕਤਾ ਸਮਾਗਮਾਂ ਉਤੇ 'ਅਰਦਾਸਾਂ' ਦਾ ਝਗੜਾ ਹੀ ਕਿਉਂ ਪਵੇ ? ...ਦੂਜੀ ਗੱਲ, ਉਥੇ ਅਰਦਾਸ ਕਰਨ ਦੀ ਥਾਂ ਸਾਰੀਆਂ ਧਿਰਾਂ ਆਪਣੇ ਘਰੋਂ ਹੀ ਆਪਣੀ ਆਪਣੀ ਅਰਦਾਸ ਕਰਕੇ ਕਿਉਂ ਨਾ ਜਾਣ ! ਕਾਨਫ਼ਰੰਸਾਂ ਜਾਂ ਸਮਾਗਮਾਂ ਉਤੇ ਤਾਂ ਕੇਵਲ ਏਕਤਾ ਦੇ ਮੁੱਦੇ ਹੀ ਵਿਚਾਰੇ ਜਾਣ . ਜ਼ਿਦਾਂ ਨਾ ਪੁਗਾਈਆਂ ਜਾਣ ।"

ਹਰਭਜਨ ਸਿੰਘ ਬੜੀ ਡੂੰਘੀ ਗੱਲ ਕਰ ਰਿਹਾ ਸੀ, ਪਰ ਜਿਥੇ ਆਪਣੇ ਵਿਸ਼ਵਾਸ ਦੀ ਜ਼ਿਦ ਪੁਗਾਉਣਾ ਹੀ ਮੂਲ-ਮੰਤਵ ਹੋਵੇ... ਉਥੇ ਏਕਤਾ ਕਿਥੋਂ !

ਸ਼ਿਕਾਗੋ ਸ਼ਹਿਰ ਦੀਆਂ ਉੱਚੀਆਂ ਇਮਾਰਤਾਂ ਸਾਡੀ ਨਜ਼ਰ ਦੇ ਘੇਰੇ ਵਿਚ ਆ ਵੜੀਆਂ ਤੇ ਕੁਝ ਹੀ ਮਿੰਟਾਂ ਵਿਚ ਕਾਰ ਸ਼ਹਿਰ ਵਿਚ ਦਾਖ਼ਲ ਹੋ ਗਈ ।

ਇਕ ਕਾਲੇ ਰੰਗ ਦੀ ਔਰਤ, ਜਿਸਨੇ ਜਿਸਮ ਨਾਲ ਚਿਪਕੇ ਨੀਲੇ ਲਿਸ਼ਕਦੇ ਰੰਗ ਦੇ ਚਮਕਦਾਰ ਕੱਪੜੇ ਪਾਏ ਹੋਏ ਸਨ ਫੁੱਟਪਾਥ 'ਤੇ ਮਟਕ ਨਾਲ ਤੁਰਦੀ ਆਸੇ-ਪਾਸੇ ਵੇਖਦੀ ਜਾ ਰਹੀ ਸੀ। ਫੁੱਟਪਾਥ 'ਤੇ ਕਿਤੇ ਕਿਤੇ ਹੀ ਕੋਈ ਬੰਦਾ ਤੁਰਦਾ ਦਿਖਾਈ ਦਿੰਦਾ ਹੈ ।

"ਇਹ ਲਿਸ਼ਕ ਪੁਸ਼ਕ ਕੇ ਇਕੱਲੀ ਕਿਧਰ ਠੁਮਕ ਠੁਮਕ ਤੁਰੀ ਜਾ ਰਹੀ ਹੈ ?"

ਮੈਂ ਜਾਨਣਾ ਚਾਹਿਆ ਤਾਂ ਹਰਭਜਨ ਨੇ ਦਸਿਆ, "ਤੁਹਾਨੂੰ ਇਹਦੇ ਰੰਗ ਢੰਗ ਨਹੀਂ ਦਿਸਦੇ ! ਗਾਹਕ ਲੱਭਦੀ ਫਿਰਦੀ ਐ...।"

"ਅੱਛਾ ! ਇਹ ਵੀ 'ਅਮਰੀਕਾ' ਹੀ ਹੈ...।"

"ਬੜੀ ਰੰਗ-ਬਰੰਗੀ ਹੈ ਜੀ ਅਮਰੀਕਾ ।"

ਅਮਰੀਕਾ ਦੇ ਉਹਨਾਂ ਰੰਗਾਂ ਵਿਚੋਂ ਮੁਹੱਬਤ ਦੇ ਰੰਗ ਵਿਚ ਰੰਗਿਆ ਹਰਭਜਨ ਜਦੋਂ ਸਾਨੂੰ ਸ਼ਿਕਾਗੋ ਏਅਰਪੋਰਟ ਤੋਂ ਅੰਦਰ ਲੰਘਾਉਣ ਤੋਂ ਪਹਿਲਾਂ ਜੱਫੀ ਪਾ ਕੇ ਮਿਲਿਆ ਤਾਂ 'ਬਾਹਰ' ਰਹਿ ਕੇ ਵੀ ਉਹ ਸਾਡੇ ਨਾਲ ਹੀ 'ਅੰਦਰ' ਤੁਰ ਆਇਆ। ਅਸੀਂ ਜਹਾਜ਼ ਵਿਚ ਬੈਠੇ ਵੀ ਉਹਦੀ ਸਖ਼ਾਵਤ, ਪਿਆਰ ਅਤੇ ਸਿਆਣਪ ਦੀਆਂ ਗੱਲਾਂ ਕਰਦੇ ਗਏ ।

ਦੋ-ਢਾਈ ਘੰਟੇ ਬਾਦ ਜਦੋਂ ਅਸੀਂ ਨਿਊਯਾਰਕ ਦੇ ਜੇ. ਐਫ. ਕੈਨੇਡੀ ਏਅਰਪੋਰਟ 'ਤੇ ਉਤਰੇ ਤਾਂ ਜਹਾਜ਼ ਤੋਂ ਬਾਹਰ ਨਿਕਲਦਿਆਂ ਹੀ 'ਜੀ ਆਇਆਂ' ਕਹਿਣ ਵਾਲੇ ਲੋਕਾਂ ਦੀ ਭੀੜ ਵਿਚ ਜਗਦੀਸ਼ ਸਿੰਘ ਦੇ ਮਾਮੇ ਦਾ ਪੁੱਤ ਸੁਰਜੀਤ ਸਿੰਘ ਖੜੋਤਾ ਸੀ । ਮੈਂ ਚਾਰ-ਚੁਫੇਰੇ ਨਜ਼ਰਾਂ ਘੁਮਾ ਕੇ ਵੇਖਿਆ, ਮੇਰਾ ਮੇਜ਼ਬਾਨ ਗੁਰਚਰਨ ਸਿੰਘ ਤਾਂ ਕਿਧਰੇ ਵੀ ਦਿਖਾਈ ਨਹੀਂ ਸੀ ਦਿੰਦਾ ।



Sri Satguru Jagjit Singh Ji eLibrary NamdhariElibrary@gmail.com

"...ਕੋਈ ਨਹੀਂ ਆ ਜਾਂਦਾ...ਸਮਾਨ ਤਾਂ ਲਈਏ", ਮੇਰੀ ਫਿਕਰਮੰਦੀ ਵੇਖ ਕੇ ਜਗਦੀਸ਼ ਸਿੰਘ ਨੇ ਆਖਿਆ। ਸਾਹਮਣੇ ਬੈਲਟ 'ਤੇ ਮੇਰਾ ਨੀਲੇ ਰੰਗ ਦਾ ਸੂਟਕੇਸ ਰਿੜ੍ਹਿਆ ਆ ਰਿਹਾ ਸੀ, ਉਸ ਨੂੰ ਉਤਾਰਕੇ ਮੈਂ ਆਪ ਏਅਰਪੋਰਟ ਤੋਂ ਬਾਹਰ ਆਕੇ ਗੁਰਚਰਨ ਨੂੰ ਦੇਖਣਾ ਚਾਹਿਆ। ਬਾਹਰਲੇ ਦਰਵਾਜ਼ੇ ਬੰਦੇ ਨੂੰ ਨਿਸ਼ਚਿਤ ਹੱਦ ਵਿਚ ਆਇਆ ਵੇਖ ਆਪ ਹੀ ਖੁਲ੍ਹ ਜਾਂਦੇ। ਬਾਹਰ ਜਾਕੇ ਮੈਂ ਚਾਰ-ਚੁਫੇਰੇ ਵੇਖਿਆ। ਗੁਰਚਰਨ ਕਿਧਰੇ ਵੀ ਨਹੀਂ ਸੀ। ਉਸ ਨਾਲ ਫੋਨ 'ਤੇ ਗੱਲ ਵੀ ਹੋਈ ਸੀ। ਪਤਾ ਤਾਂ ਸੀ ਉਸਨੂੰ! ਮੈਂ ਫਿਰ ਅੰਦਰ ਵਲ ਮੁੜਿਆ। ਐਤਕੀਂ ਮੈਨੂੰ 'ਵੇਖਕੇ' ਦਰਵਾਜ਼ਾ ਆਪਣੇ ਆਪ ਨਾ ਖੁਲ੍ਹਾ। ਮੈਂ ਵੇਖਿਆ ਉਸ 'ਤੇ ਬਾਹਰੋਂ 'ਨੋ ਐਂਟਰੀ' ਲਿਖਿਆ ਹੋਇਆ ਸੀ। ਮੈਂ ਛਿੱਥਾ ਹੋ ਕੇ ਦੂਜੇ ਦਰਵਾਜ਼ੇ ਵਲ ਮੁੜਿਆ। ਮੈਨੂੰ ਵੇਖਕੇ ਇਕ ਗੋਰਾ ਜੋੜਾ ਵਿਅੰਗ ਨਾਲ ਮੁਸਕਰਾਇਆ, ਜਿਵੇਂ ਕਹਿ ਰਿਹਾ ਹੋਵੇ, "ਮੂਰਖ! ਨੂੰ ਏਨਾ ਵੀ ਨਹੀਂ ਪਤਾ ਕਿ ਕਿਹੜੇ ਦਰਵਾਜ਼ਿਓਂ ਅੰਦਰ ਜਾਣਾ ਹੈ!"

ਸਮਾਨ ਲੈਕੇ ਬਾਹਰ ਆਏ ਪਰ ਗੁਰਚਰਨ ਨਦਾਰਦ! ਜਗਦੀਸ਼ ਸਿੰਘ ਹੁਰੀਂ ਕੋਲ ਖੜੋਤੇ ਸਨ, "...ਕੁਝ ਮਿੰਟ ਉਡੀਕ ਲੈਂਦੇ ਹਾਂ।"

"ਲਓ, ਗੁਰਚਰਨ ਵੀ ਆ ਗਿਆ!"

"ਭਾ ਜੀ, ਆ ਤਾਂ ਗਏ ਸਾਂ ਵੇਲੇ ਸਿਰ...ਪਾਰਕਿੰਗ ਲਈ ਛੇਤੀ ਥਾਂ ਨਹੀਂ ਮਿਲੀ। ਏਥੇ ਜਨਾਨੀ ਛੇਤੀ ਮਿਲ ਜਾਂਦੀ ਐ...ਪਰ ਗੱਡੀ ਪਾਰਕ ਕਰਨ ਲਈ ਥਾਂ ਛੇਤੀ ਨਹੀਂ ਲੱਭਦੀ!"

ਉਸ ਦੇ ਨਾਲ ਗੁਰਦੇਵ ਭਲਵਾਨ ਸੀ। ਉਹ ਦੋ ਗੱਡੀਆਂ ਲੈ ਕੇ ਆਏ ਸਨ। ਮੈਂ ਉਸ ਨੂੰ ਦਸਿਆ ਸੀ ਕਿ ਮੇਰੇ ਮਿੱਤਰ ਵੀ ਮੇਰੇ ਨਾਲ ਆ ਰਹੇ ਹਨ। ਹੁਣ ਉਹ ਸਾਰਿਆਂ ਦਾ ਮੇਜ਼ਬਾਨ ਬਣੀ ਖਲੋਤਾ ਸੀ। ਪਰ ਕੁਝ ਪਲਾਂ ਪਿਛੋਂ ਮੰਨ-ਮਨਾਈ ਨਾਲ ਅਸੀਂ ਆਪੋ ਆਪਣੇ ਮੇਜ਼ਬਾਨਾਂ ਨਾਲ ਤੁਰ ਪਏ।

ਨਿਊਯਾਰਕ ਦੇ ਪੰਜ ਬੋਰੋਜ਼ ਵਿਚੋਂ ਕੁਈਨਜ਼ ਵਿਚ ਰਹਿ ਰਹੇ ਸਨ ਇਕ ਅਪਾਰਟਮੈਂਟ ਵਿਚ ਨਰਬੀਰ ਤੇ ਗੁਰਸੇਵਕ ਹੋਰੀਂ—ਗੁਰਚਰਨ ਤੇ ਕਰਤਾਰ ਦੇ ਭਤੀਜੇ। ਘਰ ਪੁਜੇ ਤਾਂ ਸੁਆਗਤ ਲਈ ਨਰਬੀਰ ਦੀ ਸੱਜ-ਵਿਆਹੀ ਪਤਨੀ ਗੁਰਸ਼ਰਨ ਹਾਜ਼ਰ ਸੀ। ਥੋੜ੍ਹੀ ਦੇਰ ਬਾਦ ਗੁਰਸੇਵਕ ਵੀ ਆ ਗਿਆ। ਫਿਰ ਨਰਬੀਰ ਆਇਆ। ਗੋਡਿਆਂ ਨੂੰ ਹੱਥ ਲਾਕੇ ਘੁੱਟ ਕੇ ਜੱਫੀ ਪਾਕੇ ਮਿਲਿਆ। ਨਰਬੀਰ ਸਕੂਲ ਪੜ੍ਹਦੇ ਸਮੇਂ ਮੇਰਾ ਵਿਦਿਆਰਥੀ ਵੀ ਰਹਿ ਚੁਕਾ ਸੀ। ਨਿਹਾਇਤ ਸਾਊ, ਸ਼ਰੀਫ ਤੇ ਆਗਿਆਕਾਰੀ ਵਿਦਿਆਰਥੀ ਹੁੰਦਾ ਸੀ ਉਹ। ਥੋੜ੍ਹੀ ਦੇਰ ਬਾਅਦ ਅਵਤਾਰ ਲਾਲੀ ਤੇ ਸੁਰਜੀਤ ਵੀ ਆ ਗਏ। ਗੁਰਸ਼ਰਨ ਤੇ ਗੁਰਦੇਵ ਦੀ ਪਤਨੀ ਖਾਣਾ ਤਿਆਰ ਕਰ ਰਹੀਆਂ ਸਨ। ਆਈ. ਟੀ.ਵੀ. ਦੇ ਇੰਡੀਅਨ ਚੈਨਲ ਤੋਂ ਥੋੜ੍ਹੇ ਦਿਨਾਂ ਬਾਦ ਹੋਣ ਵਾਲੇ ਗੀਤ-ਸੰਗੀਤ ਪ੍ਰੋਗਰਾਮ ਦੀ ਇਸ਼ਤਿਹਾਰਬਾਜ਼ੀ ਹੋ ਰਹੀ ਸੀ। ਸੁੱਖੀ ਬਰਾੜ ਲੰਮੀ ਬਾਂਹ ਕਰਕੇ ਉੱਚੀ ਆਵਾਜ਼ ਵਿਚ ਗਾ ਰਹੀ ਸੀ –

"ਇਹਨੂੰ ਮੈਲੀ ਨਾ ਕਰਨਾ
ਮੇਰੇ ਪੰਜਾਬ ਦੀ ਮਿੱਟੀ ਹੈ..."

ਘਰ ਦਾ ਸਵਾਦੀ ਖਾਣਾ ਖਾ ਕੇ, ਗੱਲਾਂਬਾਤਾਂ ਨਾਲ ਰੱਜਕੇ ਜਦੋਂ ਮੈਂ ਸੌਣ ਲਈ ਉਸ ਨਿੱਕੇ ਕਮਰੇ ਵਿਚ ਵੜਿਆ ਜਿਥੇ ਗੁਰਚਰਨ ਨੇ ਮੇਰਾ ਸਮਾਨ ਰਖਵਾਇਆ ਸੀ, ਤਾਂ ਨਰਬੀਰ ਤੇ ਉਸਦੀ ਪਤਨੀ ਮੇਰੇ ਪਿੱਛੇ ਪਿੱਛੇ ਹੀ ਅੰਦਰ ਆ ਗਏ। ਨਰਬੀਰ ਨੇ ਮੇਰਾ ਸੂਟਕੇਸ ਚੁਕਿਆ ਤੇ ਮੈਨੂੰ ਕਹਿਣ ਲਗਾ ਕਿ ਮੈਂ ਉਠ ਕੇ ਉਸ ਨਾਲ ਦੂਜੇ ਕਮਰੇ ਵਿਚ ਆਵਾਂ। ਮੈਂ ਉਥੇ ਹੀ ਪਏ ਰਹਿਣ ਦੀ ਜ਼ਿਦ ਕੀਤੀ। ਫਲੈਟ ਵਿਚ ਦੋ ਵੱਡੇ ਕਮਰੇ ਸਨ। ਇਕ ਇਹ ਨਿੱਕਾ ਕਮਰਾ ਤੇ ਲਿਵਿੰਗ ਰੂਮ। ਇਕ ਵੱਡੇ ਕਮਰੇ ਵਿਚ ਗੁਰਸੇਵਕ ਪੈਂਦਾ ਸੀ ਤੇ ਇਕ ਵਿਚ ਨਰਬੀਰ ਹੋਰੀਂ। ਆਪਣੇ ਵਾਲੇ ਨਿੱਕੇ ਕਮਰੇ ਵਿਚ ਗੁਰਚਰਨ ਨੇ ਮੈਨੂੰ ਟਿਕਾ ਦਿਤਾ ਸੀ ਤੇ ਆਪ ਲਿਵਿੰਗ ਰੂਮ ਵਿਚ ਸੌਣ ਚਲਾ ਗਿਆ ਸੀ।

ਪਰ ਨਰਬੀਰ ਨੇ ਜ਼ਿਦ ਫੜੀ ਰੱਖੀ। ਉਹਦੇ ਮੋਹ ਦਾ ਮਾਣ ਰੱਖਣ ਲਈ ਮੈਂ ਉਸ ਨਾਲ ਉੱਠ ਕੇ ਤੁਰ ਪਿਆ। ਉਹਨਾਂ ਦਾ ਸਜਿਆ ਹੋਇਆ ਕਮਰਾ ਮੇਰੇ ਲਈ ਹਾਜ਼ਰ ਸੀ।

"ਚਾਚਾ ਜੀ! ਤੁਸੀਂ ਸਾਡੇ ਗੁਰੂ ਵੀ ਹੋ...ਪਿਓ ਵੀ...ਅਸੀਂ ਏਥੇ ਸੰਵੀਏ ਤੇ ਤੁਸੀਂ ਓਥੇ...ਇਹ ਕਿੱਦਾਂ ਹੋ ਸਕਦਾ। ...ਇਹ ਕਮਰਾ ਅੱਜ ਤੋਂ ਤੁਹਾਡਾ।"

ਮੈਂ ਉਸ ਨੂੰ ਪਿਆਰ ਨਾਲ ਗਲੇ ਲਾਇਆ ਤੇ ਫਿਰ ਉਸ ਸਜੇ ਹੋਏ ਕਮਰੇ ਵਿਚ ਚਾਰ-ਚੁਫੇਰੇ ਵੇਖਿਆ। ਮੁਹੱਬਤ ਦੀ ਮਹਿਕ ਚੁਤਰਫੀ ਖਿਲਰੀ ਹੋਈ ਸੀ।

ਅਗਲੀ ਸ਼ਾਮ ਜਦੋਂ ਨਰਬੀਰ ਕੰਮ 'ਤੇ ਗਿਆ ਹੋਇਆ ਸੀ ਤਾਂ ਮੈਂ ਫਿਰ ਨਿੱਕੇ ਕਮਰੇ ਵਿਚ ਸੌਣ ਦੀ ਜ਼ਿਦ ਕੀਤੀ, ਕਿਉਂਕਿ ਮੈਂ ਤਾਂ ਅਜੇ ਕੁਝ ਦਿਨ ਏਥੇ ਰਹਿਣਾ ਸੀ...ਤੇ ਇੰਞ ਉਹਨਾਂ ਨੂੰ ਅਸੁਵਿਧਾ ਹੋਵੇਗੀ। ਪਰ ਗੁਰਸ਼ਰਨ ਕਹਿ



Sri Satguru Jagjit Singh Ji eLibrary NamdhariElibrary@gmail.com

ਰਹੀ ਸੀ ਪੂਰੇ ਮੋਹ ਤੇ ਜ਼ਿਦ ਨਾਲ, "...ਉਹ ਕਹਿ ਗਏ ਸਨ ਕਿ ਚਾਚਾ ਜੀ ਉਸੇ ਹੀ ਕਮਰੇ ਵਿਚ ਸੌਣ... ਉਠੋ ਤੁਸੀਂ.. !"

ਸਵੇਰੇ ਜਦੋਂ ਮੈਂ ਕਾਫੀ ਦਿਨ ਚੜ੍ਹੇ ਉਠਿਆ ਤਾਂ ਨਰਬੀਰ ਮੇਰੇ ਲਈ ਸ਼ਕੰਜਵੀ ਦਾ ਗਿਲਾਸ ਲਈ ਅੰਦਰ ਵੜਿਆ। ਮਿੱਠੀ ਸ਼ਕੰਜਵੀ ਤੇ ਮਿੱਠਾ ਵਿਹਾਰ...ਮੈਂ ਨੱਕੋ-ਨੱਕ ਭਰਿਆ ਪਿਆ ਸਾਂ। ਗੁਰਚਰਨ, ਹਰਭਜਨ ਤੇ ਨਰਬੀਰ ਦੇ ਚਿਹਰੇ ਆਪਸ ਵਿਚ ਘੁਲਮਿਲ ਰਹੇ ਸਨ ..ਚਾਰੇ ਪਾਸੇ 'ਪੰਜਾਬ ਦੀ ਮਿੱਟੀ' ਦੀ ਖ਼ੁਸ਼ਬੋ ਸੀ।

# 'ਪਾਣੀ' ਉਤਰ ਰਿਹਾ ਹੈ

## ਲੱਤ ਅਤੇ ਮੱਤ

ਵਿਦੇਸ਼ਾਂ ਵਿਚ ਛਪਦੇ ਪੰਜਾਬੀ ਅਖ਼ਬਾਰਾਂ ਦਾ ਥੱਬਾ ਮੇਰੇ ਸਾਹਮਣੇ ਵੱਡੇ ਮੇਜ਼ ਤੇ ਪਿਆ ਹੋਇਆ ਸੀ। 'ਇੰਡੋ ਕੈਨੇਡੀਅਨ ਟਾਈਮਜ਼', 'ਹਮਦਰਦ', 'ਚੜ੍ਹਦੀ ਕਲਾ' ਤੇ 'ਅਜੀਤ'। ਭਾਰਤੀ ਪੰਜਾਬ ਦੀਆਂ ਅਖ਼ਬਾਰਾਂ ਦਾ ਚਰਬਾ ਛਾਪਣ ਵਾਲੇ, ਸਥਾਨਿਕ ਕਾਰੋਬਾਰੀ ਅਦਾਰਿਆਂ ਦੀਆਂ ਖ਼ਬਰਾਂ, ਤਸਵੀਰਾਂ ਸਮੇਤ ਇਸ਼ਤਿਹਾਰਬਾਜ਼ੀ ਕਰਨ ਵਾਲੇ।

ਅਖ਼ਬਾਰ ਫੋਲ਼ਦਿਆਂ ਮੇਰੇ ਸਾਹਮਣੇ ਪੂਰੇ ਸਫ਼ੇ ਦਾ ਇਸ਼ਤਿਹਾਰ ਸੀ। ਨਿਊਯਾਰਕ ਦੇ ਸਭ ਤੋਂ ਵੱਡੇ ਗੁਰਦਵਾਰੇ ਰਿਚਮੰਡ ਹਿੱਲ ਵਿਚ ੨੭ ਜੁਲਾਈ ਨੂੰ 'ਜਨਰਲ' ਲਾਭ ਸਿੰਘ ਉਰਫ਼ ਸੁੱਖਾ ਸਿਪਾਹੀ ਤੇ ਹੋਰ 'ਸ਼ਹੀਦਾਂ' ਦੀ ਯਾਦ ਵਿਚ ਖਾਲਿਸਤਾਨ ਕਮਾਂਡੋ ਫੋਰਸ ਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਵੱਲੋਂ ਇਕ ਸਮਾਗਮ ਕਰਵਾਇਆ ਜਾ ਰਿਹਾ ਸੀ। ਇਸ਼ਤਿਹਾਰ ਦੇ ਹੇਠਾਂ ਸੱਦਾ ਦੇਣ ਵਾਲਿਆਂ ਵਿਚ 'ਖਾਲਿਸਤਾਨ ਕਮਾਂਡੋ ਫੋਰਸ' ਦੇ ਮੁਖੀ ਪਰਮਜੀਤ ਸਿੰਘ ਪੰਜਵੜ ਦਾ ਨਾਮ ਦਰਜ ਸੀ। ਇਸ਼ਤਿਹਾਰ ਦੇ ਉਪਰਲੇ ਇਕ ਸਿਰੇ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਭਾਈ ਅਮਰੀਕ ਸਿੰਘ ਦੀਆਂ ਤਸਵੀਰਾਂ ਸਨ ਤੇ ਦੂਜੇ ਪਾਸੇ ਪ੍ਰਸਿੱਧ ਗਦਰੀ ਸੂਰਬੀਰਾਂ ਕਰਤਾਰ ਸਿੰਘ ਸਰਾਭਾ ਅਤੇ ਮੇਵਾ ਸਿੰਘ ਲੋਪੋਕੇ ਦੀਆਂ। 'ਸ਼ਹੀਦਾਂ' ਦੀ ਇਹ 'ਸਾਂਝ' ਮੈਨੂੰ ਅਜੀਬ ਲੱਗੀ। ਕੀ ਦੋਹਾਂ 'ਧਿਰਾਂ' ਦੇ ਵਿਸ਼ਵਾਸ ਤੇ ਨਿਸ਼ਾਨਾ ਇੱਕੋ ਜਿਹਾ ਹੀ ਸੀ ?

"ਆਪਾਂ ਇਹ ਸਮਾਗਮ ਵੇਖਣ ਚੱਲਣਾ ਹੈ" ਮੈਂ ਗੁਰਚਰਨ ਨੂੰ ਆਖਿਆ।

"ਕਿਉਂ ਭਲਾ।"

"ਮੈਂ ਚਾਹੁੰਦਾ ਹਾਂ ਕਿ ਆਪਣੀਆਂ ਅੱਖਾਂ ਨਾਲ ਵੇਖਾਂ ਤੇ ਕੰਨਾਂ ਨਾਲ ਸੁਣਾਂ ਅਤੇ ਜਾਣਾਂ ਕਿ ਇਥੋਂ ਦੇ ਲੋਕਾਂ ਵਿਚ 'ਖਾਲਿਸਤਾਨ' ਪ੍ਰਤੀ ਕਿੰਨਾ ਕੁ ਹੁੰਗਾਰਾ ਹੈ।..."

"ਖਾਲਿਸਤਾਨ ਦੇ ਪਾਣੀ ਉੱਤਰ ਗਏ ਨੇ ਭਾ ਜੀ !" ਕੋਲ ਬੈਠੇ ਗੁਰਚਰਨ ਦੇ ਦੋਸਤ ਲਾਲੀ ਨੇ ਕਿਹਾ, "ਸਭ ਆਪਣਾ ਤੋਰੀ ਫੁਲਕਾ ਚਲਾਈ ਰੱਖਣ ਦੇ ਬਹਾਨੇ ਨੇ। ਲਹਿਰ ਦੀ ਮਦਦ ਕਰਨ ਦੇ ਨਾਂ 'ਤੇ ਏਥੇ ਲੱਖਾਂ ਡਾਲਰ ਲੀਡਰ ਲੋਕ ਡਕਾਰ ਗਏ ਨੇ...ਆਪੋ ਆਪਣੇ ਵੱਡੇ ਵੱਡੇ ਕਾਰੋਬਾਰ ਚਲਾ ਕੇ ਠਾਠ ਨਾਲ ਰਹਿ ਰਹੇ ਨੇ...।"

ਲਾਲੀ ਭਰਿਆ ਪੀਤਾ ਬੈਠਾ ਸੀ।

"ਭਾ ਜੀ ! ਇਹ ਵੀ ਛੋਟਾ ਮੋਟਾ ਲੀਡਰ ਹੈਗਾ ਜੇ..." ਗੁਰਚਰਨ ਨੇ ਛੇੜਿਆ।

"ਖਾਲਿਸਤਾਨ ਤਾਂ ਖਾਣ ਦਾ ਬਹਾਨਾ ਬਣ ਗਿਐ ਜੀ ! ਉਂਜ ਮੈਂ ਤੁਹਾਨੂੰ ਸੱਚੀ ਗੱਲ ਦੱਸਾਂ !'। ਲਾਲੀ ਭੇਦ ਖੋਲ੍ਹਣ ਵਾਂਗ ਬੋਲਿਆ, "ਅੰਦਰੋਂ ਅੰਦਰੀ ਬਹੁਤੇ ਜਾਣ ਗਏ ਨੇ ਜਾਂ ਜਾਣ ਰਹੇ ਨੇ ਕਿ ਖਾਲਿਸਤਾਨ ਸਾਨੂੰ ਵਾਰਾ ਨਹੀਂ ਖਾਂਦਾ। ਖਾਲਿਸਤਾਨ ਦੀ ਮੰਗ ਕਰਨ ਵਾਲੇ ਤੇ ਉਹਨਾਂ ਨਾਲ ਜੁੜੇ ਬੰਦੇ ਵੀ ਅੰਦਰੋਂ ਖਾਲਿਸਤਾਨ ਨਹੀਂ ਚਾਹੁੰਦੇ...।"

"ਓਧਰ ਤਾਂ ਬਹੁਤ ਰੌਲਾ ਗੌਲਾ ਸੁਣਦੇ ਰਹੇ ਆਂ ਏਥੋਂ ਦਾ !"

"ਅਸਲ 'ਚ ਨਾ, ਭਾ ਜੀ ! ਪਹਿਲਾਂ ਪਹਿਲਾਂ ਇਕ ਤਾਂ ਪੀੜ ਸੱਚੀ ਸੀ—ਬਲੂ ਸਟਾਰ ਅਪ੍ਰੇਸ਼ਨ ਦੀ। ਲੱਗਦਾ ਸੀ ਸਾਡੇ ਨਾਲ ਧੱਕਾ ਕੀਤਾ ਗਿਐ। ..ਜ਼ਲੀਲ ਕੀਤਾ ਗਿਐ ਸਾਨੂੰ ਅਕਾਲ ਤਖ਼ਤ ਢਾਹ ਕੇ ਤੇ ਦਰਬਾਰ ਸਾਹਿਬ ਨੂੰ ਗੋਲੀਆਂ ਮਾਰ ਕੇ ਤੁਸੀਂ ਆਪ ਹੀ ਦੱਸੋ ਇਹ ਪੀੜ ਸੱਚੀ ਸੀ ਕਿ ਨਹੀਂ...?" ਲਾਲੀ ਮੇਰੀਆਂ ਅੱਖਾਂ 'ਚ ਅੱਖਾਂ ਗੱਡੀ ਬੈਠਾ ਸੀ।

"ਦੱਸੋ...??" ਉਹਨੇ ਜੂਸ ਦਾ ਘੁੱਟ ਭਰਨ ਲਈ ਗਲਾਸ ਚੁੱਕਿਆ ਤੇ ਮੈਂ ਬੀਤੇ ਸਾਲਾਂ ਵਿਚ ਤਿਲਕ ਗਿਆ।

...ਬਲੂ ਸਟਾਰ ਆਪ੍ਰੇਸ਼ਨ ਤੋਂ ਪਹਿਲਾਂ ਮੈਂ ਬੱਸਾਂ ਵਿਚੋਂ ਇਕ ਫਿਰਕੇ ਦੇ ਲੋਕਾਂ ਨੂੰ ਕੱਢ ਕੇ ਮਾਰੇ ਜਾਣ, ਲੰਗਰ ਹਾਲ 'ਤੇ ਲੱਗਦੇ ਦੀਵਾਨਾਂ ਵਿਚ ਉਗਲੇ ਜਾਂਦੇ ਫਿਰਕੂ ਜ਼ਹਿਰ ਕਾਰਨ, 'ਪੰਥ ਦੋਖੀਆਂ' ਦੀਆਂ ਮੌਤ ਦੀਆਂ ਪਰਚੀਆਂ ਕੱਢਣ ਤੇ ਸਮਗਲਰਾਂ ਅਤੇ ਗੁੰਡਿਆਂ ਦੇ ਇਹਨਾਂ ਦੀਵਾਨਾਂ ਵਿਚ ਢੁਕ ਢੁਕ ਕੇ ਬੈਠਣ ਤੋਂ ਬਹੁਤ ਦੁਖੀ ਸਾਂ. ਪਰ ਜਦੋਂ



Sri Satguru Jagjit Singh Ji eLibrary NamdhariElibrary@gmail.com

ਬਲੂ-ਸਟਾਰ ਅਪ੍ਰੇਸ਼ਨ ਹੋਇਆ ਤਾਂ ਕੰਨ ਲਾਕੇ ਬੀ.ਬੀ.ਸੀ. ਦੀਆਂ ਖ਼ਬਰਾਂ ਸੁਣਦਿਆਂ ਅਕਾਲ ਤਖ਼ਤ ਦੇ ਢਹਿਣ ਦਾ ਪਤਾ ਲੱਗਾ ਤਾਂ ਜਾਪਿਆ ਜਿਵੇਂ ਮੇਰੇ ਅੰਦਰੋਂ 'ਕੁਝ' ਢਹਿ ਗਿਆ ਹੋਵੇ। ਜਿਵੇਂ ਪਰਿਕਰਮਾਂ ਵਿਚ ਵੜੇ ਟੈਂਕ ਮੇਰੀ ਛਾਤੀ 'ਤੇ ਆ ਚੜ੍ਹੇ ਹੋਣ। ਮੈਂ ਤਾਂ ਬਿਲਕੁਲ ਧਾਰਮਿਕ ਨਹੀਂ ਸਾਂ, ਨਾਸਤਿਕ ਸਾਂ ਸਗੋਂ...ਪਰ ਇਹ ਧੁਰ ਅੰਦਰੋਂ ਕੀ 'ਹਿੱਲ' ਗਿਆ ਸੀ ਕਿ ਉਸਦਾ ਰੰਗ ਮੇਰੇ ਖ਼ੂਨ ਵਿਚ ਘੁਲਣਾ ਸ਼ੁਰੂ ਹੋ ਗਿਆ। ਮੈਂ 'ਸ਼ਕਤੀ' ਲੈਣ ਲਈ ਆਪਣੇ ਇਕ ਅਗਾਂਹ ਵਧੂ ਮਿੱਤਰ ਨੂੰ ਫ਼ੋਨ ਕੀਤਾ, "ਦਰਬਾਰ ਸਾਹਿਬ 'ਤੇ ਹਮਲੇ ਦੀ ਮਾਰਕਸੀ ਨੁਕਤੇ ਤੋਂ ਵਿਆਖਿਆ ਕਰ ..।"

"ਮਰ ਗਿਆ ਮਾਰਕਸ ..ਇਹ 'ਸਿੱਖਾਂ' ਨੂੰ ਦੱਗੁਲ ਕਰਨ ਲਈ ਲੋਹੇ ਦਾ ਸੁਹਾਗਾ ਫੇਰਿਆ ਹੈ...।"

ਇਹ ਮੇਰਾ ਦੋਸਤ ਵੀ 'ਸਿੱਖ' ਹੋ ਗਿਆ ਸੀ ?

ਮੈਂ ਦੁਬਿਧਾ ਵਿਚ ਲਟਕ ਰਿਹਾ ਸਾਂ ਕਿ ਪਤਾ ਲੱਗਾ ਕਰਫਿਊ ਚੁੱਕਿਆ ਗਿਆ ਹੈ। ਲੋਕ ਧਾਹ ਕੇ ਅੰਮ੍ਰਿਤਸਰ ਨੂੰ ਤੁਰ ਪਏ। ਮੈਂ ਵੀ ਪਤਨੀ ਤੇ ਬੱਚਿਆਂ ਨੂੰ ਲੈ ਕੇ ਸਭ ਕੁਝ ਵੇਖਣ ਲਈ ਅੰਮ੍ਰਿਤਸਰ ਪਹੁੰਚ ਗਿਆ। ਦਰਬਾਰ ਸਾਹਿਬ ਕੰਪਲੈਕਸ ਵਿਚ ਜਾਣ ਦੀ ਆਗਿਆ ਨਹੀਂ ਸੀ ਕਿਉਂਕਿ ਅਜੇ ਕਮਰਿਆਂ 'ਚੋਂ ਲਾਸ਼ਾਂ ਚੁੱਕੀਆਂ ਜਾ ਰਹੀਆਂ ਸਨ। ਪਰਿਕਰਮਾਂ 'ਚੋਂ ਖ਼ੂਨ ਧੋ ਕੇ ਟੁੱਟੇ ਥਾਵਾਂ ਦੀ ਮੁਰੰਮਤ ਕੀਤੀ ਜਾ ਰਹੀ ਸੀ। ਇਮਾਰਤਾਂ 'ਚ ਲੱਗੇ ਗੋਲੀਆਂ ਦੇ ਨਿਸ਼ਾਨ ਮਿਟਾਏ ਜਾ ਰਹੇ ਸਨ। ਅਸੀਂ ਸਿੱਖ ਰੈਫਰੈਂਸ ਲਾਇਬਰੇਰੀ ਵਾਲੇ ਪਾਸੇ ਜਾਣ ਲਈ ਅਕਾਲ ਤਖ਼ਤ ਦੇ ਪਿਛੇ ਲੱਗੇ ਮਲਬੇ ਦੇ ਢੇਰਾਂ ਉਤੋਂ ਗੁਜ਼ਰ ਰਹੇ ਸਾਂ ? ਕੀ ਏਥੇ ਹੀ ਸੀ ਉਹ ਮਾਈ ਸੇਵਾਂ ਦਾ ਬਾਜ਼ਰ ! . ਜਿਥੋਂ ਮੈਂ ਨਾਨਕ ਸਿੰਘ ਤੇ ਕੰਵਲ ਦੇ ਨਾਵਲ ਖਰੀਦ ਕੇ ਲਿਜਾਂਦਾ ਹੁੰਦਾ ਸਾਂ ..ਕੀ ਇਹਨਾਂ ਮਿੱਟੀ ਤੇ ਇੱਟਾਂ ਦੇ ਢੇਰਾਂ ਹੇਠਾਂ ਸੀ ਉਹ ਗੁਰੂਆਂ ਦੁਆਰਾ ਵਸਾਇਆ ਨਿੱਕਾ ਤੇ ਭੀੜਾ ਜਿਹਾ ਗੁਰੂ ਬਾਜ਼ਾਰ .. ਜਿਹੜਾ ਦਿਨ ਵੇਲੇ ਵੀ ਰੌਸ਼ਨੀਆਂ ਨਾਲ ਝੰਮ ਝੰਮ ਕਰਦਾ ਹੁੰਦਾ ਸੀ ਤੇ ਮੋਢੇ ਨਾਲ ਮੋਢਾ ਖਹਿੰਦਾ ਸੀ ਲੋਕਾਂ ਦਾ। ਸਿੱਖ ਰੈਫਰੈਂਸ ਲਾਇਬਰੇਰੀ ਦੇ ਪਿਛੇ ਇਕ ਤਿਮੰਜ਼ਲੀ ਇਮਾਰਤ 'ਤੇ ਚੜ੍ਹਕੇ ਜਦੋਂ ਸਾਹਮਣੇ ਝਾਤ ਮਾਰੀ ਤਾਂ ਦਰਬਾਰ ਸਾਹਿਬ ਉਦਾਸ ਖੜੋਤਾ ਨਜ਼ਰ ਆਇਆ। ਖੱਬੇ ਦੇਖਣ ਤੇ ਦਰਸ਼ਨੀ ਡਿਉੜ੍ਹੀ ਤੋਪ ਦੇ ਗੋਲਿਆਂ ਨਾਲ ਚੀਰੀ ਦਿਸੀ ਤੇ ਔਹ ਸੀ ਅਕਾਲ ਤਖ਼ਤ ? ਲੰਗਾਰ ਲੱਥੇ ਹੋਏ ..ਕੱਪੜੇ ਪਾੜ ਕੇ ਨੰਗਾ ਕੀਤਾ ਹੋਇਆ, ਜ਼ਖ਼ਮੀ ਤੇ ਲਹੂ ਲੁਹਾਨ...।

"ਲੈ ਕਹਿੰਦੀ ਸੈਂ...ਵੇਖਣ ਜਾਣਾ . ਵੇਖ ਲੈ 'ਆਪਣਾ' ਅਕਾਲ ਤਖ਼ਤ...।"

ਮੈਂ ਜਿਵੇਂ ਪਤਨੀ ਨੂੰ ਮਿਹਣਾ ਦੇ ਰਿਹਾ ਸਾਂ। ਇਹ ਮੈਨੂੰ ਕੀ ਹੋ ਗਿਆ ਸੀ ? ਮੇਰੇ ਬੋਲ ਤਾਂ ਰੁਆਂਸੇ ਹੋਏ ਸਨ। ਮੇਰਾ ਤਾਂ ਗੱਚ ਭਰ ਆਇਆ ਸੀ ! ਇਹ ਕੀ ਹੋ ਗਿਆ ਸੀ ਮੈਨੂੰ ..ਮੇਰਾ 'ਧਰਮ' ਨਾਲ ਕੀ ਵਾਸਤਾ !!.. ਮੈਂ ਤਾਂ ਨਾਸਤਿਕ ਸਾਂ . ਇਹ ਕਿਹੜੇ ਸੰਸਕਾਰ ਸਨ ਮੇਰੇ ਅੰਦਰ ਜੋ ਖੱਬਲ ਦੀਆਂ ਸੁੱਕੀਆਂ ਜੜ੍ਹਾਂ ਵਾਂਗ ਬੈਠੇ ਸਨ ਤੇ ਹੁਣ ਅਚਨਚੇਤ ਹਰੇ ਹੋ ਰਹੇ ਸਨ। ਮੈਨੂੰ ਲੱਗਾ ਮੇਰੇ ਪਿੰਡ ਦੇ ਬਜ਼ੁਰਗ ਢਾਡੀ ਨੱਥਾ ਤੇ ਅਬਦੁਲ ਨੂੰ, ਜਿਨਾਂ ਨੇ ਸਭ ਤੋਂ ਪਹਿਲੀ ਵਾਰ ਅਕਾਲ ਤਖ਼ਤ 'ਤੇ ਢਾਡੀ ਵਾਰਾਂ ਗਾਈਆਂ ਸਨ– ਧੱਕੇ ਮਾਰ ਕੇ ਸਟੇਜ ਤੋਂ ਹੇਠਾਂ ਸੁੱਟ ਦਿੱਤਾ ਸੀ ਤੇ ਉਹਨਾਂ ਦੇ ਸਾਜ਼ ਭੰਨ ਸੁੱਟੇ ਸਨ।

...ਮੈਂ ਆਪਣੇ ਅੰਦਰੋਂ ਬਾਹਰ ਨਿਕਲਿਆ ਤਾਂ ਲਾਲੀ ਆਖ ਰਿਹਾ ਸੀ, "ਉਦੋਂ ਵਾਕਿਆ ਹੀ ਬੜਾ ਜੋਸ਼ ਸੀ।.. ਦੂਜਾ ਸਾਨੂੰ ਏਥੇ ਬੈਠਿਆਂ ਨੂੰ ਉਥੋਂ ਦੀ ਅਸਲ ਸਚਾਈ ਦਾ ਪਤਾ ਨਹੀਂ ਲੱਗਦਾ। ਜਿਵੇਂ ਏਥੇ ਸਾਡੇ ਲੋਕਾਂ ਨੂੰ ਦੱਸਿਆ ਜਾਂਦਾ ਸੀ ਕਿ ਓਧਰ ਕੌਮ ਦਾ ਬੀਜ ਨਾਸ ਕੀਤਾ ਜਾ ਰਿਹੈ। ਪਿੰਡਾਂ 'ਚ ਕੋਈ ਜਵਾਨ ਮੁੰਡਾ ਜੰਞੇ ਚੜ੍ਹਨ ਜੋਗਾ ਨਹੀਂ ਬਚਿਆ।...ਲੋਕਾਂ ਨੂੰ ਤਾਅ ਚੜ੍ਹਨਾ ਕੁਦਰਤੀ ਸੀ।...ਉਦੋਂ ਲਹਿਰ ਦੀ ਮਦਦ ਲਈ ਪੈਸੇ ਵੀ ਇਕੱਠੇ ਹੋਏ। ਆਏ ਬੰਦਿਆਂ ਨੂੰ ਸਾਂਭਿਆ ਵੀ ਤੇ ਹੋਰ ਵੀ ਬੜਾ ਕੁਝ ਹੋਇਆ।"

ਗੱਲਾਂ ਕਰਦਿਆਂ ਲਾਲੀ ਇਕ ਪਲ ਲਈ ਰੁਕਿਆ ਤੇ ਹੱਥਾਂ ਵਿਚ ਫੜੇ ਫਾਰਮਾਂ ਦਾ ਰੁੱਗ ਮੇਜ਼ 'ਤੇ ਰਖਿਆ। ਹੇਠਾਂ ਤਕ ਲਾਪਰੀ ਹੋਈ ਦਾੜ੍ਹੀ ਉਪਰ ਹੱਥ ਫੇਰਿਆ। ਫਿਰ 'ਭੇਤ' ਵਾਲੀ ਗੱਲ ਦੱਸੀ।

"ਮੈਨੂੰ ਤਾਂ ਬੁੱਧ ਵਾਲਾ ਗਿਆਨ ਉਦੋਂ ਹੋਇਆ ਜੀ. ਜਦੋਂ ਮੈਂ ਪਿੰਡ ਵਿਆਹ ਕਰਾਉਣ ਗਿਆ। ਜਿਨ੍ਹਾਂ ਲਈ ਏਧਰ ਪੈਸੇ 'ਕੱਠੇ ਕਰਦੇ ਹੁੰਦੇ ਸਾਂ ਓਹੋ ਹੀ ਸਟੇਨਾਂ ਤਾਣ ਕੇ ਸਾਡੇ ਘਰ ਆ ਧਮਕੇ। ਪਿੰਡ ਵਿਚੋਂ ਵੀ ਕਿਸੇ ਦੀ ਸ਼ਰਾਰਤ ਸੀ। ਉਹਨਾਂ ਸੋਚਿਆ ਬਾਹਰਲੀ ਸਾਮੀ ਆਈ ਹੈ, ਇਹਨੂੰ ਮੁੱਛੋ। ਪਹਿਲਾਂ ਵੀ ਘਰ ਪੈਸਿਆਂ ਲਈ ਚਿੱਠੀ ਆਈ ਸੀ। ਉਦੋਂ ਵੀ ਜੁਗਰਾਜ ਤੂਫਾਨ ਨੂੰ ਆਖ ਕੇ ਬਚਾਅ ਹੋਇਆ ਸੀ। ਸਾਲ ਦੋ ਸਾਲ ਲੰਘ ਗਏ। ਹੁਣ ਵਿਆਹ 'ਤੇ ਆਏ ਤਾਂ ਆਖਣ ਲੱਗੇ, "ਅਸੀਂ ਗੱਡੀ ਲੈ ਕੇ ਜਾਣੀ ਹੈ।' ਕੁਦਰਤੀ ਉਸ ਵੇਲੇ ਕਾਰ ਘਰ ਨਹੀਂ ਸੀ। ਮੈਂ ਜਾਨ



Sri Satguru Jagjit Singh Ji eLibrary NamdhariElibrary@gmail.com

ਬਚਾਉਣ ਲਈ ਉਹਨਾਂ ਦੇ ਹੀ 'ਜਰਨੈਲ' ਦਾ ਨਾਂ ਲੈ ਕੇ ਟਰਪੱਲ ਮਾਰਿਆ, "ਗੱਡੀ ਤਾਂ 'ਕਾਸ਼ਤੀਵਾਲ' ਲੈ ਕੇ ਗਿਆ ਹੋਇਐ।" ਉਹਨਾਂ ਸਾਰੇ ਘਰ ਦੀ ਤਲਾਸ਼ੀ ਲਈ। ਪੱਤ ਪੱਤ ਫੋਲ ਮਾਰਿਆ। ਮੈਂ ਸੋਚਾਂ, "ਅਸੀਂ ਐਹਨਾਂ ਲਈ ਓਧਰ ਮਰ ਮਰ ਜਾਨੇ ਆਂ।" ਉਹ ਆਖੀ ਜਾਣ, "ਪੁੱਤ, ਜੇ ਝੂਠ ਨਿਕਲਿਆ ਤਾਂ ਸਾਰੀਆਂ ਗੋਲੀਆਂ ਤੇਰੀ ਪੁੜਪੁੜੀ 'ਚੋਂ ਨਿਕਲਣਗੀਆਂ...ਗੱਡੀ ਅਸੀਂ ਛੱਡਣੀ ਨਹੀਂ।"

"ਮੈਂ ਮਹਿਤੇ ਗਿਆ ਬਾਬੇ ਠਾਕਰ ਸੁੰਹ ਕੋਲ...ਉਹ ਮਿਲਿਆ ਨਾ। ਫਿਰ ਮੈਂ ਮਾਸੀ ਦੇ ਮੁੰਡੇ ਰਾਹੀਂ 'ਪੰਜ ਗਰਾਈਂ' ਨੂੰ ਮਿਲਿਆ ਤੇ ਦਸਿਆ ਕਿ ਪਿੰਡ ਦੀ ਸਿਆਸਤ ਦੇ ਅੜਿੱਕੇ ਚੜ੍ਹੇ, ਮੁੰਡੇ ਸਾਨੂੰ ਤੰਗ ਕਰਦੇ ਨੇ। ਪਰ ਉਹ ਤੀਜੇ ਚੌਥੇ ਦਿਨ ਫਿਰ ਆ ਗਏ। ਸਟੇਨਗੰਨ ਦੀ ਨਾਲੀ ਅੱਗੇ ਲਾ ਕੇ ਮੇਰੇ ਮੰਮੀ-ਡੈਡੀ ਨੂੰ ਲੈ ਗਏ। ਆਖਣ "ਵਿਆਹ ਦਾ ਸਾਰਾ ਸੋਨਾ ਤੇ ਦੋ ਲਖ ਰੁਪਈਆ ਧਰ ਜਾਓ...ਤੇ ਮੰਮੀ ਡੈਡੀ ਨੂੰ ਲੈ ਜਾਓ।"

ਤੇ ਅੰਤ ਉਪਰ ਲਾਲੀ ਨੇ ਤੋੜਾ ਝਾੜਿਆ, "ਭਾ ਜੀ, ਮੇਰੇ ਤਾਂ ਉਹਨਾਂ ਲੱਕ 'ਚ ਲੱਤ ਮਾਰੀ ਤੇ ਮੇਰਾ ਲੱਕ ਸਿੱਧਾ ਹੋ ਗਿਆ। ਲੱਤ ਨੇ ਮੈਨੂੰ ਮੱਤ ਦੇ ਦਿਤੀ। ਉਦੋਂ ਬਾਦ ਮੈਂ ਪਿੰਡ ਦੇ ਗੁਰਦੁਆਰੇ ਲਈ ਜਾਂ ਕਿਸੇ ਸਾਂਝੇ ਕੰਮ ਲਈ ਰੋਜ਼ ਦੇ ਦੋ ਡਾਲਰ ਵੱਖਰੇ ਰੱਖਦਾ ਹਾਂ, ਜੇ ਡਬਲ ਸ਼ਿਫਟ ਹੋਵੇ ਤਾਂ ਪੰਜ ਡਾਲਰ...ਪਰ ਮੈਂ ਮਨ ਵਿਚ ਸੋਚ ਲਿਆ ਕਿ ਇਹਨਾਂ ਵਾਸਤੇ ਫੁੱਟੀ ਕੌਡੀ ਨਹੀਂ ਕੱਢਣੀ।"

ਲਾਲੀ ਵਲੋਂ 'ਬਲਿਯੂ ਸਟਾਰ ਅਪ੍ਰੇਸ਼ਨ' ਦੀ ਸੱਚੀ ਪੀੜ ਤੋਂ ਤੁਰ ਕੇ ਹੁਣ ਤਕ ਦੇ ਸੱਚੇ ਅਨੁਭਵ ਦੀ ਸੁਣਾਈ ਕਹਾਣੀ ਤੋਂ ਮੈਨੂੰ ਲੈਨਿਨ ਦੇ ਹਵਾਲੇ ਨਾਲ ਕਿਧਰੇ ਛਪੀਆਂ ਕੁਝ ਸਤਰਾਂ ਯਾਦ ਆ ਗਈਆਂ। ਲੈਨਿਨ ਨੇ ਲਿਖਿਆ ਸੀ—ਸੌ ਬਾਲਸ਼ਵਿਕ ਪਿੱਛੇ ਸੱਚਾ ਤੇ ਅਸਲ ਬਾਲਸ਼ਵਿਕ ਤਾਂ ਇਕ ਹੀ ਹੁੰਦਾ ਹੈ; ਬਾਕੀ ੯੯ ਵਿਚੋਂ ੬੬ ਮੂਰਖ ਤੇ ੩੩ ਗੁੰਡੇ ਹੁੰਦੇ ਹਨ, ਪਰ ਅਖਵਾਉਂਦੇ ਸੌ ਦੇ ਸੌ ਹੀ ਬਾਲਸ਼ਵਿਕ ਨੇ।

ਉਸਦੀ ਇਹ ਗੱਲ ਕਿੰਨੀ ਠੀਕ ਸੀ! ਅਸਲ ਵਿਚ ਕਿਸੇ ਵੀ ਲਹਿਰ ਦੇ ਚੜ੍ਹਾਅ ਵੇਲੇ ਬਹੁਤੀ ਗਿਣਤੀ ਤਾਂ ਮੂਰਖ ਤੇ ਬੇਸਮਝ ਲੋਕਾਂ ਦੀ ਅਜਿਹੀ ਹੀ ਹੁੰਦੀ ਹੈ ਜੋ ਵਗਦੇ ਵਹਿਣ ਨਾਲ ਬਿਨਾਂ ਸੋਚੇ ਸਮਝੇ ਹੀ ਤੁਰ ਪੈਂਦੇ ਨੇ। ਕੁਝ ਗੁੰਡੇ ਤੇ ਬਦਮਾਸ਼ ਲੋਕ ਲਹਿਰ ਦੀ ਚੜ੍ਹਤ ਦਾ ਲਾਭ ਲੈਣ ਲਈ ਉਸਦੀਆਂ ਸਫਾਂ ਵਿਚ ਘੁਸ ਕੇ ਪਹਿਲੀਆਂ ਪੁਜ਼ੀਸ਼ਨਾਂ ਤੇ ਜਾ ਪੁਜਦੇ ਹਨ। ਇੰਝ ਲਹਿਰ ਦੀ ਇਕ ਛੀ ਸਦੀ ਸੱਚਾਈ ਤੇ ਚੰਗਿਆਈ ਵੀ ਮੂਰਖਤਾ ਸ਼ਾਤਰਤਾ ਤੇ ਗੁੰਡਾਗਰਦੀ ਦੁਆਰਾ ਨਿਗਲ ਲਈ ਜਾਂਦੀ ਹੈ। ਕੀ ਇਸ ਲਹਿਰ ਨਾਲ ਵੀ ਇਸ ਤਰ੍ਹਾਂ ਹੀ ਤਾਂ ਨਹੀਂ ਸੀ ਹੋਇਆ?

"ਆਪਾਂ ਜਾਵਾਂਗੇ ਗੁਰਦਵਾਰੇ ਉਸ ਦਿਨ...ਉਥੇ ਕੁਝ ਮੈਂਬਰ ਵੀ ਬਨਾਉਣੇ ਨੇ.. ਨਾਲੇ ਤੁਸੀਂ ਰੌਣਕ ਮੇਲਾ ਵੇਖ ਲਿਓ।" ਲਾਲੀ ਨੇ ਮੇਜ਼ 'ਤੇ ਪਏ ਮੈਂਬਰਸ਼ਿਪ ਵਾਲੇ ਫਾਰਮ ਚੁਕੇ।

"...ਚੰਗਾ ਭਾ ਜੀ, ਕੁਝ ਹੱਲਾ ਮਾਰੀਏ।" ਉਹ ਉਠਣਾ ਚਾਹ ਰਿਹਾ ਸੀ। ਰਿਚਮੰਡ ਹਿੱਲ ਗੁਰਦਵਾਰੇ ਦੇ ਪ੍ਰਬੰਧ ਲਈ ਕਮੇਟੀ ਦੀ ਚੋਣ ਹੋਣ ਵਾਲੀ ਸੀ। ਗੁਰਦਵਾਰੇ 'ਤੇ ਕਬਜ਼ੇ ਲਈ ਲੁਬਾਣਿਆਂ ਅਤੇ ਜੱਟਾਂ ਵਿਚ ਕਸ਼ਮਕਸ਼ ਚੱਲ ਰਹੀ ਸੀ।

"ਸਾਨੂੰ ਤਾਂ ਜੀ ਲੁਬਾਣਿਆਂ ਨੇ ਦਾੜ੍ਹੀ ਰੱਖਣ ਦਾ ਨੇਮ ਬਣਾ ਕੇ ਆਊਟ ਕਰ ਦਿਤਾ ਸੀ...ਅਖੇ ਜੀਹਦੀ ਦਾੜ੍ਹੀ ਕੱਟੀ ਐ ਉਹ ਵੋਟਰ ਨਹੀਂ ਬਣ ਸਕਦਾ.. ਤੇ ਇੰਝ ਗੁਰਦਵਾਰੇ ਤੇ ਕਬਜ਼ਾ ਕਰਕੇ ਬੈਠ ਗਏ।"

"ਐਤਕੀਂ ਕੀ ਬਣੂੰ ਫਿਰ?" ਮੈਂ ਉਹਦੀ ਕੱਟੀ ਹੋਈ ਦਾੜ੍ਹੀ ਵਲ ਇਸ਼ਾਰਾ ਕੀਤਾ।

ਉਹ ਹੱਸ ਪਿਆ, "ਕੰਮ ਤਾਂ ਔਖੈ...ਪਰ ਦਾੜ੍ਹੀ ਵਧਾ ਰਹੇ ਆਂ...ਮਹੀਨੇ ਕੁ ਤੱਕ ਦਿਸਣ ਵਿਖਾਉਣ ਜੋਗੀ ਹੋ ਜੂ...ਸਾਡਾ ਲੀਡਰ ਆਂਹਦੈ.. ਮਰ ਤਾਂ ਨਹੀਂ ਚੱਲੇ ਮਹੀਨੇ 'ਚ...ਜੇ ਇਕ ਮਹੀਨਾ ਦਾੜ੍ਹੀ ਰੱਖ ਲਵੋਗੇ ਤਾਂ...ਵੋਟਾਂ ਪੈਂਦੇ ਸਾਰ ਮੁੰਨਾ ਲਿਓ।"

ਲਾਲੀ ਦੀ ਗੱਲ ਹਾਸੇ ਵਿਚ ਨਹੀਂ ਗਵਾਚੀ, ਸਗੋਂ ਇਸਦੀ ਤੰਦ ਹਰਬੰਸ ਸਿੰਘ ਢਿਲੋਂ ਨੇ ਫੜ ਲਈ, "ਇਕ ਤਾਂ ਜੀ ਹੰਨੇ, ਹੰਨੇ, ਅਮੀਰੀ...ਬੇਇਤਫਾਕੀ ਬਹੁਤ ਹੋ ਗਈ ਇਹਨਾਂ ਲੋਕਾਂ 'ਚ...ਲੜਾਈਆਂ ਵੀ ਹੋਈਆਂ ਬੰਦੇ ਵੀ ਮਰੇ...ਦੋ ਸੇਖੋਂ ਦੇ ਇਕ ਪੰਜਵੜ ਦਾ ਮਰਿਆ...ਪੈਸਾ ਵੀ ਬੜਾ ਬਰਬਾਦ ਹੋਇਆ। ਪੰਜਤਾਲੀ ਹਜ਼ਾਰ ਡਾਲਰ ਤਾਂ ਪੰਜਵੜ ਨੂੰ ਪਾਕਿਸਤਾਨ ਪੁਚਾਉਣ ਦਾ ਹੀ ਲੱਗਾ ਸੁਣਿਐਂ। ਪਾਕਿਸਤਾਨ ਵਿਚ ਜਿੰਨਾ ਪੈਸਾ ਬਰਬਾਦ ਹੋਇਆ ਦਸ ਕਾਲਜ ਚਲ ਸਕਦੇ ਸਨ ਉਸ ਪੈਸੇ ਨਾਲ। ...ਹੋਰ ਸੁਣੋ—ਏਥੋਂ ਫੈਡਰੇਸ਼ਨ ਦੇ ਪ੍ਰਤੀਨਿਧ ਹੱਥ ਇਕ ਲੱਖ ਤੇਈ ਹਜ਼ਾਰ ਡਾਲਰ ਪੰਜਵੜ ਗਰੁਪ ਨੂੰ ਪਾਕਿਸਤਾਨ ਭੇਜੇ ਗਏ, ਪਰ ਦਿਤੇ ਗਏ



Sri Satguru Jagjit Singh Ji eLibrary NamdhariElibrary@gmail.com

ਉਹਨਾਂ ਨੂੰ ਸਿਰਫ ਤੇਈ ਸੌ ਡਾਲਰ...ਇੰਝ ਬਣਨਾ ਕੀ ਸੀ ਇਹਨਾਂ ਦਾ...ਉਂਝ ਵੀ ਇਹਨਾਂ ਅੱਤ ਚੁਕ ਲਈ ਸੀ।"

"...ਮੈਂ ਵੀ ਪੰਜਾਬ ਵਿਆਹ ਤੇ ਗਿਆ। ਜਾਂਦਿਆਂ ਹੀ ਮੈਨੂੰ ਦਸ ਲੱਖ ਦੀ ਚਿੱਠੀ ਆ ਗਈ। ਮੇਰਾ ਪਿਓ ਮੈਨੂੰ ਕਹਿੰਦਾ—ਚਲਾ ਜਾ ਅਮਰੀਕਾ ਬਚ ਕੇ। ਮੇਰੇ ਚਾਚੇ ਹੁਰੀਂ ਤਾਂ ਡਰਦੇ ਜਲੰਧਰ ਆ ਗਏ, ਪਰ ਮੈਂ ਪਿੰਡ ਹੀ ਰਿਹਾ। ਮੈਂ ਆਖਿਆ, "ਮੈਂ ਨਹੀਂ ਜਾਂਦਾ।" ਮੈਂ ਸਪੀਕਰ 'ਚ ਅਖਵਾ ਦਿਤਾ ਕਿ—ਦਸ ਵਜੇ ਤੋਂ ਪਿੱਛੋਂ ਸਾਡੇ ਘਰ ਦੇ ਕੋਲੋਂ ਦੀ ਕੋਈ ਨਾ ਲੰਘੇ। ਜੇ ਕੋਈ ਲੰਘਿਆ ਤੇ ਉਹਨੂੰ ਗੋਲੀ ਲਗ ਗਈ ਤਾਂ ਮੈਂ ਜ਼ਿੰਮੇਵਾਰ ਨਹੀਂ। ਮੈਂ ਚਾਰ ਬੰਦੇ ਹਥਿਆਰ ਦੇ ਕੇ ਮਕਾਨ ਦੀਆਂ ਚਹੁੰ ਨੁੱਕਰਾਂ ਤੇ ਖੜੇ ਕਰ ਦਿਤੇ ਤੇ ਸਪੀਕਰ ਵਿਚ ਆਵਾਜ਼ ਦੇ ਦਿਤੀ, "ਆ ਜਾਵੇ ਜਿਹੜਾ ਮਾਈ ਦਾ ਲਾਲ...ਦਸ ਲੱਖ ਲੈਣਾ ਚਾਹੁੰਦੈ।" ਆਉਣਾ ਕਿਹਨੇ ਸੀ ਫੇਰ। ਇਹਨਾਂ ਤਾਂ ਗੰਦ ਪਾ ਤਾ... ਬਣਨਾ ਕੀ ਸੀ ਇਹਨਾਂ ਦਾ। ਆਪਣੇ ਪਰਾਏ ਦੀ, ਦੁਸ਼ਮਣ ਹਮਦਰਦ ਦੀ ਤਮੀਜ਼ ਹੀ ਕੋਈ ਨਾ ਰੱਖੀ...ਲੁੱਟਾਂ ਤੇ ਕਤਲ ਹੀ ਨਿਸ਼ਾਨਾ ਬਣਾ ਲਿਆ।"

ਢਿਲੋਂ ਨੇ ਸੱਚ ਦਾ ਇਕ ਹੋਰ ਰੂਪ ਰੋਸ਼ਨ ਕਰਦਿਆਂ ਹੋਇਆਂ ਤੱੜਾ ਵੇਖੇ ਝਾੜਿਆ, "...ਉਂਝ ਚੁਰਾਸੀ ਤੋਂ ਪਿਛੋਂ ਸਾਡੇ ਨਾਲ ਇੰਡੀਆ ਵਿਚ ਸਲੂਕ ਮਾੜਾ ਕੀਤਾ ਗਿਆ, ਬਾਹਰੋਂ ਜਾਣ ਵਾਲਿਆਂ ਨਾਲ। ...ਮੈਂ ਗਿਆ ਸਾਂ ਤਾਂ ਇਕ ਵੱਖਰੇ ਕਮਰੇ 'ਚ ਲਿਜਾ ਕੇ ਮੇਰੀ ਪੁਛ-ਪੜਤਾਲ ਪੂਰਾ ਅੱਧਾ ਘੰਟਾ ਕੀਤੀ। ਮੇਰੀ ਪੱਗ ਤੇ ਹੱਥ ਲਾ ਕੇ ਮੇਰੇ ਜੂੜੇ ਨੂੰ ਛੇੜਕੇ ਪੁਛਿਆ, "ਇਹ ਵਾਲ ਹੀ ਨੇ ? ਕਿਤੇ ਇਥੇ ਸੋਨਾ ਤਾਂ ਨਹੀਂ ਨੱਪਿਆ ਹੋਇਆ।" ਇਹ ਵੀ ਆਖਣ—ਤੇਰਾ ਤਾਂ ਇਹ ਪਾਸਪੋਰਟ ਹੀ ਨਹੀਂ। ਇਹ ਸਭ ਮੇਰੀ ਖੁਲ੍ਹੀ ਦਾੜ੍ਹੀ ਕਰਕੇ। ਹੋਰਨਾਂ ਨੂੰ ਕਿਸੇ ਪੁਛਿਆ ਤੱਕ ਨਾ!"

ਢਿਲੋਂ ਨੇ ਗੱਲ ਖਤਮ ਕੀਤੀ ਤਾਂ ਲਾਲੀ ਮੈਂਬਰਸ਼ਿਪ ਵਧਾਉਣ ਦੀ ਮੁਹਿੰਮ 'ਤੇ ਚੜ੍ਹਨ ਲਈ ਤਿਆਰ ਸੀ, ਜਿਸ ਵਿਚ ਉਹਨੇ ਆਪਣੇ ਭਾਈਬੰਦਾਂ ਨੂੰ ਮਹੀਨੇ ਕੁ ਤਕ ਲਈ ਔਖੇ ਸੌਖੇ ਹੋ ਕੇ ਦਾੜ੍ਹੀ ਰੱਖਣ ਦੀ ਪ੍ਰੇਰਨਾ ਦੇਣੀ ਸੀ।

### ਸਿਰੋ 'ਤੇ ਗੰਦ

ਅੱਜ ਐਤਵਾਰ ਸੀ...ਛੁਟੀ ਦਾ ਤੇ ਖੁਲ੍ਹਾਂ ਮਾਨਣ ਦਾ ਦਿਨ, ਪਰ ਮੈਂ ਬੁਰੀ ਤਰ੍ਹਾਂ ਫਸ ਗਿਆ ਸਾਂ। ਇਸ ਗੁਰਚਰਨ ਦੀ ਮੁਹੱਬਤ ਤੇ ਜ਼ਿਦ ਦਾ ਕੋਈ ਕੀ ਕਰੇ ?

ਗੁਰਚਰਨ, ਲਾਲੀ, ਸੁਰਜੀਤ ਅਤੇ ਕੁਝ ਹੋਰ ਦੋਸਤਾਂ ਨੇ ਮਿਲ ਕੇ ਮੈਨੂੰ ਗੁਰਦਵਾਰਾ ਸਿੱਖ ਸੈਂਟਰ ਫਲੱਸ਼ਿੰਗ ਨਿਊਯਾਰਕ ਵਿਚ ਸਨਮਾਨਿਤ ਕਰਨ/ਕਰਾਉਣ ਦਾ ਪ੍ਰੋਗਰਾਮ ਬਣਾਇਆ ਸੀ।

ਮੇਰੀ ਗੁਰਦਵਾਰੇ ਵਿਚ 'ਸਨਮਾਨਿਤ' ਹੋਣ ਦੀ ਬਿਲਕੁਲ ਹੀ ਇੱਛਾ ਨਹੀਂ ਸੀ। ਮੈਂ ਤਾਂ 'ਗੁਰਮੁਖ' ਹਾਂ ਹੀ ਨਹੀਂ। ਉਂਝ ਵੀ ਉਥੋਂ ਦੇ ਗੁਰਦਵਾਰਿਆਂ ਦੇ 'ਸਿਆਸੀ' ਮਾਹੌਲ' ਨਾਲ ਮੇਰੀ ਸੰਮਤੀ ਨਹੀਂ ਸੀ। ਅਗਾਂਹ-ਵਧੂ ਹਲਕਿਆਂ ਵਿਚ ਮੇਰੇ ਇਸ ਸਨਮਾਨ ਦੇ ਟੇਢੇ ਅਰਥ ਵੀ ਲਏ ਜਾ ਸਕਦੇ ਸਨ।

"ਭਾ ਜੀ, ਅਸੀਂ ਤਾਂ ਪ੍ਰਧਾਨ ਅਤੇ ਸਕੱਤਰ ਨਾਲ ਗੱਲ ਕਰ ਵੀ ਆਏ ਹਾਂ। ਤੁਹਾਨੂੰ ਕੀ ਫਰਕ ਪੈਣੈਂ। ਤੁਹਾਨੂੰ ਸਿਰੋਪਾ ਦਿਤਾ ਜਾਣੈ ਤੇ ਤੁਸੀਂ ਦੋ ਮਿੰਟ ਬੋਲ ਦੇਣੈਂ!"

"ਪਰ ਕਿਸੇ ਨੂੰ ਕੀ ਪਤਾ ਮੈਂ ਕੌਣ ਹਾਂ ? ਕਿਉਂ ਸਨਮਾਨਯੋਗ ਹਾਂ ? ਜਦੋਂ ਅਗਲਾ ਕੋਈ ਜਾਣਦਾ ਹੀ ਨਾ ਹੋਵੇ ਤਾਂ ਉਹਨਾਂ ਤੋਂ ਸਨਮਾਨ ਕਾਹਦਾ। ਬੀਬੇ ਵੀਰ ਬਣੋ ਤੇ ਜ਼ਿਦ ਨਾ ਕਰੋ।"

ਪਰ ਗੁਰਚਰਨ ਜ਼ਿਦ 'ਤੇ ਅੜਿਆ ਹੋਇਆ ਸੀ, "ਭਾ ਜੀ, ਸਾਨੂੰ ਝੂਠੇ ਨਾ ਪਵਾਓ। ਨਾਲੇ ਇਸ ਗੁਰਦਵਾਰੇ ਸੰਗਤ ਥੋੜ੍ਹੀ ਹੀ ਹੁੰਦੀ ਹੈ। ...ਬਹੁਤੇ ਆਪਣੇ ਹੀ ਬੰਦੇ ਹੋਣੇ ਨੇ, ਤੇ ਉਹ ਤੁਹਾਨੂੰ ਜਾਣਦੇ ਹੀ ਨੇ। ਇਥੋਂ ਵਿਹਲੇ ਹੁੰਦਿਆਂ ਹੀ ਓਸ ਗੁਰਦਵਾਰੇ ਚਲੇ ਜਾਵਾਂਗੇ।"

ਇਹ ਮੇਰੇ ਸੁਭਾਅ ਦੀ ਕਮਜ਼ੋਰੀ ਹੈ ਕਿ ਮੈਂ ਆਪਣਿਆਂ ਦੀ ਮੁਹੱਬਤ ਤੇ ਉਤਸ਼ਾਹ ਸਾਹਵੇਂ ਝੁਕ ਕੇ ਕਈ ਵਾਰ ਮਨ ਦੇ ਉਲਟ ਵੀ ਮੰਨ ਜਾਂਦਾ ਹਾਂ। ਇਥੇ ਵੀ ਝੁਕਣਾ ਪੈ ਗਿਆ।

ਮੈਂ, ਨਰਬੀਰ, ਗੁਰਸ਼ਰਨ, ਗੁਰਚਰਨ, ਸੁਰਜੀਤ, ਲਾਲੀ ਤੇ ਹੋਰ ਮਿੱਤਰਾਂ ਦਾ ਜਥਾ ਗੁਰਦਵਾਰੇ ਦੇ ਬਾਹਰ ਕਾਰਾਂ ਵਿਚੋਂ ਉਤਰਿਆ। ਅੰਦਰ ਜਾ ਕੇ ਜੋੜੇ ਉਤਾਰੇ ਅਤੇ ਜਿਨ੍ਹਾਂ ਦੇ ਸਿਰ 'ਤੇ ਕੇਸ ਨਹੀਂ ਸਨ ਉਹਨਾਂ ਨੇ ਗੁਰਦਵਾਰੇ ਵਲੋਂ ਰਖੇ ਗਏ ਖੂਬਸੂਰਤ ਵੱਡੇ ਰੁਮਾਲੇ ਲੈ ਕੇ ਸਿਰ ਉਤੇ ਬੰਨ੍ਹ ਲਏ। ਨਰਬੀਰ ਨੇ ਪੰਜ ਡਾਲਰ ਦਾ ਨੋਟ ਮੈਨੂੰ ਫੜਾਉਂਦਿਆਂ ਕਿਹਾ, "ਆਹ ਲੌ ਮੱਥਾ ਟੇਕਣ ਲਈ।" ਮੈਂ ਹੱਥ ਪਿੱਛੇ ਧੱਕਿਆ ਤਾਂ ਕਹਿੰਦਾ, "ਨਿੱਕੇ ਹੁੰਦਿਆਂ ਬੱਚੇ ਮਾਪਿਆਂ ਤੋਂ ਲੈਂਦੇ ਨੇ...ਵੱਡੇ ਹੋ ਕੇ ਮਾਪਿਆਂ ਨੂੰ ਦੇਣਾ ਸਾਡਾ ਫਰਜ਼ ਹੈ।"

ਛੁਟੀ ਦਾ ਦਿਨ ਕਰਕੇ ਗੁਰਦਵਾਰਾ ਸੰਗਤ ਨਾਲ ਭਰਿਆ ਹੋਇਆ ਸੀ। ਇਕ ਪਾਸੇ ਮਰਦ ਤੇ ਇਕ ਪਾਸੇ



Sri Satguru Jagjit Singh Ji eLibrary NamdhariElibrary@gmail.com

ਔਰਤਾਂ। ਰਾਗੀ ਸਿੰਘ ਕੀਰਤਨ ਕਰ ਰਹੇ ਸਨ। ਗੁਰਦਵਾਰੇ ਅੰਦਰਲੀ ਭੀੜ ਅਤੇ ਮਾਹੌਲ ਵੇਖ ਕੇ ਮੈਂ ਸੋਚ ਲਿਆ ਕਿ ਇਹ ਥਾਂ ਮੇਰੇ 'ਸਨਮਾਨ' ਲਈ ਢੁਕਵੀਂ ਨਹੀਂ। ਰਾਗੀ ਸਿੰਘ ਹਟੇ ਤਾਂ ਕਥਾ ਕਰਨ ਲਈ ਇਕ ਸਿੰਘ ਨੂੰ ਪੰਜਤਾਲੀ ਮਿੰਟ ਦਾ ਸਮਾਂ ਦਿਤਾ ਗਿਆ। ਉਹ ਸਿੱਖੀ ਰਹਿਤ ਮਰਿਆਦਾ ਬਾਰੇ ਬੋਲ ਰਿਹਾ ਸੀ। ਪਤਿਤਪੁਣੇ ਤੋਂ ਸਿੱਖੀ ਵਲ ਪਰਤਣ ਦਾ ਉਪਦੇਸ਼ ਦੇ ਰਿਹਾ ਸੀ।

ਕਥਾ-ਵਾਚਕ ਨੂੰ ਸਮਾਂ ਦੇਣ ਤੋਂ ਪਿਛੋਂ ਸਕੱਤਰ ਉਪਰ ਪ੍ਰਧਾਨ ਦੇ ਕਮਰੇ ਵਲ ਜਾ ਰਿਹਾ ਸੀ ਤਾਂ ਗੁਰਚਰਨ ਹੁਰੀਂ ਉਸ ਨਾਲ ਸਲਾਹ ਕਰਨ ਤੁਰ ਗਏ। ਮੈਂ ਉਥੇ ਗੁਰਦਵਾਰਿਆਂ ਦੇ ਗੜਬੜੀ ਵਾਲੇ ਮਾਹੌਲ ਬਾਰੇ ਪਿਛਲੇ ਦਿਨੀਂ ਕਾਫ਼ੀ ਪੜ੍ਹ ਸੁਣ ਚੁਕਾ ਸਾਂ। 'ਸਿੱਖੀ' ਦੇ ਅਸੂਲਾਂ' ਅਤੇ 'ਕੌਮੀ ਅਣਖ' ਦੇ ਏਥੇ ਆਪੋ-ਆਪਣੇ ਤੇ ਵੱਖਰੇ ਵੱਖਰੇ ਮਾਪਦੰਡ ਸਨ। ਨਿੱਕੀ ਨਿੱਕੀ ਗੱਲ ਤੋਂ ਗੁਰਦਵਾਰਿਆਂ ਵਿਚ ਲੜਾਈ ਹੁੰਦੀ ਰਹਿੰਦੀ ਸੀ। ਮੈਂ ਆਪਣੇ ਨਾਲ ਬੈਠੇ ਨਰਬੀਰ ਦੇ ਕੰਨ ਵਿਚ ਹੌਲੀ ਜਿਹੀ ਕਿਹਾ, "ਇਹ 'ਸਰਦਾਰ ਜੀ' ਨੇ ਕਿਥੇ ਲਿਆ ਕੇ ਫਸਾ ਦਿਤਾ! ਮੈਂ 'ਪਤਿਤ' ਸਿੱਖ ਹਾਂ... ਫਿਰ ਪਿੱਛੋਂ..."

"...ਇਹ ਕਿਹੜੇ ਸਾਰੇ ਗੁਰਸਿਖ ਬੈਠੇ ਨੇ" ਨਰਬੀਰ ਨੇ ਸਿਰਾਂ ਤੇ ਰੁਮਾਲੇ ਬੱਧੀ ਬੈਠੀ ਅੱਸੀ ਫੀਸਦੀ ਸੰਗਤ ਵਲ ਇਸ਼ਾਰਾ ਕੀਤਾ, ਪਰ ਅਗਲੇ ਹੀ ਪਲ ਉਸਦੀ ਮੇਰੇ ਨਾਲ ਸਹਿਮਤੀ ਸੀ—

"...ਏਥੇ ਹੀ ਜਦੋਂ ਪਿਛਲੀ ਵਾਰ ਚਾਚਾ ਜੀ ਕਰਤਾਰ ਦਾ ਸਨਮਾਨ ਹੋਇਆ ਸੀ ਤਾਂ ਕੁਝ ਬੰਦੇ ਕਹਿਣ ਲੱਗੇ—ਮੰਨਿਆ ਕਿ ਕਰਤਾਰ ਬੜਾ ਨੇਕ ਤੇ ਸਾਊ ਹੈ... ਕੁਸ਼ਤੀ ਦੇ ਖੇਤਰ ਵਿਚ ਇਸਨੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ, ਕੌਮ ਦਾ ਮਾਣ ਵਧਾਇਆ ਹੈ...ਪਰ ਹੈ ਤਾਂ ਇਕ ਪੁਲਿਸ ਅਫ਼ਸਰ ਹੀ ਨਾ! ...ਤੇ ਪੁਲਿਸ ਤਾਂ ਸਾਡੀ ਕੌਮ ਦੀ ਦੁਸ਼ਮਣ ਹੈ।"

ਨਰਬੀਰ ਦੀ ਗੱਲ ਸੁਣੀ ਤਾਂ ਮੈਂ ਤੁਰਤ ਉਠਕੇ ਬਾਹਰ ਪੌੜੀਆਂ ਵਿਚ ਖੜੋ ਕੇ ਸਲਾਹ ਕਰ ਰਹੇ ਗੁਰਚਰਨ ਹੁਰਾਂ ਕੋਲ ਪਹੁੰਚਿਆ ਤੇ ਉਨ੍ਹਾਂ ਨੂੰ ਕਿਹਾ ਕਿ ਉਹ ਮੈਨੂੰ ਸਨਮਾਨਿਤ ਕਰਨ ਦਾ ਪ੍ਰੋਗਰਾਮ ਤਿਆਗ ਦੇਣ। ਏਸੇ ਵੇਲੇ ਗੁਰਦਵਾਰੇ ਦਾ ਸਕੱਤਰ ਵੀ ਸਾਡੇ ਕੋਲ ਆ ਪੁਜਾ। ਮੇਰੀ ਉਸ ਨਾਲ ਜਾਣ-ਪਛਾਣ ਕਰਵਾਈ ਗਈ। ਉਹ ਆਪ ਹੀ ਕਹਿਣ ਲਗਾ, "ਕਥਾ ਤੋਂ ਪਿਛੋਂ ਕਰ ਲੈਂਦੇ ਆਂ।"

"ਠੀਕ ਐ...ਠੀਕ ਐ" ਗੁਰਚਰਨ ਨੇ ਮੋਹਰ ਲਾ ਦਿਤੀ।

"ਪਰ ਆਪਾਂ ਸਲਾਹ ਤਾਂ ਕਰ ਲਈਏ" ਮੈਂ ਗੁਰਚਰਨ ਤੇ ਲਾਲੀ ਨੂੰ ਨਿਮਰਤਾ ਨਾਲ ਕਿਹਾ।

"...ਹਾਂ ਤੁਸੀ ਸਲਾਹ ਕਰ ਲਵੋ" ਕਹਿਕੇ ਸਕੱਤਰ ਤੁਰ ਗਿਆ।

ਮੈਂ ਦੁਬਾਰਾ ਕਰੜਾਈ ਨਾਲ 'ਨਾਂਹ' ਕਰਦਿਆਂ ਆਪਣੇ ਮਿਹਰਬਾਨਾਂ ਨੂੰ ਕਿਹਾ ਕਿ ਮੈਂ ਗੁਰ-ਦਵਾਰਿਆਂ ਵਿਚ ਪੇਸ਼ ਕੀਤੇ ਜਾਂਦੇ ਸਿੱਖੀ ਦੇ ਅਸੂਲਾਂ ਦੀ ਕੱਟੜਤਾ ਦਾ ਹਾਣੀ ਨਹੀਂ ਹਾਂ। ਮੈਂ ਉਹਨਾਂ ਨੂੰ ਪਿਛਲੇ ਦਿਨੀਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਬਲਵੰਤ ਸਿੰਘ ਰਾਮੂਵਾਲੀਏ ਨੂੰ ਸਿਰੋਪਾ ਦੇਣ ਤੋਂ ਇਨਕਾਰ ਕਰਨ ਦਾ ਹਵਾਲਾ ਵੀ ਦਿਤਾ।

"ਹੁਣ ਜੇ ਕੋਈ ਤੁਹਾਨੂੰ ਪਿਛੋਂ ਆਖੇ ਕਿ ਤੁਹਾਡਾ ਬੰਦਾ ਤਾਂ ਦਾੜ੍ਹੀ ਕੱਟਦਾ ਹੈ ਤਾਂ ਸਿਰੋਪਾ ਦੇਣ ਨਾਲ ਜਿੰਨਾ ਸਨਮਾਨ ਹੋਣਾ ਹੈ ਉਦੋਂ ਵਧ ਮੇਰੀ ਤੇ ਤੁਹਾਡੀ ਬਦਨਾਮੀ ਤੇ ਬੇਇਜ਼ਤੀ ਹੋਊ।"

ਉਹਨਾਂ ਦੇ ਮਨ ਵਿਚ ਵੀ ਸ਼ਾਇਦ ਕਰਤਾਰ ਵਾਲੀ ਗੱਲ ਗੂੰਜੀ ਹੋਵੇ।

"ਵੇਖ ਲੌ ਭਾ ਜੀ ਫਿਰ..." ਉਸ ਨੂੰ ਥੋੜ੍ਹਾ ਢਿੱਲਾ ਪੈਂਦਿਆਂ ਵੇਖ ਮੈਂ ਗੁਰਚਰਨ ਦੇ ਹੱਥ ਘੁੱਟ ਕੇ ਪਿਆਰ ਨਾਲ ਆਖਿਆ, "ਮੇਰਾ ਸਨਮਾਨ ਤਾਂ ਤੁਹਾਡੇ ਦਿਲਾਂ 'ਚੋਂ ਡੁਲ੍ਹ ਡੁਲ੍ਹ ਪੈਂਦੇ ਪਿਆਰ ਵਿਚ ਹੈ।"

ਅਸੀਂ ਤਣਾਓ-ਮੁਕਤ ਹੋ ਕੇ ਸੰਗਤ ਵਿਚ ਆ ਬੈਠੇ। ਪੰਦਰਾਂ ਕੁ ਮਿੰਟ ਕਥਾ ਸੁਣੀ ਤੇ ਫਿਰ ਗੁਰਦਵਾਰਾ ਰਿਚਮੰਡ ਹਿੱਲ ਵਲ ਚਾਲੇ ਪਾ ਦਿਤੇ।

ਗੁਰਦਵਾਰੇ ਦੀ ਗੈਲਰੀ ਵਿਚ ਕੰਧਾਂ ਉਤੇ ਖਾੜਕੂ ਨੌਜਵਾਨਾਂ ਦੀਆਂ ਤਸਵੀਰਾਂ ਲਗੀਆਂ ਹੋਈਆਂ ਸਨ। ਤਸਵੀਰਾਂ ਤੇ ਸਰਸਰੀ ਝਾਤ ਮਾਰ ਕੇ ਦੀਵਾਨ-ਹਾਲ ਵਿਚ ਪੁਜੇ। 'ਸ਼ਹੀਦਾਂ' ਦੇ ਪਰਿਵਾਰਾਂ ਨੂੰ ਸਿਰੋਪੇ ਦੇਣ ਦਾ ਕੰਮ ਆਰੰਭ ਹੋ ਚੁਕਾ ਸੀ। ਅਸੀਂ ਕਾਹਲੀ ਨਾਲ ਮੱਥਾ ਟੇਕ ਕੇ ਸਭ ਤੋਂ ਪਿੱਛੇ ਆ ਬੈਠੇ।

ਸਟੇਜ ਦੀ ਕਾਰਵਾਈ ਚਲ ਰਹੀ ਸੀ। ਸਾਡੇ ਸਾਹਮਣੇ ਸੱਜੇ ਹੱਥ ਦਰਬਾਰ ਸਾਹਿਬ ਦੀ ਬੀੜ ਸੀ ਤੇ ਖੱਬੇ ਹੱਥ ਮਾਈਕ ਉਤੇ ਇਕ ਬੁਲਾਰਾ ਅਗਲੇ ਮਹੀਨੇ ਅਗਸਤ ਵਿਚ ਆਉਣ ਵਾਲੀ ਦੇਸ਼ ਦੀ ਆਜ਼ਾਦੀ ਦੀ ਪੰਜਾਹਵੀਂ ਵਰ੍ਹੇਗੰਢ



Sri Satguru Jagjit Singh Ji eLibrary NamdhariElibrary@gmail.com

ਨੂੰ 'ਗੁਲਾਮੀ ਦੇ ਦਿਨ' ਵਜੋਂ ਮਨਾਏ ਜਾਣ ਦਾ ਸੱਦਾ ਦੇ ਰਿਹਾ ਸੀ। ਸਟੇਜ ਦੇ ਖੱਬੇ 'ਸਤਿਗੁਰ ਨਾਨਕ ਪ੍ਰਗਟਿਆ' ਤੇ ਸੱਜੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਲਿਖਿਆ ਹੋਇਆ ਸੀ। ਖੱਬੇ ਪਾਸੇ ਵਾਲੇ ਦਰਵਾਜ਼ੇ ਉਤੇ ਦਮਦਮੀ ਟਕਸਾਲ ਦਾ ਤੇ ਸਟੇਜ ਦੇ ਸਿਰ ਉਤੇ ਇੰਟਰ-ਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦਾ ਬੈਨਰ ਸੀ।

ਬੁਲਾਰਾ ਦੱਸ ਰਿਹਾ ਸੀ, "ਫੈਡਰੇਸ਼ਨ ਸ਼ਹੀਦਾਂ ਦੇ ੩੫੦ ਪਰਿਵਾਰਾਂ ਨੂੰ ਸੰਭਾਲ ਰਹੀ ਹੈ...ਇਹਨਾਂ ਵਿਚ ਸੌ ਪਰਿਵਾਰ ਹੋਰ ਸ਼ਾਮਲ ਹੋ ਗਏ ਹਨ। ਜੁਆਨ ਕੁੜੀਆਂ ਦੇ ਵਿਆਹ 'ਤੇ ਫੈਡਰੇਸ਼ਨ ਵਲੋਂ ਇੱਕੀ ਹਜ਼ਾਰ ਰੁਪਿਆ ਪਰਿਵਾਰ ਨੂੰ ਦਿਤਾ ਜਾਂਦਾ ਹੈ।"

ਮੈਂ ਵੇਖ ਰਿਹਾ ਸਾਂ ਕਿ ਬਹੁਤੇ ਲੋਕਾਂ ਦੀ ਸਟੇਜ ਦੀ ਕਾਰਵਾਈ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਤਾਂ ਜਿਵੇਂ ਐਤਵਾਰ ਦੀ ਛੁਟੀ ਮੌਕੇ ਰਾਹਤ ਲੈਣ ਅਤੇ ਆਪਣੇ ਬੰਦਿਆਂ ਨੂੰ ਮਿਲਣ ਮਿਲਾਉਣ ਆਏ ਸਨ। ਉਹ ਆਉਂਦੇ ਸਨ, ਮੱਥਾ ਟੇਕਦੇ ਸਨ ਤੇ ਦੋ ਪਲ ਬੈਠ ਕੇ ਬਾਹਰ ਨੂੰ ਜਾਂ ਲੰਗਰ ਹਾਲ ਵਲ ਤੁਰੇ ਜਾ ਰਹੇ ਸਨ। ਇਹ ਤਥਾ-ਕਥਿਤ ਖਾਲਿਸਤਾਨੀਆਂ ਦੀ ਡਿਗਦੀ ਸਾਖ ਦਾ ਪ੍ਰਤੀਕ ਸੀ।

ਇਕ ਹੋਰ ਬੁਲਾਰਾ ਕਿਸੇ ਪਹਿਲੇ ਬੁਲਾਰੇ ਦੀ ਦਿਤੀ ਰਾਇ ਨੂੰ ਕੱਟ ਰਿਹਾ ਸੀ ਜਿਸਨੇ ਇਹ ਆਖਿਆ ਸੀ ਕਿ ਬਾਹਰਲੇ ਲੋਕਾਂ ਨੂੰ ਆਉਂਦੀਆਂ ਸਮੱਸਿਆਵਾਂ ਦਾ ਜ਼ਿਕਰ ਵਰਤਮਾਨ ਬਾਦਲ ਸਰਕਾਰ ਕੋਲ ਕੀਤਾ ਜਾਵੇ। ਹੁਣ ਵਾਲਾ ਬੁਲਾਰਾ ਮਾਸਟਰ ਤਾਰਾ ਸਿੰਘ ਤੋਂ ਲੈ ਕੇ ਪ੍ਰਕਾਸ਼ ਸਿੰਘ ਬਾਦਲ ਤਕ ਸਭ ਨੂੰ 'ਮਾੜੇ' ਲੀਡਰਾਂ ਵਜੋਂ ਪੇਸ਼ ਕਰ ਰਿਹਾ ਸੀ।

ਉਂਜ ਕਿਸੇ ਭਾਸ਼ਨ ਵਿਚ ਜਾਨ ਨਜ਼ਰ ਨਹੀਂ ਸੀ ਆਉਂਦੀ। ਸਭ ਖੋਖਲੀ ਲੱਫਾਜ਼ੀ ਸੀ। ਹੈਰਾਨੀ ਇਸ ਗੱਲ ਦੀ ਹੋਈ ਕਿ ਕੋਈ ਵੀ ਬੁਲਾਰਾ ਖਾਲਿਸਤਾਨ ਦੇ ਮੁੱਦੇ 'ਤੇ ਕੋਈ ਵੀ ਗੱਲ ਨਹੀਂ ਸੀ ਕਰ ਰਿਹਾ। ਇਕ 'ਖਾੜਕੂ ਸ਼ਹੀਦ' ਦੇ ਪਿਤਾ ਨੂੰ ਵੀ ਜਦੋਂ ਬੋਲਣ ਦਾ ਮੌਕਾ ਦਿੱਤਾ ਤਾਂ ਉਸਨੇ ਵੀ ਸਿੱਖੀ ਅਸੂਲਾਂ ਉਤੇ ਸੂਰਮਿਆਂ ਵਾਂਗ ਪਹਿਰਾ ਦੇਣ, ਕੇਸ ਰੱਖਣ ਤੇ ਗੁਰੂ ਪੂਰਨਿਆਂ ਉੱਪਰ ਚੱਲਣ ਦੇ ਸੁਨੇਹੇ ਤੱਕ ਹੀ ਆਪਣੇ ਆਪ ਨੂੰ ਸੀਮਤ ਰੱਖਿਆ।

ਸਿਰੋਪੇ ਦਿੰਦਿਆਂ ਹੀ ਜਦੋਂ ਲੋਕ ਵੱਡੀ ਗਿਣਤੀ ਵਿਚ ਉੱਠ ਕੇ ਜਾਣ ਲੱਗੇ ਤਾਂ ਸਟੇਜ ਸਕੱਤਰ ਨੇ ਤਰਲਾ ਮਾਰਿਆ, "ਸਿੰਘੋ! ਅਜੇ ਜਾਓ ਨਾ...ਅਜੇ ਤਾਂ ਮੈਂ ਆਪਣੀ ਕਵਿਤਾ ਵੀ ਸੁਨਾਉਣੀ ਹੈ ...।"

ਉਸਨੇ ਸੰਗਤ ਤੋਂ ਇਸ ਗੱਲ ਦੀ ਮੁਆਫ਼ੀ ਵੀ ਮੰਗੀ ਕਿ ਸਮਾਗਮ ਉਤੇ ਕੋਈ ਢਾਡੀ ਜਾਂ ਕਵੀਸ਼ਰੀ ਜਥਾ ਨਹੀਂ ਪਹੁੰਚ ਸਕਿਆ। ਪਿਛਲੇ ਪਾਸੇ ਨਰਬੀਰ ਨੇ ਆਖਿਆ, "ਜੇ ਇਹਨਾਂ ਦੇ ਇਹੋ ਚਾਲੇ ਰਹੇ ਤਾਂ ਰਾਗੀ ਢਾਡੀ ਤਾਂ ਕੀ ਸੰਗਤ ਨੇ ਵੀ ਨਹੀਂ ਆਇਆ ਕਰਨਾ।"

ਕਿਰਨ-ਮ-ਕਿਰਨੀ ਤੁਰੇ ਜਾਂਦੇ ਲੋਕਾਂ ਨੂੰ ਵੇਖ ਕੇ ਮੈਨੂੰ ਪਿਛੇ ਰਹਿ ਗਿਆਂ ਦੀ ਗਿਣਤੀ ਕਰਨੀ ਦਿਲਚਸਪ ਲੱਗੀ।

ਸਾਰੇ ਪ੍ਰਬੰਧਕ, ਸਿਰੋਪੇ ਲੈਣ ਵਾਲੇ ਪਰਿਵਾਰ, ਅੱਠ ਕੁ ਜਣੇ ਅਸੀਂ ਤੇ 'ਸਾਰੀ ਸੰਗਤ' ਰਲਾ ਕੇ ਪੂਰੇ ਪੰਜਤਾਲੀ ਬੰਦੇ ਹਾਲ ਵਿਚ ਬੈਠੇ ਰਹਿ ਗਏ ਸਨ। ਇਹ ਵੀ ਉੱਠ ਕੇ ਘਰੋ-ਘਰੀ ਨਾ ਤੁਰ ਜਾਣ—ਇਸ ਖਦਸ਼ੇ ਨੂੰ ਭਾਪਦਿਆਂ ਸਟੇਜ ਸਕੱਤਰ ਨੇ ਆਪਣੀ ਕਵਿਤਾ ਦਾ ਜਾਦੂ ਧੂੜਨਾ ਚਾਹਿਆ। ਕਵਿਤਾ ਪੜ੍ਹਨ ਤੋਂ ਪਹਿਲਾਂ ਉਸਨੇ ਦੱਸਿਆ ਕਿ ਇਹ ਉਹ ਕਵਿਤਾ ਹੈ ਜਿਹੜੀ ਉਹ ਬਲੂ ਸਟਾਰ ਆਪ੍ਰੇਸ਼ਨ ਤੋਂ ਪਿਛੋਂ ਅਕਸਰ ਗਾ ਕੇ ਲੋਕਾਂ ਨੂੰ 'ਕੀਲ' ਲਿਆ ਕਰਦਾ ਸੀ।

ਬੜੀ ਭੈੜੀ ਤਰ੍ਹਾਂ, ਬੇਸੁਰੀ ਆਵਾਜ਼ ਵਿਚ ਗਾ ਕੇ ਉਹ ਕਵਿਤਾ ਸੁਣਾ ਰਿਹਾ ਸੀ। ਇਸ ਕਵਿਤਾ ਦੀ ਦੁਹਰਾਈ ਜਾਣ ਵਾਲੀ ਟੇਕ ਸੀ:

'ਪੰਥ ਬੜਾ ਕਰਜ਼ਾਈ ਹੈ,
ਸਿਰ ਦੇ ਕੇ ਕਰਜ਼ ਉਤਾਰ ਦਿਓ।
ਜੋ ਜ਼ੁਲਮ ਕੌਮ 'ਤੇ ਢਾਹ ਰਹੀ ਹੈ,
ਉਹ ਮੂਧੀ ਕਰ ਸਰਕਾਰ ਦਿਓ।'

ਇਕ ਅੱਧੀ ਵਾਰ ਉਸਦੇ ਕਿਸੇ ਸਾਥੀ ਨੇ ਜੈਕਾਰਾ ਛੱਡਿਆ ਪਰ ਸਿੱਲ੍ਹੀ ਹਵਾਈ ਵਾਂਗ ਉਸਦਾ ਜੁਆਬ ਉਥੇ ਕੁ ਹੀ ਠੁੱਸ ਹੋ ਕੇ ਰਹਿ ਗਿਆ। ਕਿਸੇ ਵਿਚ ਕਵਿਤਾ ਪ੍ਰਤੀ ਕੋਈ ਉਤਸ਼ਾਹ ਨਜ਼ਰ ਨਹੀਂ ਸੀ ਆ ਰਿਹਾ। ਉੱਚੀ ਆਵਾਜ਼ ਵਿਚ ਗਾਉਂਦਿਆਂ ਉਹਦੀ ਇਕ ਦਮ ਚੀਕ ਜਿਹੀ ਨਿਕਲ ਗਈ ਤਾਂ ਸੰਗਤ ਵਿਚੋਂ ਨਿੰਮਾਂ ਜਿਹਾ ਹਾਸਾ ਖਣਕਿਆ। ਲਾਲੀ ਹੌਲੀ ਜਿਹੀ ਕਹਿੰਦਾ, "ਇਹਨੂੰ ਪਾਣੀ ਡਹਾਓ, ਗਿਆ ਜੇ...।"

ਕਵਿਤਾ ਸੁਣ ਕੇ ਮੇਰੀ 'ਤਸੱਲੀ' ਹੋ ਗਈ ਸੀ। ਉਹ ਤਾਂ ਸਾਰੇ ਮੇਰੇ ਕਰਕੇ ਹੀ ਬੈਠੇ ਸਨ। ਉਥੋਂ ਉਠ ਕੇ ਅਸੀਂ ਲੰਗਰ ਹਾਲ ਵਿਚ ਗਏ। ਬੜੇ ਹੀ ਸਲੀਕੇ ਨਾਲ ਵਰਤ ਕੇ



Sri Satguru Jagjit Singh Ji eLibrary NamdhariElibrary@gmail.com

ਸੁਟੇ ਜਾਣ ਵਾਲੇ ਭਾਂਡਿਆਂ ਵਿਚ ਲੰਗਰ ਵਰਤਾਇਆ ਜਾ ਰਿਹਾ ਸੀ। ਸਬਜ਼ੀ, ਦਾਲ, ਦਹੀਂ, ਆਚਾਰ, ਸਲਾਦ, ਖੀਰ। ਸਭ ਕੁਝ ਹੀ ਸਵਾਦੀ ਤੇ ਸਾਫ਼।

ਮੈਂ ਦੀਵਾਨ-ਹਾਲ ਦੇ ਪ੍ਰੋਗਰਾਮ ਨਾਲੋਂ ਲੰਗਰ ਦੀ ਵੱਧ ਤਾਰੀਫ਼ ਕਰ ਰਿਹਾ ਸਾਂ ਤਾਂ ਕਿਸੇ ਨੇ ਕਿਹਾ, "ਏਨੀ ਵੀ ਤਾਰੀਫ਼ ਨਾ ਕਰੋ...।"

ਫਿਰ ਉਸਨੇ ਪਿਛਲੇਰੇ ਮਹੀਨੇ ਗੁਰਦਵਾਰੇ ਦੀ ਸਟੇਜ ਤੋਂ ਕੀਤੇ ਜਾਂਦੇ ਐਲਾਨ ਬਾਰੇ ਦੱਸਿਆ। ਐਲਾਨ ਕਰਨ ਵਾਲਾ ਸਿੰਘ ਕਹਿ ਰਿਹਾ ਸੀ।

"ਸਾਧ-ਸੰਗਤ ਜੀ! ਗੱਲ ਹੈ ਤਾਂ ਮਾੜੀ। ਸਟੇਜ 'ਤੇ ਕਰਨ ਵਾਲੀ ਵੀ ਨਹੀਂ। ਪਰ ਕੀਤਿਆਂ ਬਿਨਾਂ ਸਰਦਾ ਵੀ ਨਹੀਂ—ਕਰਨੀ ਵੀ ਪੈਣੀ ਹੈ। ਗੱਲ ਇਹ ਹੈ ਕਿ ਲੰਗਰ ਵਿਚੋਂ ਲਿਆਂਦੇ ਮਸਾਲੇ ਥੁੜ੍ਹ ਜਾਂਦੇ ਨੇ ..ਗੱਲ ਚੰਗੀ ਤਾਂ ਨਹੀਂ ਪਰ ਆਖਣਾ ਪੈਂਦਾ ਹੈ ਕਿ ਸੇਵਾ ਕਰਨ ਵਾਲੀਆਂ ਮਾਈਆਂ ਮਸਾਲੇ ਚੋਰੀ ਕਰ ਲੈਂਦੀਆਂ ਨੇ। ਹੋਰ ਤਾਂ ਹੋਰ ਕਈ ਵਾਰ ਸੰਗਤ ਨੂੰ ਲੰਗਰ ਵੀ ਥੁੜ ਜਾਂਦਾ ਹੈ। ਪਤਾ ਲੱਗਾ ਹੈ ਕਿ ਮਾਈਆਂ ਖਾਣਾ ਪੈਕ ਕਰ ਕੇ ਬਾਹਰ ਲਿਜਾ ਕੇ ਵੇਚਦੀਆਂ ਹਨ ..ਸਾਡੇ ਕੋਲ ਇਹਦੇ ਸਬੂਤ ਵੀ ਨੇ...।"

ਪਿਛਲੇ ਦਿਨਾਂ ਵਿਚ ਧਰਮ ਨਾਲ, ਧਾਰਮਿਕ ਸੰਸਥਾਵਾਂ ਨਾਲ, ਚੌਰਾਸੀ ਦੀ ਪੀੜ ਨਾਲ, ਦੇਸ਼ ਅਤੇ ਦੇਸ਼ ਤੋਂ ਬਾਹਰ ਸਿੱਖਾਂ ਦੀ ਸਥਿਤੀ ਨਾਲ ਜੁੜੇ ਬਹੁਤ ਸਾਰੇ ਮੁੱਦਿਆਂ 'ਤੇ ਗੱਲਾਂ ਹੋਈਆਂ ਸਨ...ਪਰ ਨਿਊ ਜਰਸੀ ਵਿਖੇ 'ਰੂਬੀ' ਦੇ ਘਰ ਰਾਤ ਦੇ ਖਾਣੇ 'ਤੇ ਜਦੋਂ ਫ਼ਿਰ ਬਲੂ ਸਟਾਰ ਆਪ੍ਰੇਸ਼ਨ ਦੀ ਗੱਲ ਛਿੜੀ ਤਾਂ ਉਹਦੇ ਪਾਰਟਨਰ ਸੁਰਿੰਦਰ ਬਾਜਵਾ ਨੇ ਸਾਰੇ ਵੇਰਵਿਆਂ ਨੂੰ ਗੋਲਾਈ ਦੇ ਦਿੱਤੀ।

"ਅਸੀਂ ਚੁਰਾਸੀ 'ਚ ਜੋ ਸਾਡੇ ਨਾਲ ਹੋਇਆ ਇਹਦੀ ਬੜੀ ਇਸ਼ਤਿਹਾਰਬਾਜ਼ੀ ਕਰਦੇ ਹਾਂ...ਤੇ ਕਰੀਏ ਵੀ ..ਕਰਨੀ ਚਾਹੀਦੀ ਹੈ ਪਰ ਜੋ ਕੁਝ 'ਅਸਾਂ' ੭੮ ਤੋਂ ਲੈਕੇ ੮੪ ਤੱਕ ਕੀਤਾ ਜਾਂ ੮੪ ਤੋਂ ਲੈ ਕੇ ਬਲੇਕ ਥੰਡਰ ਤੱਕ ਕੀਤਾ...। ਉਸਤੋਂ ਪਿਛੋਂ ਮਲਬੇ ਦੇ ਢੇਰਾਂ ਹੇਠੋਂ ਬੋਲਦੀਆਂ ਲਾਸ਼ਾਂ ਨੇ ਜਿਹੜੀ ਕਹਾਣੀ ਸੁਣਾਈ ..ਬੱਸ਼ਾਂ 'ਚੋਂ ਕੱਢ ਕੇ ਮਾਰੇ ਤੇ ਦਰਖਤਾਂ ਨਾਲ ਫਾਹੇ ਟੰਗੇ ਬੇਗੁਨਾਹਾਂ ਦੇ ਚੁੱਪ ਬੋਲ ਵੀ ਜੋ ਬੋਲਦੇ ਰਹੇ...ਉਹਨੀ ਨੂੰ ਵੀ ਆਪਣੀ ਇਸ਼ਤਿਹਾਰਬਾਜ਼ੀ 'ਚ ਸ਼ਾਮਲ ਕਰ ਲਈਏ ਤਾਂ ਕਿੰਨਾ ਚੰਗਾ ਹੋਵੇ...।"

ਗੁਰਿੰਦਰ ਬਾਜਵਾ ਨੇ ਸੌ ਹੱਥ ਰੱਸੇ ਨੂੰ ਸਿਰੇ 'ਤੇ ਗੰਢ ਦੇ ਦਿੱਤੀ ਸੀ। (ਚਲਦਾ)








Sri Satguru Jagjit Singh Ji eLibrary NamdhariElibrary@gmail.com

# ਇਕ ਅਲਫ਼ ਪੜ੍ਹੋ ਛੁਟਕਾਰਾ ਹੈ —ਓਸ਼ੋ

**ਅਨੁਵਾਦ—ਸਵਾਮੀ ਨੀਰਵ ਸਤਿਅਮ**

(ਭਗਵਾਨ ਸ੍ਰੀ ਕ੍ਰਿਸ਼ਨ ਦੀ ਬਾਣੀ, ਸ੍ਰੀਮਦ ਭਗਵਤ ਗੀਤਾ ਉਤੇ ਅਧਾਰਿਤ ਪ੍ਰਵਚਨ ਲੜੀ, "ਗੀਤਾ ਦਰਸ਼ਨ" ਦੌਰਾਨ, ਗੀਤਾ ਦੇ ਪੰਦਰਵੇਂ, ਅਧਿਆਇ ਦੇ ਇਕ ਪ੍ਰਵਚਨ ਦਾ ਅਨੁਵਾਦ)

ਪ੍ਰਸ਼ਨ ਕਰਤਾ : ਪਿਆਰੇ ਭਗਵਾਨ, ਕੀ ਸ਼ਾਸਤਰਾਂ ਨੂੰ ਪੜ੍ਹੇ ਬਿਨਾਂ ਗੁਰੂ ਦੀ ਖੋਜ ਹੋ ਸਕਦੀ ਹੈ ?

ਓਸ਼ੋ : ਅਸੰਭਵ ਹੈ। ਕਿਉਂਕਿ ਗੁਰੂ ਜੀ ਖੋਜ, ਸ਼ਾਸਤਰਾਂ ਦੀ ਅਸਫਲਤਾ ਤੋਂ ਸ਼ੁਰੂ ਹੁੰਦੀ ਹੈ। ਜਦੋਂ ਤੁਸੀਂ ਸ਼ਾਸਤਰ ਵਿਚ ਖੋਜਦੇ ਹੋ, ਖੋਜਦੇ ਜਾਂਦੇ ਹੋ, ਖੋਜਦੇ ਹੀ ਜਾਂਦੇ ਹੋ ਅਤੇ ਨਹੀਂ ਮਿਲਦਾ। ਤਦ ਹੀ ਗੁਰੂ ਦੀ ਖੋਜ ਸ਼ੁਰੂ ਹੁੰਦੀ ਹੈ। ਜਿਥੇ ਬਾਈਬਲ, ਕੁਰਾਨ, ਗੀਤਾ ਅਤੇ ਵੇਦ ਆਦਿ ਜਿਹੇ ਸਭ ਸ਼ਾਸਤਰ ਹਾਰ ਜਾਂਦੇ ਹਨ, ਉਥੋਂ ਹੀ ਸ਼ੁਰੂ ਹੁੰਦੀ ਹੈ—ਗੁਰੂ ਦੀ ਖੋਜ। ਕਿਉਂ ? ਅਤੇ ਸਿੱਧੇ ਹੀ ਗੁਰੂ ਦੀ ਖੋਜ ਵਿਚ ਜਾਣਾ ਕਿਉਂ ਅਸੰਭਵ ਹੈ ?

ਪਹਿਲੀ ਗੱਲ, ਸ਼ਾਸਤਰ ਮੁਰਦਾ ਹੈ। ਉਸ ਨਾਲ ਤੁਹਾਡੇ ਅਹੰਕਾਰ ਨੂੰ ਸੱਟ ਵੱਜਦੀ। ਗੀਤਾ ਨੂੰ ਸਿਰ ਉੱਪਰ ਰੱਖਣਾ ਬੜਾ ਆਸਾਨ ਹੈ। ਕੁਰਾਨ ਅੱਗੇ ਸਿਰ ਝੁਕਾਉਣਾ, ਬਹੁਤ ਸੌਖਾ ਹੈ। ਪਰ, ਕਿਸੇ ਜਿਉਂਦੇ ਵਿਅਕਤੀ ਨੂੰ, ਆਪਣੇ ਸਿਰ ਉੱਤੇ ਰੱਖਣਾ, ਬਹੁਤ ਹੀ ਮੁਸ਼ਕਿਲ ਹੈ। ਕਿਸੇ ਜਿਉਂਦੇ ਵਿਅਕਤੀ ਦੇ ਪੈਰਾਂ ਵਿਚ, ਆਪਣਾ ਸਿਰ ਰੱਖਣਾ ਬੜਾ ਔਖਾ ਕੰਮ ਹੈ।

ਕਿਤਾਬ ਤਾਂ ਮੁਰਦਾ ਹੈ। ਮੁਰਦੇ ਨਾਲ ਤੁਹਾਡੇ ਅਹੰਕਾਰ ਨੂੰ ਕੋਈ ਖਤਰਾ ਨਹੀਂ ਹੁੰਦਾ। ਇਕ ਜਿਉਂਦਾ ਵਿਅਕਤੀ ਖਤਰਨਾਕ ਹੈ। ਉਸਦੇ ਪੈਰਾਂ ਵਿਚ ਸਿਰ ਰਖਦੇ ਸਮੇਂ, ਬੜੀ ਤਕਲੀਫ ਮਹਿਸੂਸ ਹੁੰਦੀ ਹੈ। ਤੁਹਾਡਾ ਅਹੰਕਾਰ ਜ਼ੋਰ ਮਾਰਦਾ ਹੈ। ਇਸੇ ਕਾਰਨ ਹਰ ਵਿਅਕਤੀ ਪਹਿਲਾਂ ਸ਼ਾਸਤਰ ਵਿਚ ਖੋਜਦਾ ਹੈ ਕਿ ਜੇਕਰ ਕਿਤਾਬਾਂ ਵਿਚੋਂ ਹੀ ਮਿਲ ਜਾਵੇ, ਤਾਂ ਫੇਰ ਕਿਉਂ ਐਵੇਂ ਝੰਜਟ ਵਿਚ ਪੈਣਾ।

ਕਿਤਾਬ ਨੂੰ ਤੁਸੀਂ ਖ਼ਰੀਦ ਸਕਦੇ ਹੋ, ਪਰ ਗੁਰੂ ਨੂੰ ਖ਼ਰੀਦ ਨਹੀਂ ਸਕੋਗੇ। ਕਿਤਾਬ ਦੁਕਾਨਾਂ ਵਿਚ ਵਿਕਦੀ ਹੈ, ਗੁਰੂ ਕਿਸੇ ਦੁਕਾਨ ਵਿਚੋਂ ਨਹੀਂ ਮਿਲੇਗਾ। ਕਿਤਾਬ ਦੇ ਅਰਥ, ਤੁਸੀਂ ਆਪਣੇ ਮਤਲਬ ਅਨੁਸਾਰ ਕੱਢੋਗੇ। ਕਿਤਾਬ ਦੀ ਵਿਆਖਿਆ ਕਰਨ ਸਮੇਂ ਤੁਸੀਂ ਹੀ ਮਾਲਿਕ ਹੋਵੋਗੇ। ਕਿਤਾਬ ਦੇ ਕੀ ਮਤਲਬ ਕੱਢਣੇ ਹਨ, ਇਹ ਤੁਹਾਡੇ 'ਤੇ ਹੀ ਨਿਰਭਰ ਹੋਵੇਗਾ। ਪਰ ਗੁਰੂ ਨਾਲ ਤੁਸੀਂ ਅਜਿਹਾ ਵਿਵਹਾਰ ਨਹੀਂ ਕਰ ਸਕੋਗੇ। ਸਾਡਾ ਜੋ ਅਚੇਤਨ-ਮਨ ਹੈ ਉਹ ਆਪਣੇ ਹੀ ਹਿਸਾਬ ਨਾਲ, ਆਪਣੇ ਅਰਥ ਕੱਢਦਾ ਹੈ।

ਇਸੇ ਕਰਕੇ, ਕੋਈ ਕਿਤਾਬ ਤੁਹਾਨੂੰ ਬਦਲ ਨਹੀਂ ਸਕਦੀ। ਕੋਈ ਵੀ ਕਿਤਾਬ ਤੁਹਾਨੂੰ ਰੁਪਾਂਤਰਿਤ (Transform) ਨਹੀਂ ਕਰ ਸਕਦੀ। ਕਿਉਂਕਿ ਕਿਤਾਬ ਦੇ ਅਰਥ ਕੌਣ ਕਰੇਗਾ ? ਤੁਸੀਂ ਗੀਤਾ ਪੜ੍ਹੋਗੇ, ਮੰਨਿਆ, ਪਰ ਉਸ ਗੀਤਾ ਵਿਚੋਂ ਜੋ ਅਰਥ ਨਿਕਲਣਗੇ, ਉਹ ਤੁਹਾਡੇ ਹੀ ਹੋਣਗੇ। ਉਹ ਤੁਹਾਡਾ ਹੀ ਅਹੰਕਾਰ ਹੋਵੇਗਾ, ਤੁਹਾਡਾ ਹੀ ਪ੍ਰਛਾਵਾਂ ਹੋਵੇਗਾ।

ਕਿਤਾਬ ਵਿਚੋਂ ਅਸੀਂ ਉਹ ਕੁਝ ਹੀ ਕੱਢ ਸਕਦੇ ਹਾਂ, ਸਾਡਾ ਧਿਆਨ ਉਸ ਉੱਤੇ ਹੀ ਜਾਂਦਾ ਹੈ, ਜੋ ਸਾਡੇ ਮਨ ਦੀ ਹਾਲਤ ਹੁੰਦੀ ਹੈ। ਚੀਨ ਵਿਚ ਇਕ ਬੜੀ ਅਦਭੁੱਤ ਕਿਤਾਬ ਹੈ, 'ਆਈ ਚਿੰਗ'। ਇਸ ਕਿਤਾਬ ਦਾ ਆਧਾਰ ਇਹ ਹੈ ਕਿ ਤੁਹਾਡਾ ਅਚੇਤਨ ਮਨ ਕਿਵੇਂ ਕੰਮ ਕਰਦਾ ਹੈ। ਦੁਨੀਆ ਵਿਚ, ਜੋਤਿਸ਼ ਦੀ ਇਹ ਇਕ ਅਨੋਖੀ ਕਿਤਾਬ ਹੈ। ਲੱਖਾਂ ਲੋਕ ਹਜ਼ਾਰਾਂ ਸਾਲਾਂ ਤੋਂ ਇਸਦਾ ਇਸਤੇਮਾਲ ਕਰ ਰਹੇ ਹਨ। ਤੁਹਾਡਾ ਕੋਈ ਵੀ ਪ੍ਰਸ਼ਨ ਹੋਵੇ, 'ਆਈ ਚਿੰਗ' ਵਿਚ ਉਸਦੇ ਉੱਤਰ ਮੌਜੂਦ ਹਨ। ਬੱਸ ਤੁਸੀਂ ਆਪਣਾ ਪ੍ਰਸ਼ਨ ਤਿਆਰ ਕਰੋ ਅਤੇ 'ਆਈ ਚਿੰਗ' ਨੂੰ ਖੋਲ੍ਹੋ। ਉਸਦੇ ਪੰਨੇ ਪਲਟਣ ਦਾ ਇਕ ਤਰੀਕਾ ਹੈ। ਉਸ ਤਰੀਕੇ ਅਨੁਸਾਰ ਉਸਦੇ ਪੰਨੇ ਪਲਟੋ ਅਤੇ ਤੁਹਾਨੂੰ ਉੱਤਰ ਮਿਲ ਜਾਵੇਗਾ। ਚੀਨੀ ਭਾਸ਼ਾ ਵਿਚ ਕੇਵਲ ਚਿੱਤਰ ਹੁੰਦੇ ਹਨ, ਸ਼ਬਦ ਨਹੀਂ ਹੁੰਦੇ ਅਤੇ ਇਕ-ਇਕ ਚਿੱਤਰ ਦੇ ਅਗਾਂਹ ਅਨੇਕਾਂ ਅਰਥ ਹੁੰਦੇ ਹਨ। 'ਆਈ ਚਿੰਗ' ਅਜਿਹੀ ਰਹੱਸਮਈ ਕਿਤਾਬ ਹੈ ਕਿ ਇਸ ਵਿਚਲਾ ਕੋਈ ਵੀ ਵਚਨ ਸਾਫ਼ ਨਹੀਂ ਹੈ। ਕਿਸੇ ਵੀ ਵਚਨ ਦਾ ਕੋਈ ਸਾਫ ਮਤਲਬ ਨਹੀਂ ਨਿਕਲਦਾ। ਸਭ ਧੁੰਦਲਾ-ਧੁੰਦਲਾ ਹੈ। ਉਵੇਂ ਹੀ ਜਿਵੇਂ ਕਿ ਅਕਾਸ਼ ਵਿਚ ਬੱਦਲ ਛਾਏ ਹਨ ਅਤੇ ਬੱਦਲਾਂ ਦਾ ਜੋ ਵੀ ਚਿੱਤਰ ਤੁਸੀਂ ਵੇਖਣਾ ਚਾਹੋ ਵੇਖ ਲਵੋ। ਤੁਸੀਂ ਘੋੜਾ ਵੇਖਣਾ ਚਾਹੋ ਤਾਂ ਘੋੜਾ ਬਣ ਜਾਵੇਗਾ। ਹਾਥੀ ਵੇਖਣਾ ਹੋਵੇ ਤਾਂ ਹਾਥੀ ਬਣ ਜਾਵੇਗਾ, ਜੋ ਵੀ ਤੁਸੀਂ ਬਨਾਉਣਾ ਹੋਵੇ, ਬਣਾ ਲਵੋ ਕਿਉਂਕਿ ਬੱਦਲ ਤ



Sri Satguru Jagjit Singh Ji eLibrary NamdhariElibrary@gmail.com

ਬੱਦਲ ਹੈ, ਸਿਰਫ ਧੂੰਆਂ ਹੈ ਉੱਡਦਾ ਹੋਇਆ। ਨਾ ਉਥੇ ਹਾਥੀ ਹੈ ਨਾ ਹੀ ਘੋੜਾ। ਰੇਖਾਵਾਂ ਹਰ ਪਲ ਬਦਲ ਰਹੀਆਂ ਹਨ। ਤੁਸੀ ਕੋਈ ਵੀ ਕਲਪਨਾ ਕਰੋ। ਤੁਹਾਨੂੰ ਉਹੀ ਕੁਝ ਉੱਥੇ ਦਿਖਾਈ ਦੇਵੇਗਾ।

ਬੱਚੇ ਵੇਖਦੇ ਹਨ ਕਿ ਚੰਦ ਉੱਪਰ ਬੁੱਢੀ ਚਰਖ਼ਾ ਕੱਤ ਰਹੀ ਹੈ। ਉਨ੍ਹਾਂ ਨੂੰ ਇਹੋ ਦਿਖਾਈ ਦਿੰਦਾ ਹੈ। ਇਕ ਵਾਰ ਖਿਆਲ ਵਿਚ ਆ ਜਾਵੇ, ਫੇਰ ਦਿਖਾਈ ਦੇਣਾ ਸ਼ੁਰੂ ਹੋ ਜਾਂਦਾ ਹੈ।

'ਆਈ ਚਿੰਗ' ਨੂੰ ਲੋਕ ਪੜ੍ਹਦੇ ਹਨ। ਉਨ੍ਹਾਂ ਦਾ ਜੋ ਆਪਣਾ ਪ੍ਰਸ਼ਨ ਹੈ, ਉਸਦੇ ਹਿਸਾਬ ਨਾਲ ਉਹ ਆਪਣਾ ਉੱਤਰ ਲੱਭ ਲੈਂਦੇ ਹਨ। ਉੱਤਰ ਉਸ ਵਿਚ ਮਿਲ ਜਾਂਦੇ ਹਨ। ਲੋਕ ਸੋਚਦੇ ਹਨ ਕਿ ਬੜੀ ਅਨੋਖੀ ਕਿਤਾਬ ਹੈ। ਅਨੋਖੀ ਕੇਵਲ ਇਸ ਕਰਕੇ ਹੈ ਕਿ ਜਿਸ ਨੇ ਵੀ ਲਿਖੀ ਹੈ ਉਹ ਵਿਅਕਤੀ ਮਿਸਟੀਫਿਕੇਸ਼ਨ ਦਾ, ਚੀਜ਼ਾਂ ਨੂੰ ਧੁੰਦਲਾ ਕਰਨ ਦਾ ਬੜਾ ਮਾਹਰ ਕਾਰੀਗਰ ਰਿਹਾ ਹੋਵੇਗਾ। ਕਿਸੇ ਵੀ ਸਵਾਲ ਦਾ ਸਾਫ ਸਪਸ਼ਟ ਜਵਾਬ ਨਹੀਂ ਹੈ। ਇੰਨਾ ਧੁੰਦਲਾ ਹੈ ਉੱਤਰ ਕਿ ਤੁਸੀਂ ਜੋ ਵੀ ਮਤਲਬ ਕੱਢਣਾ ਚਾਹੋ, ਨਿਕਲ ਸਕਦਾ ਹੈ। ਇਸ ਲਈ ਹਰ ਕੋਈ ਆਪਣੇ ਮਤਲਬ ਅਨੁਸਾਰ ਆਪਣਾ ਮਤਲਬ ਕੱਢ ਲੈਂਦਾ ਹੈ।

ਸੋ, ਸਾਰੇ ਸ਼ਾਸਤਰ ਧੁੰਦਲੇ ਹਨ। ਉਸਦਾ ਕਾਰਨ ਹੈ। ਇਸ ਲਈ ਨਹੀਂ ਕਿ ਉਹ ਧੁੰਦਲੇ ਲੋਕਾਂ ਨੇ ਲਿਖੇ ਹਨ, ਪਰ ਜਿਸ ਸੱਚ ਦੀ ਚਰਚਾ ਕੀਤੀ ਹੈ ਉਹ ਸੱਚ ਸ਼ਬਦਾਂ ਵਿਚ ਆ ਕੇ ਧੁੰਦਲਾ ਹੋ ਜਾਂਦਾ ਹੈ। ਸੱਚ ਨੂੰ ਸ਼ਬਦਾਂ ਵਿਚ ਪਾਉਂਦੇ ਹੀ, ਧੁੰਦਲਾਪਣ ਪੈਦਾ ਹੋ ਜਾਂਦਾ ਹੈ।

ਸ਼ਾਸਤਰ ਵਿਚੋਂ ਅਰਥ, ਤੁਸੀਂ ਆਪਣਾ ਹੀ ਕੱਢਦੇ ਹੋ। ਇਸ ਲਈ ਜੋ ਵਿਅਕਤੀ ਸ਼ਾਸਤਰ ਪੜ੍ਹਦਾ ਹੈ, ਉਹ ਸ਼ਾਸਤਰ ਦੇ ਮਾਧਿਅਮ ਰਾਹੀਂ ਦਰਅਸਲ, ਆਪ ਨੂੰ ਪੜ੍ਹ ਰਿਹਾ ਹੁੰਦਾ ਹੈ। ਇਸ ਲਈ ਕੋਈ ਵੀ ਸ਼ਾਸਤਰ ਤੁਹਾਨੂੰ ਤੁਹਾਥੋਂ ਉੱਪਰ ਨਹੀਂ ਲਿਜਾ ਸਕਦਾ। ਸ਼ਾਸਤਰ ਤੁਹਾਨੂੰ, ਤੁਹਾਡੇ ਵਿਅਕਤੀਗਤ ਦਾਇਰੇ ਦੇ ਅੰਦਰ ਅੰਦਰ ਹੀ ਰੱਖੇਗਾ। ਕੋਈ ਵੀ ਸ਼ਾਸਤਰ, ਤੁਹਾਨੂੰ ਤੁਹਾਥੋਂ ਜ਼ਿਆਦਾ ਨਹੀਂ ਦੇ ਸਕਦਾ।

ਸ਼ਾਸਤਰ ਦੀ ਹਾਲਤ ਅਜਿਹੀ ਹੈ ਜਿਵੇਂ ਕਿ ਇਕ ਬੁੱਢਾ ਪੇਂਡੂ ਆਦਮੀ ਅੱਖਾਂ ਦੇ ਡਾਕਟਰ ਕੋਲ ਗਿਆ। ਉਸਨੂੰ ਦਿਖਣਾ ਲਗ ਭਗ ਬੰਦ ਹੋ ਗਿਆ ਸੀ। ਡਾਕਟਰ ਨੇ ਉਸਨੂੰ ਕਿਹਾ ਕਿ ਉਸਦੀਆਂ ਅੱਖਾਂ ਵਿਚ ਕੋਈ ਬੁਨਿਆਦੀ ਖਰਾਬੀ ਨਹੀਂ ਹੈ, ਚਸ਼ਮਾ ਲਾਉਣ ਨਾਲ ਸਭ ਠੀਕ ਠਾਕ ਹੋ ਜਾਵੇਗਾ ਤਾਂ ਬੁੱਢੇ ਆਦਮੀ ਨੇ ਪੁਛਿਆ 'ਕੀ ਮੇਰੀਆਂ ਅੱਖਾਂ ਇੰਨੀਆਂ ਠੀਕ ਹੋ ਜਾਣਗੀਆਂ ਕਿ ਮੈਂ ਪੜ੍ਹ ਲਿਖ ਵੀ ਸਕਾਂਗਾ? ਡਾਕਟਰ ਬੋਲਿਆ "ਬਿਲਕੁਲ ਤੂੰ ਪੜ੍ਹ ਵੀ ਸਕੇਂਗਾ—ਲਿਖ ਵੀ ਸਕੇਂਗਾ। ਤਾਂ ਬੁੱਢਾ ਖੁਸ਼ੀ ਨਾਲ ਉੱਛਲ ਕੇ ਬੋਲਿਆ ਤਾਂ ਫੇਰ ਜਲਦੀ ਕਰੋ ਜੀ, ਕਿਉਂਕਿ ਪੜ੍ਹਨਾ-ਲਿਖਣਾ ਮੈਨੂੰ ਆਉਂਦਾ ਨਹੀਂ।

ਹੁਣ, ਜਿਸ ਨੂੰ ਪੜ੍ਹਨਾ-ਲਿਖਣਾ ਨਹੀਂ ਆਉਂਦਾ, ਉਹ ਚਸ਼ਮਾ ਲਗਾ ਕੇ ਵੀ ਲਿਖ ਪੜ੍ਹ ਨਹੀਂ ਸਕੇਗਾ। ਚਸ਼ਮਾ ਵੀ ਕੇਵਲ ਉਨਾ ਹੀ ਦੱਸ ਸਕਦਾ ਹੈ ਜਿੰਨਾ ਤੁਹਾਨੂੰ ਸਮਝ ਆਉਂਦਾ ਹੈ ਉਸ ਤੋਂ ਵਧੇਰੇ ਨਹੀਂ।

ਸ਼ਾਸਤਰ ਵਿਚੋਂ, ਤੁਸੀਂ ਉਹ ਕੁਝ ਕਿਵੇਂ ਪੜ੍ਹੋਗੇ, ਜਿਸਦੀ ਤੁਹਾਨੂੰ ਸਮਝ ਹੀ ਨਹੀਂ ਹੈ? ਉਥੋਂ ਤੁਸੀਂ ਆਪਣੀ ਸਮਝ ਮੁਤਾਬਕ ਹੀ ਪੜ੍ਹ ਸਕਦੇ ਹੋ। ਇਸੇ ਕਾਰਣ ਸ਼ਾਸਤਰ ਵਿਅਰਥ ਹੈ। ਸ਼ਾਸਤਰ ਤੁਹਾਨੂੰ ਤੁਹਾਥੋਂ ਵਧੇਰੇ ਗਹਿਰਾਈ ਵਿਚ ਨਹੀਂ ਲਿਜਾ ਸਕਦਾ। ਸ਼ਾਸਤਰ ਰਾਹੀਂ ਕੋਈ ਵੀ ਆਤਮ ਰੂਪਾਂਤਰਣ (Self Transformation) ਨਹੀਂ ਹੁੰਦਾ।

ਪਰ, ਸ਼ਾਸਤਰ ਤੁਹਾਡੇ ਲਈ ਸੁਖਾਲਾ ਹੈ। ਤੁਸੀਂ ਜੋ ਵੀ ਮਤਲਬ ਕੱਢਣਾ ਚਾਹੋ, ਕੱਢ ਲਵੋ। ਸ਼ਾਸਤਰ ਝਗੜਾ ਵੀ ਨਹੀਂ ਕਰਦਾ। ਉਹ ਇਹ ਵੀ ਨਹੀਂ ਆਖ ਸਕਦਾ ਕਿ ਤੁਸੀਂ ਗਲਤ ਅਰਥ ਕੱਢ ਰਹੇ ਹੋ ਕਿ 'ਮੇਰਾ ਅਜਿਹਾ ਭਾਵ ਨਹੀਂ ਸੀ, ਜਾਂ ਮੈਂ ਤਾਂ ਅਜਿਹਾ ਕਦੇ ਨਹੀਂ ਕਿਹਾ। ਸ਼ਾਸਤਰ ਕੋਈ ਹੁਕਮ ਵੀ ਨਹੀਂ ਦਿੰਦਾ। ਉੱਥੇ, ਸਭ ਕੁਝ ਤੁਹਾਡੇ ਉੱਪਰ ਹੀ ਨਿਰਭਰ ਹੈ।

ਇਸੇ ਕਰਕੇ ਅਹੰਕਾਰ ਪਹਿਲਾਂ ਸ਼ਾਸਤਰ ਵਿਚੋਂ ਖੋਜਦਾ ਹੈ। ਜਦੋਂ ਉੱਥੇ ਕੁਝ ਨਹੀਂ ਮਿਲਦਾ। ਅਤੇ ਬਦਕਿਸਮਤ ਹਨ ਉਹ ਲੋਕ, ਜੋ ਸੋਚਦੇ ਹਨ ਕਿ ਸ਼ਾਸਤਰ ਵਿਚੋਂ ਉਨ੍ਹਾਂ ਨੂੰ ਮਿਲ ਗਿਆ ਹੈ। ਖੁਸ਼ਕਿਸਮਤ ਹਨ ਉਹ ਲੋਕ, ਜਿਨ੍ਹਾਂ ਵਿਚ ਘੱਟੋ-ਘੱਟ ਇੰਨੀ ਅਕਲ ਤਾਂ ਹੈ, ਕਿ ਉਹ ਸਮਝ ਲੈਂਦੇ ਹਨ, ਕਿ ਸ਼ਾਸਤਰ ਵਿਚ ਸਾਨੂੰ ਨਹੀਂ ਮਿਲਿਆ। ਬੁੱਧੀਮਾਨ ਦੀ ਇਹੋ ਪਹਿਚਾਣ ਹੈ।

ਬਹੁਤੇ ਬੁੱਧੀਮਾਨ ਤਾਂ ਇਹ ਸੋਚ ਲੈਂਦੇ ਹਨ, ਕਿ ਉਨ੍ਹਾਂ ਨੂੰ ਮਿਲ ਹੀ ਗਿਆ ਹੈ। ਸ਼ਾਸਤਰ ਦੇ ਸ਼ਬਦਾਂ ਨੂੰ ਰਟ ਕੇ ਉਹ ਸੋਚ ਲੈਂਦੇ ਹਨ ਕਿ ਬੱਸ ਗੱਲ ਪੂਰੀ ਹੋ ਗਈ, ਜੋ ਵੀ ਵਿਅਕਤੀ ਸ਼ਾਸਤਰਾਂ ਤੋਂ ਨਿਰਾਸ਼ ਹੋ ਜਾਂਦਾ ਹੈ। ਉਸਦੀ



Sri Satguru Jagjit Singh Ji eLibrary NamdhariElibrary@gmail.com

ਨਜ਼ਰ ਫੇਰ ਵਿਅਕਤੀਆਂ ਦੀ ਖੋਜ ਵੱਲ ਜਾਂਦੀ ਹੈ। ਅਹੰਕਾਰ ਇਕ ਵਾਰ ਹਾਰ ਨੂੰ ਸਹਿ ਚੁੱਕਾ ਹੁੰਦਾ ਹੈ। ਹੁਣ ਉਹ ਕਿਸੇ ਜਿਉਂਦੇ ਵਿਅਕਤੀ ਦੀ ਖੋਜ ਵਿਚ ਪੈਂਦਾ ਹੈ। ਅਹੰਕਾਰ ਨੂੰ ਕਿਸੇ ਜਿਉਂਦੇ ਵਿਅਕਤੀ ਨਾਲ ਹਮੇਸ਼ਾ ਅੜਚਣ ਹੁੰਦੀ ਹੈ। ਪਹਿਲੀ ਅੜਚਣ ਇਹ ਹੁੰਦੀ ਹੈ ਕਿ ਕਿਸੇ ਵਿਅਕਤੀ ਸਾਹਪਣੇ ਝੁਕਣਾ ਬੜਾ ਮੁਸ਼ਕਿਲ ਕੰਮ ਹੈ ਅਤੇ ਬਿਨਾਂ ਝੁਕੇ ਸਿੱਖਣ ਦਾ ਕੋਈ ਉਪਾਅ ਨਹੀਂ।

ਦੂਸਰੀ ਅੜਚਣ ਇਹ ਹੈ ਕਿ ਇਥੇ ਹੁਣ ਤੁਸੀਂ ਆਪਣਾ ਅਰਥ ਨਹੀਂ ਕੱਢ ਸਕੋਗੇ। ਉਹ ਜਿਉਂਦਾ ਵਿਅਕਤੀ, ਤੁਹਾਨੂੰ ਆਪਣੇ ਅਰਥ ਮੁਤਾਬਕ ਹੀ ਚਲਾਏਗਾ। ਜਿਉਂਦੇ ਵਿਅਕਤੀ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ। ਆਪਣੀ ਮਰਜ਼ੀ ਉਸ ਉੱਪਰ ਨਹੀਂ ਥੋਪੀ ਜਾ ਸਕਦੀ। ਉਹ ਜਿਉਂਦਾ ਵਿਅਕਤੀ ਤੁਹਾਨੂੰ ਤੁਹਾਥੋਂ ਪਾਰ ਲਿਜਾਉਣ ਦੇ ਸਮਰਥ ਹੁੰਦਾ ਹੈ।

ਸ਼ਾਸਤਰ ਰਾਹੀਂ ਆਤਮ ਕਰਾਂਤੀ ਕਰਨ ਦੀ ਕੋਸ਼ਿਸ਼ ਇਉਂ ਹੁੰਦੀ ਹੈ ਜਿਵੇਂ ਕੋਈ ਆਪਣੇ ਬੂਟਾਂ ਦੇ ਤਸਮੇ ਫੜ ਕੇ ਖ਼ੁਦ ਨੂੰ ਉਤਾਂਹ ਚੁਕਣ ਦੀ ਕੋਸ਼ਿਸ਼ ਕਰੇ। ਇੰਜ ਕਰਨ ਦਾ ਕੋਈ ਲਾਭ ਨਹੀਂ ਹੁੰਦਾ। ਪਰ ਇਕ ਫਾਇਦਾ ਹੋ ਸਕਦਾ ਹੈ ਕਿ ਅਜਿਹਾ ਕਰ ਕਰ ਕੇ ਤੁਸੀਂ ਥੱਕ ਜਾਵੋ ਅਤੇ ਗੁਰੂ ਦੀ ਖੋਜ ਸ਼ੁਰੂ ਹੋ ਜਾਵੇ।

ਇਸ ਲਈ ਸ਼ਾਸਤਰਾਂ ਦਾ ਕੇਵਲ ਇਹੋ ਲਾਭ ਹੋ ਸਕਦਾ ਹੈ ਕਿ ਇਸ ਤਰ੍ਹਾਂ ਉਹ ਤੁਹਾਨੂੰ ਗੁਰੂ ਤੱਕ ਪਹੁੰਚਾ ਦੇਣ। ਮੁਰਦਾ ਜੇਕਰ ਤੁਹਾਨੂੰ ਕਿਸੇ ਜਿਉਂਦੇ-ਜਾਗਦੇ ਕੋਲ ਪਹੁੰਚਾ ਦੇਵੇ ਤਾਂ ਇਹ ਉਸਦਾ ਬਹੁਤ ਵੱਡਾ ਕੰਮ ਹੈ। ਜੇਕਰ ਤੁਸੀਂ ਸੋਚਦੇ ਹੋ ਕਿ ਸ਼ਾਸਤਰ ਤੋਂ ਬਚ ਕੇ ਮੈਂ ਗੁਰੂ ਕੋਲ ਪਹੁੰਚ ਜਾਵਾਂਗਾ ਤਾਂ ਇਹ ਬੜਾ ਮੁਸ਼ਕਿਲ ਹੈ ਕਿਉਂਕਿ ਸ਼ਾਸਤਰ ਵਿਚ ਭਟਕਣ ਦੀ ਇਹ ਕੋਸ਼ਿਸ਼ ਜ਼ਰੂਰੀ ਹੈ। ਤੁਹਾਡੀ ਅਸਫਲਤਾ ਜ਼ਰੂਰੀ ਹੈ। ਸ਼ਾਸਤਰਾਂ ਵਿਚੋਂ ਨਿਰਾਸ਼ਾ ਅਤੇ ਦੁੱਖ ਨਾਲ ਡਰ ਜਾਣਾ ਜ਼ਰੂਰੀ ਹੈ।

ਦੋਵੇਂ ਤਰ੍ਹਾਂ ਦੇ ਲੋਕ ਮੇਰੇ ਕੋਲ ਆਉਂਦੇ ਹਨ ਜਦੋਂ ਕੋਈ ਅਜਿਹਾ ਵਿਅਕਤੀ ਆਉਂਦਾ ਹੈ, ਜੋ ਸ਼ਾਸਤਰਾਂ ਤੋਂ ਅੱਕ ਗਿਆ ਹੈ ਥੱਕ ਗਿਆ ਹੈ, ਤਾਂ ਉਸ ਨਾਲ ਕੰਮ ਕਰਨਾ ਮੈਨੂੰ ਅਸਾਨ ਜਾਪਦਾ ਹੈ। ਵਿਅਰਥ ਵਿਚ ਉਸਦੀ ਹੁਣ ਕੋਈ ਰੁਚੀ ਨਹੀਂ ਹੁੰਦੀ। ਹੁਣ ਉਹ ਕੇਵਲ ਸਾਰ ਤੱਤ ਦੀ ਗੱਲ ਹੀ ਜਾਨਣੀ ਚਾਹੁੰਦਾ ਹੈ, ਜੋ ਕੀਤੀ ਜਾ ਸਕੇ। ਹੁਣ ਉਹ ਪੂਰੀ ਤਰ੍ਹਾਂ ਵਿਵਹਾਰਕ ਹੁੰਦਾ ਹੈ। ਹੁਣ ਉਹ ਸ਼ਾਸਤਰੀ ਨਹੀਂ ਹੁੰਦਾ, ਉਸਦੀ ਚਿੰਤਾ ਬੌਧਿਕ ਨਹੀਂ ਹੁੰਦੀ। ਹੁਣ ਉਸਦੀ ਚਿੰਤਾ ਸਾਧਨਾ ਦੀ ਹੁੰਦੀ ਹੈ। ਹੁਣ ਉਹ ਸ਼ਾਸਤਰ ਤੋਂ ਮੁਕਤ ਹੁੰਦਾ ਹੈ। ਹੁਣ ਉਸਦੀ ਪਿਆਸ ਸਾਧਨਾ ਵਿਚ ਹੁੰਦੀ ਹੈ।

ਜੋ ਲੋਕ ਬਿਨਾਂ ਸ਼ਾਸਤਰ ਨੂੰ ਜਾਣੇ ਚਲੇ ਆਉਂਦੇ ਹਨ, ਉਨ੍ਹਾਂ ਦੀ ਜਗਿਆਸਾ ਬੌਧਿਕ ਹੁੰਦੀ ਹੈ ਸ਼ਾਸਤਰੀ ਹੁੰਦੀ ਹੈ। ਉਹ ਪੁੱਛਦੇ ਹੀ ਰਹਿੰਦੇ ਹਨ 'ਪ੍ਰਮਾਤਮਾ ਹੈ ਕਿ ਨਹੀਂ?' ਸੰਸਾਰ ਕਿਸ ਨੇ ਬਣਾਇਆ? ਇਹ ਕੰਮ ਤਾਂ ਸ਼ਾਸਤਰ ਹੀ ਨਿਪਟਾ ਦਿੰਦਾ ਹੈ, ਇਨ੍ਹਾਂ ਜਵਾਬਾਂ ਲਈ ਮੇਰੇ ਕੋਲ ਆਉਣ ਦੀ ਜ਼ਰੂਰਤ ਨਹੀਂ ਹੈ। ਆਤਮਾ ਕਿਥੋਂ ਆਈ? 'ਬ੍ਰਹਮ ਕਿਥੇ ਹੈ?' ਇਹ ਸਾਰੀ ਬਕਵਾਸ ਤਾਂ ਸ਼ਾਸਤਰਾਂ ਨੇ ਹੀ ਨਿਪਟਾ ਦੇਣੀ ਸੀ। ਅਜਿਹੇ ਸਵਾਲਾਂ ਦੇ ਜਵਾਬ ਲਈ, ਕਿਸੇ ਜਿਉਂਦੇ ਆਦਮੀ ਕੋਲ ਜਾਣ ਦੀ ਜ਼ਰੂਰਤ ਨਹੀਂ ਹੈ। ਕੋਈ ਜਿਉਂਦਾ ਗੁਰੂ, ਅਜਿਹੀਆਂ ਵਿਅਰਥ ਗੱਲਾਂ ਵਿਚ ਪਵੇਗਾ ਵੀ ਨਹੀਂ ਕਿਉਂਕਿ ਇਹ ਸਭ ਕੇਵਲ ਸਮਾਂ ਖਰਾਬ ਕਰਨ ਵਾਲੀ ਗੱਲ ਹੈ।

ਜੋ ਲੋਕ ਸ਼ਾਸਤਰ ਵਿਚੋਂ ਨਹੀਂ ਗੁਜ਼ਰੇ, ਉਨ੍ਹਾਂ ਨਾਲ ਇਹੋ ਮੁਸੀਬਤ ਹੁੰਦੀ ਹੈ ਕਿ ਉਨ੍ਹਾਂ ਦੇ ਸਵਾਲ ਹਮੇਸ਼ਾ ਬੌਧਿਕ ਹੀ ਹੁੰਦੇ ਹਨ। ਉਹ ਵਿਅਰਥ ਆਪਣਾ ਸਮਾਂ ਨਸ਼ਟ ਕਰਦੇ ਹਨ। ਸ਼ਾਸਤਰ ਵਿਚੋਂ ਗੁਜ਼ਰ ਜਾਣਾ ਚੰਗਾ ਹੈ। ਤੁਹਾਡੇ ਜੋ ਬੱਚਿਆਂ ਜਿਹੇ ਬਚਕਾਨਾ ਸਵਾਲ ਹਨ, ਉਨ੍ਹਾਂ ਦਾ ਜਾਂ ਤਾਂ ਹੱਲ ਹੋ ਜਾਵੇਗਾ ਜਾਂ ਤੁਹਾਨੂੰ ਸਮਝ ਆ ਜਾਵੇਗਾ ਕਿ ਉਹ ਸਭ ਵਿਅਰਥ ਹਨ ਇਹ ਸਮਝ ਆਉਣ ਤੋਂ ਬਾਅਦ ਹੀ ਤੁਹਾਡੇ ਅੰਦਰ ਆਪਣੇ ਜੀਵਨ ਦੀ ਬਦਲਾਹਟ ਲਈ, ਪਿਆਸ ਪੈਦਾ ਹੋਵੇਗੀ। ਇਹ ਪਿਆਸ ਬਹੁਤ ਹੀ ਵੱਖਰੀ ਕਿਸਮ ਦੀ ਹੈ।

ਸ਼ਾਸਤਰਾਂ ਨੂੰ ਸਮਝਣ ਤੋਂ ਬਾਅਦ, ਗੁਰੂ ਨੂੰ ਸਮਝਣਾ ਤੁਹਾਡੇ ਲਈ ਅਸਾਨ ਹੋ ਜਾਵੇਗਾ, ਕਿਉਂਕਿ ਜੋ ਜੋ ਸ਼ਾਸਤਰਾਂ ਵਿਚੋਂ ਛੁੱਟ ਗਿਆ ਹੈ, ਉਹ ਸਭ ਕੁਝ ਗੁਰੂ ਵਿਚ ਮੌਜੂਦ ਹੈ। ਸ਼ਬਦਾਂ ਦੀ ਯਾਤਰਾ ਤੋਂ ਅਗਾਂਹ ਗੁਰੂ ਦਾ ਕੰਮ ਸ਼ੁਰੂ ਹੁੰਦਾ ਹੈ।

ਵੇਖਿਆ ਜਾਵੇ ਤਾਂ ਮਹਾਂਵੀਰ, ਬ੍ਰਾਹਮਣਾਂ ਦੇ ਦੁਸ਼ਮਣ ਨਜ਼ਰ ਆਉਂਦੇ ਹਨ ਕਿਉਂਕਿ ਉਹ ਇਕ ਅਜਿਹੇ ਧਰਮ ਦਾ ਐਲਾਨ ਕਰ ਰਹੇ ਸਨ ਜੋ ਬ੍ਰਾਹਮਣਾਂ ਅਤੇ ਪੁਰੋਹਿਤਾਂ ਦੇ ਵਿਰੁੱਧ ਸੀ ਪਰ ਮਹਾਂਵੀਰ ਦੇ ਜੋ ਗਿਆਰਾਂ ਮੁੱਖ ਸ਼ਾਗਿਰਦ ਸਨ, ਉਹ ਸਾਰੇ ਹੀ ਮਹਾਂਪੰਡਤ ਬ੍ਰਾਹਮਣ ਸਨ।

ਮਹਾਂਵੀਰ ਪੁਰਾਣੇ ਮੰਦਰਾਂ, ਸ਼ਾਸਤਰਾਂ, ਵੇਦਾਂ...ਇਨ੍ਹਾਂ ਸਭ ਦਾ ਖੰਡਨ ਕਰ ਰਹੇ ਸਨ। ਰੱਬ ਦੀ ਹੋਂਦ ਤੋਂ ਵੀ



Sri Satguru Jagjit Singh Ji eLibrary NamdhariElibrary@gmail.com

ਇਨਕਾਰ ਕਰ ਰਹੇ ਸਨ। ਖੁਦ ਖੱਤਰੀ ਸਨ ਪਰ ਉਨ੍ਹਾਂ ਦੇ ਜੋ ਗਿਆਰਾਂ ਮੁੱਖ ਸ਼ਾਗਿਰਦ ਸਨ। ਜਿਨ੍ਹਾਂ ਦੇ ਅਧਾਰ 'ਤੇ ਸਾਰਾ ਜੈਨ ਧਰਮ ਖੜ੍ਹਾ ਹੋਇਆ, ਉਹ ਸਾਰੇ ਦੇ ਸਾਰੇ ਮਹਾਂ ਪੰਡਤ ਬ੍ਰਾਹਮਣ ਸਨ। ਇਹ ਜ਼ਰਾ ਹੈਰਾਨੀ ਵਾਲੀ ਗੱਲ ਹੈ।

ਬੁੱਧ ਨਾਲ ਵੀ ਅਜਿਹਾ ਹੀ ਹੋਇਆ। ਬੁੱਧ ਖਤਰੀ ਸਨ। ਉਨ੍ਹਾਂ ਦੇ ਜੋ ਮੁੱਖ ਸ਼ਾਗਿਰਦ ਹੋਵੇ ਉਹ ਸਭ ਬ੍ਰਾਹਮਣ ਸਨ। ਕੋਈ ਸਧਾਰਣ ਬ੍ਰਾਹਮਣ ਨਹੀਂ ਸਗੋਂ ਮਹਾਂ-ਪੰਡਤ।

ਜਦੋਂ ਸਾਰਿਪੁੱਤ ਬੁੱਧ ਕੋਲ ਆਇਆ ਤਾਂ ਪੰਜ ਸੋ ਬ੍ਰਾਹਮਣ ਉਸਦੇ ਸ਼ਾਗਿਰਦ ਸਨ, ਉਹ ਵੀ ਉਸਦੇ ਨਾਲ ਆਏ। ਜਦੋਂ ਮੋਦਗਲਿਵਯਾਯਨ ਬੁੱਧ ਕੋਲ ਆਇਆ ਤਾਂ ਉਸਦੇ ਨਾਲ ਉਸਦੇ ਪੰਜ ਹਜ਼ਾਰ ਸ਼ਾਗਿਰਦ ਵੀ ਆਏ, ਜੋ ਸਭ ਬ੍ਰਾਹਮਣ ਸਨ। ਠੀਕ ਅਜਿਹਾ ਹੀ ਵਰਨਣ, ਮਹਾਂਵੀਰ ਦੇ ਜੀਵਨ ਵਿਚ ਵੀ ਹੈ। ਗੌਤਮ ਜਦੋਂ ਆਇਆ, ਸੁਧਰਮਾ ਜਦੋਂ ਆਇਆ ਤਾਂ ਉਹ ਸਭ ਬੜੇ ਪ੍ਰਸਿੱਧ ਪੰਡਤ ਸਨ। ਇਨ੍ਹਾਂ ਦੇ ਨਾਲ ਇਨ੍ਹਾਂ ਦੇ ਸ਼ਗਿਰਦਾਂ ਦਾ ਬਹੁਤ ਵੱਡਾ ਸਮੂਹ ਵੀ ਸੀ।

ਮਹਾਂਵੀਰ ਜਿਉਂਦੇ ਗੁਰੂ ਸਨ। ਉਹ ਗਿਆਰਾਂ ਜੋ ਉਨ੍ਹਾਂ ਦੇ ਮੁੱਖ ਸ਼ਾਗਿਰਦ ਸਨ, ਉਹ ਸਭ ਸ਼ਾਸਤਰਾਂ ਨੂੰ ਜਾਣ ਚੁਕੇ ਸਨ। ਉਨ੍ਹਾਂ ਨੂੰ ਸਾਰੇ ਵੇਦਾਂ ਦੀ ਜਾਣਕਾਰੀ ਸੀ। ਪ੍ਰਸਿੱਧ ਵਿਦਵਾਨ ਸਨ। ਉਹ ਮਹਾਂਵੀਰ ਨੂੰ ਫੌਰਨ ਸਮਝ ਗਏ, ਕਿਉਂਕਿ ਜੋ ਸ਼ਾਸਤਰਾਂ ਵਿਚੋਂ ਬਾਕੀ ਰਹਿ ਗਿਆ ਸੀ ਉਹ ਮਹਾਂਵੀਰ ਵਿਚ ਮੌਜੂਦ ਸੀ। ਉਹ ਫੌਰਨ ਹੀ ਇਨ੍ਹਾਂ ਦੀ ਪਕੜ ਵਿਚ ਆ ਗਿਆ।

ਮਹਾਂਕਸ਼ਯਪ ਸਾਰਿਪੁੱਤ, ਮੋਦਗਲਿਯਾਯਨ ..ਇਹ ਸਭ ਮਹਾਂ-ਪੰਡਤ ਸਨ। ਇਹ ਸਭ ਸ਼ਾਸਤਰਾਂ ਨੂੰ ਖੋਜ ਚੁਕੇ ਸਨ। ਸ਼ਾਸਤਰਾਂ ਵਿਚ ਕਿਤੇ ਵੀ ਕੁਝ ਬਾਕੀ ਨਹੀਂ ਬਚਿਆ ਸੀ। ਫੇਰ ਵੀ ਗੱਲ ਕੁਝ ਅਧੂਰੀ ਰਹਿ ਗਈ ਸੀ। 'ਇਸ' ਆਦਮੀ ਦੀ ਮੌਜੂਦਗੀ ਨਾਲ ਸ਼ਾਸਤਰਾਂ ਵਿਚ ਜੋ ਕਮੀ ਸੀ, ਉਹ ਫੌਰਨ ਪੂਰੀ ਹੋ ਗਈ। ਜਿਥੋਂ-ਜਿਥੋਂ ਜੋ-ਜੋ ਸ਼ਾਸਤਰ ਅਧੂਰਾ ਸੀ, ਬੁੱਧ ਨੂੰ ਵੇਖਦੇ ਹੀ ਉਹ ਪੂਰਾ ਹੋ ਗਿਆ। ਸ਼ਾਸਤਰਾਂ ਨੇ ਜਿਸ ਪਾਸੇ ਇਸ਼ਾਰਾ ਕੀਤਾ ਸੀ, ਇਹ ਉਹੀ ਆਦਮੀ ਸੀ। ਇਨ੍ਹਾਂ ਮਹਾਂ-ਪੰਡਤਾਂ ਨੇ ਫੌਰਨ ਬੁੱਧ ਜਾਂ ਮਹਾਂਵੀਰ ਦੇ ਪੈਰਾਂ ਵਿਚ ਸਿਰ ਰਖਿਆ। ਆਪਣੇ ਸ਼ਾਸਤਰਾਂ ਨੂੰ ਅੱਗ ਵਿਚ ਸੁਟ ਦਿੱਤਾ। ਉਨ੍ਹਾਂ ਕਿਹਾ ਇਨ੍ਹਾਂ ਦੀ ਹੁਣ ਕੋਈ ਲੋੜ ਨਹੀਂ। ਕਿਉਂਕਿ ਜਿਸ ਨੂੰ ਅਸੀਂ ਲੱਭ ਰਹੇ ਸੀ, ਉਹ ਇਸ ਜਿਉਂਦੇ ਆਦਮੀ ਵਿਚ ਮਿਲ ਗਿਆ ਹੈ। ਨਕਸ਼ੇ ਦੀ ਲੋੜ ਉਦੋਂ ਤਕ ਹੀ ਹੁੰਦੀ ਹੈ ਜਦੋਂ ਤੱਕ ਉਹ ਘਰ ਮਿਲ ਨਾ ਜਾਵੇ, ਜਿਸ ਨੂੰ ਤੁਸੀਂ ਲੱਭ ਰਹੇ ਹੋ। ਜਦੋਂ ਮਹਾਂਵੀਰ ਨੇ ਕਿਹਾ ਛੱਡ ਦਿਓ ਵੇਦ। ਤਾਂ ਇਨ੍ਹਾਂ ਵਿਦਵਾਨਾਂ ਦਾ ਜਵਾਬ ਸੀ ਛੁੱਟ ਗਏ। ਤੁਹਾਨੂੰ ਵੇਖ ਕੇ ਹੀ ਛੁੱਟ ਗਏ। ਛੱਡਣ ਲਈ ਹੁਣ ਬਾਕੀ ਕੁਝ ਬਚਿਆ ਹੀ ਨਹੀਂ, ਤੁਸੀਂ ਉਸ ਸਭ ਕੁਝ ਦੇ ਜਿਉਂਦੇ-ਜਾਗਦੇ ਸਬੂਤ ਹੋ, ਜਿਸਨੂੰ ਅਸੀਂ ਹੁਣ ਤੱਕ ਲੱਭ ਰਹੇ ਸੀ?

ਸ਼ਾਸਤਰ ਜੇਕਰ ਠੀਕ ਤਰ੍ਹਾਂ ਸਮਝਿਆ ਹੋਵੇ ਤਾਂ ਉਸਨੂੰ ਛੱਡਣ ਵਿਚ ਜ਼ਰਾ ਵੀ ਮੁਸ਼ਕਿਲ ਪੇਸ਼ ਨਹੀਂ ਆਉਂਦੀ। ਜਿਨ੍ਹਾਂ ਲੋਕਾਂ ਨੂੰ ਸ਼ਾਸਤਰ ਸਹੀ ਢੰਗ ਨਾਲ ਸਮਝ ਨਹੀਂ ਆਉਂਦਾ। ਮੁਸ਼ਕਿਲ ਉਨ੍ਹਾਂ ਦੀ ਹੀ ਹੁੰਦੀ ਹੈ। ਉਹ ਉਸਨੂੰ ਰਖਦੇ ਹਨ। ਜਿਨ੍ਹਾਂ ਨੂੰ ਸ਼ਾਸਤਰ ਪਚ ਜਾਂਦਾ ਹੈ, ਉਨ੍ਹਾਂ ਨੂੰ ਛੱਡਣ ਵਿਚ ਕੀ ਅੜਚਣ ਹੈ? ਛੁੱਟ ਹੀ ਗਿਆ, ਜਿਥੇ ਸ਼ਾਸਤਰ ਪੂਰਾ ਹੁੰਦਾ ਹੈ, ਉਥੋਂ ਗੁਰੂ ਵੱਲ ਨਜ਼ਰ ਉੱਠਣੀ ਸ਼ੁਰੂ ਹੁੰਦੀ ਹੈ।

ਗੁਰੂ ਤੋਂ ਬਿਨਾਂ ਕੋਈ ਉਪਾਅ ਨਹੀਂ। ਸ਼ਾਸਤਰ ਨਾਲ ਇਸ ਤੋਂ ਵਧੇਰੇ ਹੋਰ ਕੁਝ ਵੀ ਨਹੀਂ ਹੁੰਦਾ। ਏਨਾ ਹੀ ਹੋ ਜਾਵੇ ਤਾਂ ਕਾਫੀ ਹੈ। ਬੱਸ ਇੰਨਾ ਹੀ ਹੋ ਸਕਦਾ ਹੈ। ਪਰ ਇਹ ਵੀ ਤੁਹਾਡੀ ਬੁੱਧੀਮਾਨੀ ਉੱਤੇ ਨਿਰਭਰ ਹੈ। ਜੇਕਰ ਤੁਸੀਂ ਆਪਣੇ ਹੀ ਅਰਥ ਕੱਢਦੇ ਰਹੋ ਤਾਂ ਸ਼ਾਇਦ ਇਹ ਵੀ ਨਹੀਂ ਹੋ ਸਕੇਗਾ।

ਮੁੱਲਾ ਨਸਰੁਦੀਨ ਇਕ ਮੰਦਰ ਕੋਲੋਂ ਗੁਜ਼ਰ ਰਿਹਾ ਸੀ। ਮੰਦਰ ਵਿਚ ਪੂਜਾ ਚੱਲ ਰਹੀ ਸੀ। ਆਰਤੀ ਉਤਾਰੀ ਜਾ ਰਹੀ ਸੀ ਢੋਲ ਵੱਜ ਰਹੇ ਸਨ ਘੰਟੇ ਦਾ ਨਾਚ ਹੋ ਰਿਹਾ ਸੀ। ਉਹ ਅੰਦਰ ਗਿਆ ਅਤੇ ਪੁਛਿਆ ਇਹ ਕੀ ਹੋ ਰਿਹਾ ਹੈ ਤਾਂ ਲੋਕਾਂ ਨੇ ਕਿਹਾ 'ਅਸੀਂ ਆਰਤੀ ਉਤਾਰ ਰਹੇ ਹਾਂ। ਤਾਂ ਨਸਰੁਦੀਨ ਬੋਲਿਆ 'ਆਰਤੀ ਨੂੰ ਉਤਾਰ ਰਹੇ ਹੋ? ਜੇਕਰ ਉਤਾਰਨਾ ਨਹੀਂ ਆਉਂਦਾ ਤਾਂ ਚੜ੍ਹਾਈ ਕਿਉਂ ਸੀ?

ਇਹ ਅਰਥ ਕਢਿਆ ਉਸਨੇ। ਅਰਥ ਤਾਂ ਬਿਲਕੁਲ ਸਾਫ ਹੈ ਕਿ ਜਦੋਂ ਉਤਾਰਨਾ ਹੀ ਨਹੀਂ ਆਉਂਦਾ, ਇੰਨਾ ਧੂਮ ਧੜਕਾ ਕਰ ਰਹੇ ਹੋ ਇੰਨਾਂ ਹੰਗਾਮਾ ਕਰ ਰਹੇ ਹੋ ਅਤੇ ਇਹ ਉਤਰ ਨਹੀਂ ਰਹੀ ਹੈ ਤਾਂ ਫੇਰ ਇਹ ਚੜ੍ਹਾਈ ਹੀ ਕਿਉਂ ਸੀ? ਪਹਿਲਾਂ ਉਤਾਰਨਾ ਸਿੱਖੋ, ਫੇਰ ਚੜ੍ਹਾਓ।

ਤੁਸੀਂ ਸ਼ਾਸਤਰ ਨੂੰ ਪੜ੍ਹ ਕੇ ਜੋ ਵੀ ਅਰਥ ਕੱਢੋਗੇ, ਉਹ ਅਰਥ ਤੁਹਾਡਾ ਹੋਵੇਗਾ, ਤੁਹਾਡੇ ਅੰਦਰੋਂ ਆਵੇਗਾ। ਨਸਰੁਦੀਨ ਨੂੰ ਇਹ ਪਤਾ ਹੀ ਨਹੀਂ ਸੀ ਕਿ ਆਰਤੀ



Sri Satguru Jagjit Singh Ji eLibrary NamdhariElibrary@gmail.com

ਉਤਾਰਨਾ ਕੀ ਹੁੰਦਾ ਹੈ। ਉਹ ਸਮਝਿਆ ਕਿ ਸ਼ਾਇਦ ਕੋਈ ਚੀਜ਼ ਉੱਪਰ ਚੜਾ ਦਿੱਤੀ ਗਈ ਹੈ, ਚੜ੍ਹ ਗਈ ਹੈ। ਹੁਣ ਉਹ ਹੇਠਾਂ ਨਹੀਂ ਉਤਰ ਰਹੀ।

ਸ਼ਬਦ ਕਦੇ ਵੀ ਪੂਰਾ ਨਹੀਂ ਹੁੰਦਾ। ਇਹ ਕੋਈ ਵਸਤੂ ਨਹੀਂ ਹੈ। ਸ਼ਬਦ ਸਿਰਫ਼ ਸੰਕੇਤ ਹੈ। ਸੰਕੇਤ ਪੂਰਾ ਨਹੀਂ ਹੋ ਸਕਦਾ। ਸੰਕੇਤ ਦਾ ਅਰਥ ਹੈ ਕਿ ਇਹ ਕੇਵਲ ਇਸ਼ਾਰਾ ਹੈ। ਸੜਕ ਕੰਢੇ ਪੱਥਰ ਲੱਗਿਆ ਹੈ ਦਿੱਲੀ ਵੱਲ। ਉਸ ਉਪਰ ਲਿਖਿਆ ਹੈ 'ਦਿੱਲੀ' ਅਤੇ ਇਕ ਤੀਰ ਲੱਗਾ ਹੈ। ਪਰ ਦਿੱਲੀ ਉਥੇ ਨਹੀਂ ਹੈ। ਜੇਕਰ ਤੁਸੀਂ ਸ਼ਾਸਤਰ ਨੂੰ ਵੇਖ ਕੇ ਸਮਝਦੇ ਹੋ ਕਿ ਆ ਗਈ ਦਿੱਲੀ ਤਾਂ ਗਲਤ ਸਮਝਦੇ ਹੋ। ਉਹ ਸਿਰਫ਼ ਪੱਥਰ ਹੈ, ਜਿਥੇ ਕਿ ਇਕ ਤੀਰ ਲਗਿਆ ਹੋਇਆ ਹੈ। ਇਸਦਾ ਅਰਥ ਕੇਵਲ ਇੰਨਾ ਹੈ ਕਿ ਅਗਾਂਹ ਇਸ ਪਾਸੇ ਵੱਲ ਯਾਤਰਾ ਜਾਰੀ ਹੈ। ਹਾਲੇ ਹੋਰ ਅਗਾਂਹ ਜਾਣਾ ਹੈ। ਜਦੋਂ ਦਿੱਲੀ ਸੱਚਮੁੱਚ ਆਵੇਗੀ ਤਾਂ ਪੱਥਰ ਉੱਪਰ '੦' (ਸਿਫਰ) ਬਣਿਆ ਹੋਵੇਗਾ। ਉਥੇ ਤੀਰ ਨਹੀਂ ਸਗੋਂ ਸਿਫਰ (ਜ਼ੀਰੋ) ਹੋਵੇਗਾ ਅਤੇ ਜਿਸ ਦਿਨ ਤੁਹਾਡੇ ਅੰਦਰ ਵੀ ਜ਼ੀਰੋ ਆ ਜਾਵੇ, ਸ਼ੂਨਯ ਆ ਜਾਵੇ ਤਾਂ ਸਮਝਣਾ ਕਿ ਆ ਗਈ ਦਿੱਲੀ। ਉਸ ਦਿਨ ਤੁਸੀਂ ਪਹੁੰਚ ਗਏ। ਆ ਗਈ ਮੰਜ਼ਿਲ। ਸ਼ੂਨਯ ਤੋਂ ਪਹਿਲਾਂ ਕਿਤੇ ਵੀ ਕੋਈ ਮੰਜ਼ਿਲ ਨਹੀਂ ਹੈ।

ਸ਼ਾਸਤਰ ਵਿਚ ਖੋਜੋ। ਜੇਕਰ ਸਮਝ ਹੋਵੇ ਤਾਂ ਸ਼ਾਸਤਰ ਬੜੇ ਪਿਆਰੇ ਹਨ। ਕਿਉਂਕਿ ਜਿਨ੍ਹਾਂ ਵਿਚੋਂ ਉਹ ਨਿਕਲੇ ਹਨ, ਉਹ ਬੜੇ ਅਨੋਖੇ ਸਨ। ਉਨ੍ਹਾਂ ਸ਼ਾਸਤਰਾਂ ਵਿਚ, ਉਨ੍ਹਾਂ ਲੋਕਾਂ ਦੀ ਥੋੜ੍ਹੀ ਜਿਹੀ ਝਲਕ ਤਾਂ ਆ ਹੀ ਗਈ ਹੈ। ਜੋ ਜੋ ਸ਼ਬਦ ਉਨ੍ਹਾਂ ਲੋਕਾਂ ਦੇ ਬੁੱਲ੍ਹਾਂ ਉੱਪਰੋਂ ਗੁਜ਼ਰਿਆ, ਜੋ ਇਸ ਯੋਗ ਸਮਝਿਆ ਗਿਆ ਕਿ ਬੁੱਧ ਨੇ ਉਸਦੀ ਵਰਤੋਂ ਆਪਣੀ ਬਾਣੀ ਵਿਚ ਕੀਤੀ, ਉਸ ਵਿਚ ਬੁੱਧ ਥੋੜ੍ਹੇ ਜਿਹੇ ਤਾਂ ਸਮਾਅ ਹੀ ਗਏ ਹੋਣਗੇ।

ਜੇਕਰ ਤੁਹਾਡੇ ਵਿਚ ਜ਼ਰਾ ਜਿੰਨੀ ਸਮਝ ਹੋਵੇ ਤਾਂ ਇੰਨੀ ਕੁ ਝਲਕ ਉਸ ਸ਼ਬਦ ਵਿਚੋਂ ਤੁਹਾਨੂੰ ਵੀ ਆ ਜਾਵੇਗੀ, ਪਰ ਉਸਦੇ ਲਈ ਬੜਾ ਹਲਕਾ, ਬੜਾ ਸ਼ਾਂਤ ਅਤੇ ਸਮਝਦਾਰ ਹਿਰਦਾ ਹੋਣਾ ਚਾਹੀਦਾ ਹੈ। ਬਹੁਤ ਹਮਦਰਦੀ ਭਰੇ ਹਿਰਦੇ ਦੀ ਲੋੜ ਹੈ। ਤਦ ਹੀ ਉਸ ਸ਼ਬਦ ਵਿਚੋਂ ਥੋੜ੍ਹੀ ਜਿਹੀ ਝਲਕ ਤੁਹਾਨੂੰ ਮਿਲੇਗੀ। ਜੇਕਰ ਜ਼ੋਰ ਨਾਲ ਝਪਟਾ ਮਾਰ ਕੇ ਸ਼ਬਦ ਨੂੰ ਫੜਿਆ ਅਤੇ ਜ਼ੁਬਾਨੀ ਯਾਦ ਕਰ ਲਿਆ ਤਾਂ ਸਮਝੋ ਉਹ ਸ਼ਬਦ ਮਰ ਗਿਆ।

ਸ਼ਬਦ ਬਹੁਤ ਕੋਮਲ ਹਨ। ਉਨ੍ਹਾਂ ਨੂੰ ਗਰਦਨੋਂ ਫੜਨ ਦੀ ਜ਼ਰੂਰਤ ਨਹੀਂ। ਫੁੱਲਾਂ ਵਾਂਗ ਹਨ, ਸੋ ਜਿਸ ਤਰ੍ਹਾਂ ਇਕ ਕਵੀ ਸ਼ਬਦ ਦੀ ਵਰਤੋਂ ਕਰਦਾ ਹੈ, ਉਸੇ ਤਰ੍ਹਾਂ ਜਦੋਂ ਕੋਈ ਸ਼ਾਸਤਰ ਪੜ੍ਹਨ ਵਾਲਾ ਸ਼ਬਦ ਦੀ ਵਰਤੋਂ ਕਰਨ ਲੱਗਦਾ ਹੈ, ਬਹੁਤ ਹੌਲੀ ਚੱਲਦਾ ਹੈ। ਕੋਮਲਤਾ ਨਾਲ ਛੂੰਹਦਾ ਹੈ, ਪੁਚਕਾਰਦਾ ਹੈ...ਤਾਂ ਕਿ ਉਸ ਵਿਚੋਂ ਅਰਥ ਨਿਕਲ ਆਵੇ...ਸ਼ਬਦ ਨੂੰ ਨਿਚੋੜਦਾ ਨਹੀਂ, ਉਸਦੀ ਗਰਦਨ ਨਹੀਂ ਮਰੋੜਦਾ, "ਉਸ ਦੀ ਜਾਨ ਕੱਢ ਕੇ ਅਰਥ ਵੇਖ ਲਈਏ"... ਤਾਂ ਅਰਥ ਖੁਦ ਹੀ ਪਰਗਟ ਹੁੰਦਾ ਹੈ।

ਸ਼ਾਸਤਰਾਂ ਵਿਚ ਜੋ ਸ਼ਬਦ ਹਨ, ਉਹ ਵੀ ਤੁਹਾਡੀ ਹਮਦਰਦੀ ਨਾਲ ਮੁੜ ਜਿਉਂਦੇ ਹੋ ਸਕਦੇ ਹਨ। ਉਹਨਾਂ ਵਿਚ ਅਰਥ ਇਸ ਤਰ੍ਹਾਂ ਭਰਿਆ ਹੋਇਆ ਨਹੀਂ ਕਿ ਤੁਸੀਂ ਨਿਚੋੜ ਲਿਆ ਅਤੇ ਪੀ ਗਏ। ਉਹ ਕੋਈ ਫਲਾਂ ਦਾ ਰਸ ਨਹੀਂ ਹੈ ਕਿ ਨਿਚੋੜਿਆ ਅਤੇ ਪੀ ਲਿਆ। ਸ਼ਬਦ ਵਿਚੋਂ ਅਰਥ ਨਿਕਲ ਸਕਦਾ ਹੈ, ਜੇਕਰ ਤੁਸੀਂ ਹਮਦਰਦੀ ਨਾਲ ਪ੍ਰੇਮ ਨਾਲ ਸ਼ਬਦ ਨੂੰ ਸਮਝੋ, ਛੂਹੋ ਅਤੇ ਰਾਜ਼ੀ ਕਰ ਲਵੋ।

ਇਸੇ ਲਈ, ਹਿੰਦੋਸਤਾਨ ਵਿਚ, ਅਸੀਂ ਸ਼ਾਸਤਰਾਂ ਦਾ ਅਧਿਐਨ ਨਹੀਂ ਕਰਦੇ—ਪਾਠ ਕਰਦੇ ਹਾਂ। ਪਾਠ ਅਤੇ ਅਧਿਐਨ ਵਿਚ ਇਹੋ ਫ਼ਰਕ ਹੈ। ਅਧਿਐਨ ਦਾ ਮਤਲਬ ਹੈ—ਤਰਕ ਨਾਲ ਨਿਚੋੜੋ, ਵਿਸ਼ਲੇਸ਼ਣ ਨਾਲ ਅਰਥ ਕੱਢੋ। ਪਾਠ ਦਾ ਅਰਥ ਹੁੰਦਾ ਹੈ, ਕੇਵਲ ਗਾਓ, ਭਜਨ ਕਰੋ, ਗੀਤ ਵਾਂਗ ਗਾਓ—ਕੋਈ ਜਲਦੀ ਨਹੀਂ ਅਰਥ ਕੱਢਣ ਦੀ। ਸ਼ਬਦਾਂ ਨੂੰ ਆਪਣੇ ਅੰਦਰ ਉਤਰਨ ਦਿਓ, ਡੁੱਬਣ ਦਿਓ, ਤੁਹਾਡੇ ਖ਼ੂਨ ਵਿਚ ਰਚ-ਮਿਚ ਜਾਣ, ਤੁਹਾਡੇ ਅਚੇਤਨ ਮਨ ਵਿਚ ਸਮਾਅ ਜਾਣ। ਜੇਕਰ ਤੁਸੀਂ ਉਹਨਾਂ ਵਿਚ ਇਕ-ਮਿਕ ਹੋ ਜਾਵੋ, ਤਾਂ ਸ਼ਾਇਦ ਅਰਥ ਨਿਕਲ ਆਵੇ।

ਸ਼ਾਸਤਰ ਵਿਚ ਥੋੜਾ ਜਿੰਨਾ ਅਰਥ, ਬੇਹੱਦ ਹਮਦਰਦੀ ਨਾਲ ਹੀ ਤੁਹਾਨੂੰ ਮਿਲ ਸਕਦਾ ਹੈ। ਇਹੋ ਅਰਥ, ਤੁਹਾਨੂੰ ਗੁਰੂ ਵੱਲ ਲਿਜਾਣ ਵਿਚ ਸਹਾਈ ਹੁੰਦਾ ਹੈ। ਉਹ ਅਰਥ ਤੁਹਾਨੂੰ ਕਹੇਗਾ, 'ਇਹ ਤਾ ਸ਼ਾਸਤਰ ਹੈ। ਹੁਣ ਉਸ ਦੀ ਖੋਜ ਕਰੋ, ਜਿਸ ਵਿਚੋਂ ਇਹ ਅਰਥ ਨਿਕਲਿਆ ਹੈ। ਕਿਉਂਕਿ ਜਦੋਂ ਸ਼ਾਸਤਰ ਵਿਚ ਏਨਾ ਹੈ, ਤਾਂ ਜਿਸ ਵਿਚੋਂ ਉਹ ਸ਼ਾਸਤਰ ਨਿਕਲਿਆ ਹੈ, ਉਸ ਵਿਚ ਕਿੰਨਾ ਹੋਵੇਗਾ।

ਬੁੱਧ ਦੇ ਵਚਨ ਪੜ੍ਹੋ। ਧੰਮਪਦ ਪੜ੍ਹਿਆ। ਧੰਮਪਦ ਬੜਾ ਪਿਆਰਾ ਹੈ। ਪਰ ਕਿੰਨਾ ਹੀ ਪਿਆਰਾ ਹੋਵੇ, ਬੁੱਧ ਨਾਲ ਇਸਦੀ ਕੀ ਤੁਲਨਾ...ਨਾਲ ਤਾਂ ਇਹ ਅੰਦਾਜ਼ਾ ਵੀ



Sri Satguru Jagjit Singh Ji eLibrary NamdhariElibrary@gmail.com

ਨਹੀਂ ਲੱਗ ਸਕਦਾ ਕਿ ਬੁੱਧ ਕੀ ਕੁਝ ਰਹੇ ਹੋਣਗੇ। ਧਮਪਦ ਪਿਆਰਾ ਹੈ, ਤਾਂ ਹੁਣ ਬੁੱਧ ਦੀ ਖੋਜ ਕਰੋ।

ਬੁੱਧ ਕੋਈ ਅਜਿਹੀ ਘਟਨਾ ਨਹੀਂ ਹਨ, ਕਿ ਇਕ ਵਾਰ ਹੋ ਕੇ ਨਸ਼ਟ ਹੋ ਗਏ ਹੋਣ। ਬੁੱਧ ਰੋਜ਼ ਹੁੰਦੇ ਰਹਿੰਦੇ ਹਨ। ਅਨੇਕਾਂ ਲੋਕਾਂ ਵਿਚ ਬੁੱਧਤਵ ਦੀ ਘਟਨਾ ਵਾਪਰਦੀ ਹੈ। ਇਹ ਧਰਤੀ, ਬੁੱਧਾਂ ਤੋਂ ਕਦੀ ਵੀ ਖਾਲੀ ਨਹੀਂ ਹੁੰਦੀ। ਬੁਧ ਸਦਾ ਮੌਜੂਦ ਹੁੰਦੇ ਹਨ। ਪੱਚੀ ਸੌ ਸਾਲ ਪਿੱਛੇ ਜਾ ਕੇ ਬੁੱਧ ਨੂੰ ਲੱਭਣ ਦੀ ਲੋੜ ਨਹੀਂ। ਧੰਮਪਦ ਵਾਲੇ ਬੁੱਧ, ਜੇਕਰ ਨਾ ਵੀ ਮਿਲਣ, ਤਾਂ ਕੋਈ ਹਰਜ਼ ਨਹੀਂ। ਕੋਈ ਹੋਰ ਬੁੱਧ ਮਿਲ ਜਾਵੇਗਾ।

ਗੁਰੂ ਦਾ ਇਹੋ ਅਰਥ ਹੈ।

ਧੰਮਪਦ ਪੜ੍ਹਿਆ, ਗੀਤਾ ਪੜ੍ਹੀ। ਗੀਤਾ ਪੜ੍ਹਕੇ ਰਸ ਆਇਆ, ਤਾਂ ਹੁਣ ਕ੍ਰਿਸ਼ਨ ਦੀ ਖੋਜ ਕਰੋ। ਕ੍ਰਿਸ਼ਨ ਸਦਾ ਮੌਜੂਦ ਹਨ। ਗੁਰੂ ਦਾ ਅਰਥ ਹੈ—ਹੁਣ ਅਸੀਂ ਉਸਨੂੰ ਖੋਜਾਂਗੇ, ਜਿਸ ਵਿਚੋਂ ਸ਼ਾਸਤਰ ਨਿਕਲਦੇ ਹਨ। ਹੁਣ ਅਸੀਂ 'ਜੋ ਵਹਿ ਚੁਕਾ ਹੈ' ਉਸ ਨਾਲ ਹੀ ਸੰਤੁਸ਼ਟ ਨਹੀਂ ਰਹਾਂਗੇ। ਹੁਣ ਅਸੀਂ ਧੁਰ ਗੰਗੋਤਰੀ ਤੱਕ ਪਹੁੰਚਾਂਗੇ। ਇਵੇਂ ਹੀ ਸ਼ਾਸਤਰਾਂ ਦੀ ਯਾਤਰਾ ਮੁਕੰਮਲ ਕਰਕੇ, ਗੁਰੂ ਤੱਕ ਪਹੁੰਚਣਾ ਹੁੰਦਾ ਹੈ।

ਧਰਤੀ, ਕਦੇ ਵੀ ਗੁਰੂ ਤੋਂ ਖਾਲੀ ਨਹੀਂ ਹੁੰਦੀ। ਕਿਤੇ ਨਾ ਕਿਤੇ, ਕੋਈ ਨਾ ਕੋਈ ਬੁੱਧ ਮੌਜੂਦ ਹੈ। ਕਿਤੇ ਨਾ ਕਿਤੇ, ਕੋਈ ਨਾ ਕੋਈ ਕ੍ਰਿਸ਼ਨ ਜਾਂ ਕ੍ਰਾਈਸਟ ਮੌਜੂਦ ਹੈ।

ਤਕਲੀਫ਼ ਤੁਹਾਡੀ ਇਹ ਹੈ, ਕਿ ਤੁਸੀਂ ਹਮੇਸ਼ਾਂ ਪੁਰਾਣੇ ਲੇਬਲ ਨਾਲ ਜਿਉਂਦੇ ਹੋ, ਕਿ ਉਸ ਉੱਪਰ 'ਕ੍ਰਿਸ਼ਨ' ਲਿਖਿਆ ਹੋਵੇ। ਪਰ ਉਹ, ਤੁਹਾਨੂੰ ਹੁਣ ਕਿਤੇ ਨਹੀਂ ਮਿਲੇਗਾ। ਕਿ ਉਸ ਉੱਤੇ 'ਮਹਾਂਵੀਰ' ਲਿਖਿਆ ਹੋਵੇ, ਤਾਂ ਹੀ ਅਸੀਂ ਮੰਨਾਂਗੇ। ਕਿ ਉਸ ਉੱਤੇ 'ਮਹਾਂਵੀਰ' ਲਿਖਿਆ ਸੀ, ਉਹ ਬੱਸ ਇਕ ਵਾਰ ਹੋ ਚੁੱਕਿਆ। ਗੁਰੂ ਹੁਣੇ ਹੀ ਮਿਲ ਸਕਦਾ ਹੈ, ਪਰ ਉਹ ਪੁਰਾਣੇ ਨਾਮ ਨਾਲ ਨਹੀਂ ਮਿਲੇਗਾ।

ਕੇਵਲ ਨਾਮ ਹੀ ਮਿਟਦੇ ਹਨ। ਨਾਮ ਬਦਲਦੇ ਚਲੇ ਜਾਂਦੇ ਹਨ। ਸ਼ਾਸਤਰ ਨੂੰ, ਜੇਕਰ ਪ੍ਰੇਮ ਅਤੇ ਹਮਦਰਦੀ ਨਾਲ ਸਮਝਿਆ ਹੋਵੇ, ਉਸਦੀ ਕਵਿਤਾ ਨੂੰ ਆਪਣੇ ਅੰਦਰ-ਅੰਦਰ ਰਚ ਪਚ ਜਾਣ ਦਿੱਤਾ ਹੋਵੇ, ਉਸਦਾ ਗੀਤ ਤੁਹਾਡੇ ਅੰਦਰ ਗੂੰਜਣ ਲੱਗਿਆ ਹੋਵੇ, ਤਾਂ ਤੁਸੀਂ ਸਮਝ ਜਾਵੋਗੇ ਕਿ ਨਾਵਾਂ ਦਾ ਕੋਈ ਮੁੱਲ ਨਹੀਂ। ਫਿਰ 'ਕ੍ਰਿਸ਼ਨ' ਤੁਹਾਨੂੰ ਕਿਤੋਂ ਵੀ ਮਿਲ ਸਕਦੇ ਹਨ। ਜੇਕਰ ਗੀਤਾ, ਤੁਹਾਨੂੰ ਕਿਸੇ ਜਿਉਂਦੇ 'ਕ੍ਰਿਸ਼ਨ' ਤੱਕ ਨਾ ਪਹੁੰਚਾ ਦੇਵੇ, ਤਾਂ ਗੀਤਾ ਦਾ ਕੋਈ ਸਾਰ ਨਹੀਂ। ਇਸੇ ਕਾਰਨ ਸਦੀਆਂ-ਸਦੀਆਂ ਤੱਕ ਗੀਤਾ ਦੀ, ਕੁਰਾਨ ਦੀ, ਬਾਈਬਲ ਦੀ ਚਰਚਾ, ਅਸੀਂ ਕਰਦੇ ਹਾਂ। ਉਹ ਚਰਚਾ ਇਸੇ ਲਈ ਹੈ। ਉਹ ਚਰਚਾ ਇਕ ਤਰ੍ਹਾਂ ਦਾ ਜਾਲ ਹੈ।

ਮੈਨੂੰ ਲੋਕ ਪੁੱਛਦੇ ਹਨ ਕਿ 'ਤੁਸੀਂ ਗੀਤਾ ਉਪਰ ਕਿਉਂ ਬੋਲਦੇ ਹੋ ?'

ਤੁਹਾਡੇ ਕਾਰਨ ਹੀ। ਤੁਹਾਡੇ ਕਾਰਨ ਹੀ ਇਹ ਮੁਸੀਬਤ ਲੈਣੀ ਪੈਂਦੀ ਹੈ। ਮੈਂ ਇਹ ਸਭ ਕੁਝ ਗੀਤਾ ਤੋਂ ਬਿਨਾਂ, ਸਿੱਧਾ ਵੀ ਬੋਲ ਸਕਦਾ ਹਾਂ। ਪਰ ਤੁਹਾਨੂੰ ਪੁਰਾਣੇ ਨਾਲ ਮੋਹ ਹੈ। ਕ੍ਰਿਸ਼ਨ ਨਾਲ ਮੋਹ ਹੈ। ਜੇਕਰ ਕ੍ਰਿਸ਼ਨ ਦਾ 'ਮਾਰਕਾ' ਉੱਪਰ ਲਗਿਆ ਹੋਵੇ, ਤਾਂ ਤੁਹਾਨੂੰ ਜਾਪਦਾ ਹੈ, ਕਿ ਠੀਕ ਹੈ। ਗੱਲ ਠੀਕ ਹੀ ਹੋਣੀ ਚਾਹੀਦੀ ਹੈ।

ਮੈਂ ਜੋ ਕਹਿ ਰਿਹਾ ਹਾਂ, ਉਹ 'ਮੈਂ' ਕਹਿ ਰਿਹਾ ਹਾਂ। ਇਹੋ ਕੁਝ ਮੈਂ ਕ੍ਰਿਸ਼ਨ ਨੂੰ ਪਾਸੇ ਰੱਖ ਕੇ ਵੀ ਕਹਿ ਸਕਦਾ ਹਾਂ। ਇਸ 'ਚ ਕੀ ਅੜਚਣ ਹੈ। ਕ੍ਰਿਸ਼ਨ ਨੂੰ ਵਿਚ ਲੈ ਵੀ ਲਵਾਂ, ਤਾਂ ਵੀ ਜੋ ਕੁਝ ਮੈਂ ਕਹਿਣਾ ਹੈ, ਮੈਂ ਉਹੀ ਕਹਾਂਗਾ। ਕ੍ਰਿਸ਼ਨ, ਉਸ ਵਿਚ ਕੋਈ ਦਖਲਅੰਦਾਜ਼ੀ ਨਹੀਂ ਕਰ ਸਕਦੇ। ਪਰ ਤੁਹਾਡੇ ਕਾਰਨ, 'ਕ੍ਰਿਸ਼ਨ' ਦੇ ਨਾਮ ਦੀ ਵਰਤੋਂ ਕਰਨੀ ਪੈਂਦੀ ਹੈ।

ਤੁਹਾਨੂੰ ਪੁਰਾਣੇ ਜਾਲਾਂ ਨਾਲ ਮੋਹ ਹੈ ਅਤੇ ਮੈਨੂੰ, ਮੱਛੀਆਂ ਨਾਲ ਮਤਲਬ ਹੈ। ਤੁਸੀਂ ਪੁਰਾਣੇ ਜਾਲ ਵਿਚ ਫਸਦੇ ਹੋ ਕਿ ਨਵੇਂ ਵਿਚ, ਇਸ ਨਾਲ ਕੀ ਫ਼ਰਕ ਪੈਂਦਾ ਹੈ ? ਤੁਹਾਡੇ ਜੇਕਰ ਪੁਰਾਣੇ ਨਾਲ ਮੋਹ ਹੈ, ਤਾਂ ਚਲੋ ਫੇਰ ਇਵੇਂ ਹੀ ਸਹੀ।

ਗੀਤਾ ਉੱਪਰ, ਕੁਰਾਨ ਉੱਪਰ, ਬਾਈਬਲ ਉੱਪਰ, ਤਾਓ-ਤੇ-ਕਿੰਗ ਉੱਪਰ ਜੇਕਰ ਹਜ਼ਾਰਾਂ ਸਾਲਾਂ ਤੱਕ ਚਰਚਾ ਚੱਲਦੀ ਹੈ, ਤਾਂ ਉਸਦਾ ਕਾਰਨ ਇਹ ਹੈ ਕਿ ਲੋਕ ਪੁਰਾਣੇ ਦੇ ਮੋਹ ਵਿਚ ਹਨ। ਠੀਕ ਹੈ। ਉਹਨਾਂ ਨੂੰ ਕਸ਼ਟ ਵੀ ਨਾ ਹੋਵੇ, ਅਤੇ ਹੌਲੀ-ਹੌਲੀ, ਜਦੋਂ ਉਹਨਾਂ ਦੀ ਸਮਝ ਵਿਚ ਆ ਜਾਵੇਗਾ, ਤਾਂ ਪੁਰਾਣੇ ਦਾ ਇਹ ਮੋਹ ਵੀ ਛੁੱਟ ਜਾਵੇਗਾ। ਸ਼ਾਸਤਰਾਂ ਤੋਂ ਗੁਰੂ, ਗੁਰੂ ਤੋਂ ਖੁਦ ਆਪਣੇ ਆਪ ਤੱਕ ਬੱਸ ਇਹੋ ਯਾਤਰਾ ਹੈ। ਸ਼ਾਸਤਰ ਲੈ ਜਾਵੇ ਗੁਰੂ ਤੱਕ, ਅਤੇ ਗੁਰੂ ਤੁਹਾਨੂੰ ਪਹੁੰਚਾ ਦੇਵੇਗਾ। ਜਦੋਂ ਤੱਕ ਤੁਹਾਡਾ ਖੁਦ ਦਾ ਸੁੰਨਖੰ (Nothings) ਨਾਂ ਆ ਜਾਵੇ, ਤਦ ਤਕ ਸਮਝਣਾ ਕਿ ਯਾਤਰਾ ਜਾਰੀ ਹੈ...ਮੰਜ਼ਿਲ ਹਾਲੇ ਨਹੀਂ ਆਈ।

(ਮਾਸਕ 'ਹਰਕਾਰਾ' ਜਲੰਧਰ ਚੋਂ ਧੰਨਵਾਦ ਸਹਿਤ)



Sri Satguru Jagjit Singh Ji eLibrary NamdhariElibrary@gmail.com

# ਲਹਿੰਦੇ ਪੰਜਾਬ ਦੀਆਂ ਮਿੰਨੀ ਨਜ਼ਮਾਂ

ਐਮ. ਅਸ਼ਰਫ਼ ਸੁਹੇਲ ਲਹਿੰਦੇ (ਪਾਕਿਸਤਾਨੀ) ਪੰਜਾਬ ਦਾ ਸਿਰੜੀ ਲੇਖਕ ਹੈ। ਉਹ ਲਗਨ ਅਤੇ ਇਸ਼ਕ ਵਰਗੀ ਸ਼ਿਦਤ ਨਾਲ ਪੰਜਾਬੀ ਸਾਹਿਤ ਦੀ ਸੇਵਾ ਵਿਚ ਲਗਾ ਹੋਇਆ ਹੈ। ਸ਼ਾਹ ਮੁਖੀ (ਉਰਦੂ) ਲਿੱਪੀ ਵਿਚ ਉਸ ਦੀਆਂ ਪੰਜਾਬੀ ਦੀਆਂ ਕਿਤਾਬਾਂ ਵਿਚ ਮਿੰਨੀ ਨਜ਼ਮਾਂ, ਮਿੰਨੀ ਕਹਾਣੀਆਂ ਛੱਪੀਆਂ ਨੇ ਜਿਨ੍ਹਾਂ ਵਿਚ ਚੜ੍ਹਦੇ ਲਹਿੰਦੇ ਪੰਜਾਬ ਦੇ ਅਦੀਬਾਂ ਦੀਆਂ ਰਚਨਾਵਾਂ ਸ਼ਾਮਲ ਹਨ। ਬਾਲਾਂ ਵਾਸਤੇ ਕਹਾਣੀਆਂ ਦੀਆਂ ਪੁਸਤਕਾਂ ਵੀ ਓਸ ਲਿਖੀਆਂ ਹਨ। ਅਮ੍ਰਿਤਾ ਪ੍ਰੀਤਮ ਦੇ ਨਾਵਲ ਚੱਕ ਨੰਬਰ ੩੬ ਨੂੰ ਵੀ ਉਹਨੇ ਫਾਰਸੀ ਲਿਪੀ ਪੰਜਾਬੀ ਵਿਚ ਛਪਵਾਇਆ ਏ। ਚੜ੍ਹਦੇ ਪੰਜਾਬ ਦੇ ਲੇਖਕਾਂ ਨੂੰ ਓਧਰਲੇ ਪੰਜਾਬ ਵਿਚ ਛਾਪਣ ਦਾ ਉਹਨੂੰ ਸ਼ੌਕ ਏ। ਦਲੀਪ ਕੌਰ ਟਿਵਾਣਾ, ਬਚਿੰਤ ਕੌਰ, ਹਰਦੇਵ ਚੌਹਾਨ ਜਿਹੇ ਲੇਖਕਾਂ ਦੀਆਂ ਕਿਤਾਬਾਂ ਦੇ ਫ਼ਾਰਸੀ ਲਿਪੀ ਦੇ ਉਤਾਰੇ ਵਾਲੀਆਂ ਪੁਸਤਕਾਂ ਛਪਾਈ ਹੇਠ ਹਨ।

"ਮਿੰਨੀ ਨਜ਼ਮਾਂ" ਨਾਮ ਦੀ ਕਿਤਾਬ ਵਿਚ ਉਸ ਨੇ ਕੋਈ ਪੰਜਾਹ ਤੋਂ ਉਤੇ ਪੰਜਾਬੀ ਸ਼ਾਇਰਾਂ ਦੀਆਂ ਮਿੰਨੀ ਕਵਿਤਾਵਾਂ ਛਾਪੀਆ ਨੇ। ਇਹ ਪੁਸਤਕ ਰਵੇਲ ਪਬਲੀਕੇਸ਼ਨਜ਼, ਅਮੀਰ ਰੋਡ, ਬਿਲਾਲ ਗੰਜ ਲਾਹੌਰ ਨੇ ਛਾਪੀ ਹੈ। ਉਸ ਪੁਸਤਕ ਵਿਚੋਂ ਕੁਝ ਲਹਿੰਦੇ ਪੰਜਾਬ ਦੇ ਸ਼ਾਇਰਾਂ ਦੀਆਂ ਨਜ਼ਮਾਂ ਅਸੀਂ ਛਾਪ ਰਹੇ ਹਾਂ।

—ਸੰਪਾਦਕ ਵਰਿਆਮ

**ਇਖਲਾਕ ਆਤਫ਼**

## ਸ਼ਾਇਰ

ਨਿਤ ਨਿਤ ਨਵੀਆਂ ਸੋਚਾਂ ਸੋਚੇ
ਪਰ ਜੋ ਸੋਚੇ ਹੋ ਨਹੀਂ ਸਕਦਾ
ਜੋ ਕੁਝ ਚਾਹਵੇ ਪਾ ਨਹੀਂ ਸਕਦਾ।
ਸਧਰ ਪੰਧ ਮੁਕਾ ਨਹੀਂ ਸਕਦਾ
ਕੰਧ ਰਸਮਾਂ ਦੀ ਢਾਹ ਨਹੀਂ ਸਕਦਾ।

## ਹੁਣ ਤੀਕਰ

ਆਪਣੀ ਧੁੱਪੇ ਸੜ ਗਏ ਹੁੰਦੇ
ਅਪਣੀ ਛਾਵੇਂ ਡਰ ਗਏ ਹੁੰਦੇ
ਤੁਸੀਂ ਨਾ ਜੇਕਰ ਹੱਸ ਕੇ ਤੱਕਦੇ,
ਅਸੀਂ ਚਿਰੋਕੇ ਮਰ ਗਏ ਹੁੰਦੇ।

## ਨਾਨਕ

ਕੋਈ ਓਹਨੂੰ ਮੁਸਲਾ ਆਖੇ
ਕੋਈ ਹਿੰਦੂ ਸਿੱਖ।
ਪਰ ਨਹੀਂ ਡਾਂਗਾਂ ਮਾਰਿਆਂ ਪੈਂਦੀ
ਵਿਚ ਸਮੁੰਦਰਾਂ ਵਿੱਥ।
ਢੇਰ ਔਖਿਆਈਆਂ ਬਾਦੋਂ ਲਭਦੀ
ਹੱਡਾਂ ਵਿਚੋਂ ਮਿੱਥ।

—o—

**ਡਾਕਟਰ ਅਸਹਾਕ ਜਾਵੇਦ**

## ਸਿਆਸਤਦਾਨ

ਬੜਾ ਸਿਆਣਾ
ਅਤ ਨਿਮਾਣਾ
ਸਾਡਿਆਂ ਨੰਗਿਆਂ ਜਿਸਮਾਂ ਉਤੋਂ
ਹੌਲੀ ਹੌਲੀ ਸਾਡੀ ਚਮੜੀ
ਖੋਤਰ ਖੋਤਰ ਕੇ ਪਿਆ ਖਾਂਦਾ
ਨਾਲੇ ਜ਼ਿੰਦਾਬਾਦ ਅਖਵਾਂਦਾ।

## ਲਾੜਾ

ਇਕ ਲੁਟੇਰਾ
ਜਿਹੜਾ ਆਪਣੇ ਸਾਕਾਂ ਤੇ ਸੰਗੀਆਂ ਦਾ
ਗੈਂਗ ਬਣਾ ਕੇ
ਢੋਲ ਵਜਾ ਕੇ
ਲੁੱਟਣ ਜਾਂਦਾ
ਇਕ ਬਾਬਲ ਦੀ ਅੱਖ ਦਾ ਤਾਰਾ
ਇਕ ਅਮੜੀ ਦੇ
ਦਿਲ ਦਾ ਨੂਰ।



Sri Satguru Jagjit Singh Ji eLibrary NamdhariElibrary@gmail.com

## ਵਹੁਟੀ

ਦੋ ਤਿੰਨ ਰਾਤਾਂ ਦੀ ਚੁਧਰਾਣੀ
ਫੇਰ ਉਹ ਕੰਮਾਂ ਕਾਜਾਂ ਵਾਲੀ
ਝਿੜਕਾਂ ਫੜਕਾਂ ਖਾਵਣ ਵਾਲੀ
ਸਾਰੇ ਘਰ ਦੀ ਇਕ ਨੁਕਰਾਣੀ।

## ਹਯਾਤੀ

ਸੁਬਹ ਹਯਾਤੀ ਬਾਲਕ ਵਾਂਗੂ
ਸਿਖਰ ਦੁਪਹਿਰ ਜਵਾਨੀ
ਸੁੱਕਾ ਸੜਿਆ ਬੁੱਢਾ ਕਿੱਕਰ
ਵਰ੍ਹਿਆਂ ਦੀ ਧੁੱਪਾਂ ਦਾ ਰੋਗੀ
ਹੁਣ ਤਾਰਾਂ ਦੇ ਖੰਭੇ ਵਾਂਗਰ
ਚੁੱਪ ਚਪੀਤਾ ਖਲਿਆ ਰਹਿੰਦਾ
ਧੂੜਾਂ ਝੱਖੜ ਸਹਿੰਦਾ

—o—

**ਅਫ਼ਜ਼ਲ ਅਹਸਨ ਰੰਧਾਵਾ**

## ਮੌਤ

ਘੁੱਟ ਕੇ ਮਿਲ ਲੈ ਇਕੋ ਵਾਰੀ
ਲਾਹ ਲੈ ਆਪਣੇ ਚਾਅ
ਘੜੀ ਕੁ ਨਾ ਮੈਂ ਨਾ ਤੇਰੀ
ਮਹਿਕੀ ਹੋਈ ਹਵਾ।

## ਮੈਂ

ਮੇਰੇ ਪਿੱਛੇ ਪਿੱਛੇ ਜ਼ਿੰਦਗੀ
ਮੇਰੇ ਅੱਗੇ ਅੱਗੇ ਮੌਤ।

**ਅਜਮਲ ਵਜੀਹ**

## ਦੁਆ

ਫ਼ੱਗਨ ਆਵੇ ਚੇਤਰ ਆਵੇ
ਮੌਸਮ ਦੇ ਇਹ ਚੱਕਰ ਇੰਜੇ
ਚਲਦੇ ਰਹਿਣ
ਸੋਹਣਿਆ ਰੱਬਾ
ਮੇਰੇ ਦਿਲ ਦੇ ਰੰਗ ਰੰਗੀਲੇ
ਵਿਹੜੇ ਦੇ ਵਿਚ
ਆਸ ਦੇ ਦੀਵੇ ਬਲਦੇ ਰਹਿਣ।

## ਲੱਜ

ਪੈਰਾਂ ਦੇ ਵਿਚ ਰੋਲ ਨਾ ਕੁੜੀਏ
ਮਾਪਿਆਂ ਦੀ ਲੱਜ
ਅਪਨੇ ਸਿਰ ਨੂੰ ਕੱਜ

—o—

**ਅਹਿਸਾਨ ਬਾਜਵਾ**

## ਬੇਅਕਲੀ

ਮੋਇਆਂ ਦੇ ਦਰ ਚਲਣ ਭੰਡਾਰੇ
ਜੀਉਂਦੇ ਭੁੱਖੇ ਮਰਦੇ
ਸਮਝ ਨਾ ਆਵੇ
ਅਕਲਾਂ ਵਾਲੇ
ਬੇਅਕਲੀ ਕਿਉਂ ਕਰਦੇ।

—0—

## ਹਨੇਰੀ ਰਾਤ

ਮੁਕ ਨਹੀਂ ਸਕਦੀ
ਓਨਾ ਤੀਕਰ
ਜਿਨਾ ਤੀਕਰ
ਲੋਕੀ ਚਾਨਣ ਦੀ
ਕਦਰ ਨਾ ਜਾਨਣ।

——

ਡੇਮੂਆਂ ਵਾਂਗੂੰ ਵੱਢ ਵੱਢ ਖਾਵਣ
ਇਸ ਜੀਵਨ ਦੀਆਂ ਥੋੜਾਂ
ਹੰਝੂ ਲਿਬੜੇ ਮੁਖੜਿਆਂ ਤੋਂ ਮੈਂ
ਫੇਰ ਵੀ ਹਾਸੇ ਲੋੜਾਂ।

—o—

(ਬਾਕੀ ਅਗਲੇ ਪਰਚੇ 'ਚ)



Sri Satguru Jagjit Singh Ji eLibrary NamdhariElibrary@gmail.com

ਪਿਤਾ ਸੀ ਨੂੰ ਯਾਦ ਕ ਦਿਆਂ :

# ਜਥੇਦਾਰ ਗੁਰਮੁਖ ਸਿੰਘ ਝੱਬਰ

—ਸੁਵਰਨ ਸਿੰਘ ਵਿਰਕ

ਚੇਤੇ ਦੇ ਘੁਸਮੁਸੇ ਹਨੇਰਿਆਂ ਵਿਚੋਂ ਜਿਹੜਾ ਬਿੰਬ ਉਭਰਦਾ ਹੈ ਉਹ ਬਾਪੂ ਜੀ ਦਾ ਹੈ ਜਦੋਂ ਉਹ ਆਪਣੀ ਉਮਰ ਦੇ ਸੱਠਵਿਆਂ ਦੇ ਤੀਜੇ ਚੌਥੇ ਵਰ੍ਹੇ ਵਿਚ ਸਨ ਕਰੜ ਬਰੜੀ ਭਰਵੀਂ ਦਾੜ੍ਹੀ, ਗੋਰਾ ਨਿਛੋਹ ਰੰਗ, ਛੇ ਫੁੱਟ ਤੋਂ ਪੌਣਾ ਅੱਧਾ ਉੱਚਾ ਕੱਦ, ਸਰੀਰ ਛਾਂਟਿਆ ਹੋਇਆ ਅਤੇ ਫੁਰਤੀਲਾ। ਅੱਖਾਂ ਛੋਟੀਆਂ ਵੀ ਨਹੀਂ ਅਤੇ ਜ਼ਿਆਦਾ ਵੱਡੀਆਂ ਵੀ ਨਹੀਂ। ਤੱਕਣੀ ਇਹੋ ਜਹੀ ਕਿ ਅਗਲੇ ਦੇ ਧੁਰ ਅੰਦਰਲੇ ਤਕ ਡੂੰਘੀ ਲਹਿ ਜਾਣ ਵਾਲੀ। ਨੱਕ ਦੀ ਘੋੜੀ ਰਤਾ ਕੁ ਖੱਬੇ ਪਾਸੇ ਨੂੰ ਮੁੜੀ ਹੋਈ। ਮੱਥਾ ਚੌੜਾ। ਸਿਰ ਤੇ ਨਾਮਮਾਤਰ ਕੇਸਾਂ ਦਾ ਜੂੜਾ ਜਿਹਨਾਂ ਦਾ ਰੰਗ ਅੰਤ ਸਮੇਂ ਤੱਕ ਵੀ ਅੱਧਿਆਂ ਦਾ ਕਾਲਾ ਹੀ ਰਿਹਾ। ਜਦੋਂ ਉਹ ਚੌਂਕੀ ਤੇ ਬੈਠ ਕੇ ਇਸ਼ਨਾਨ ਕਰਦੇ ਸਨ ਤਾਂ ਉਸ ਸਮੇਂ ਉਹਨਾਂ ਦੀ ਸ਼ਕਲ, ਅੰਮ੍ਰਿਤਸਰ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਲੱਗੇ ਬੰਦ-ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਦੇ ਚਿੱਤਰ ਨਾਲ ਮਿਲਣ ਦਾ ਭੁਲੇਖਾ ਪਾਉਂਦੀ ਸੀ। ਬਸਤਰਾਂ ਦੇ ਤੌਰ ਤੇ ਗਰਮੀਆਂ ਵਿਚ ਨਾਮਧਾਰੀ ਕਾਟ ਦਾ ਕੁੜਤਾ, ਸ਼ੁੱਧ ਖੱਦਰ ਦਾ ਅਤੇ ਕਛਹਿਰਾ। ਸਿਆਲ ਵਿਚ ਜਾਂ ਕਿਤੇ ਆਉਣ ਜਾਣ ਸਮੇਂ ਰੇਬ ਪਜਾਮਾ। ਦਸਤਾਰ ਸਮੇਤ ਬਾਕੀ ਬਸਤਰ ਸਦਾ ਹੀ ਚਿੱਟੇ ਰੰਗ ਦੇ ਹੁੰਦੇ ਸਿਵਾਏ ਕਿਸੇ ਇਕ ਅੱਧ ਗਰਮ ਸਿਆਲੂ ਪਹਿਰਾਵੇ ਦੇ। ਅੱਤ ਸਾਦਾ ਪਹਿਰਾਵੇ ਵਿਚ ਉਹਨਾਂ ਨੂੰ ਵੇਖਿਆ ਹੈ। ਪੈਰੀਂ ਸਦਾ ਹੀ ਚਮੜੇ ਦੀ ਦੇਸੀ ਜੁੱਤੀ ਹੁੰਦੀ। ਪਹਿਰਾਵੇ ਜਿਉਂ ਉਹਨਾਂ ਦੀ ਖੁਰਾਕ ਵੀ ਅੰਤ ਸਮੇਂ ਤੱਕ ਸ਼ੁੱਧ ਸਾਤਵਿਕ ਅਤੇ ਮੋਟੀ ਠੁੱਲ੍ਹੀ ਹੀ ਰਹੀ। ਵਿਅਸਨਾਂ ਅਤੇ ਵਿਅੰਜਨਾਂ ਤੋਂ ਉਮਰ ਭਰ ਦੂਰ ਰਹਿਣ ਵਾਲੇ ਸਾਡੇ ਬਾਪੂ ਜੀ ਨੂੰ ਨਾਮਧਾਰੀ ਜਗਤ ਵਿਚ ਜਥੇਦਾਰ ਗੁਰਮੁਖ ਸਿੰਘ "ਝੱਬਰ" ਦੇ ਨਾਉਂ ਨਾਲ ਜਾਣਿਆ ਜਾਂਦਾ ਹੈ।

ਪੁਸਤਕ "ਸਾਂਦਲ ਬਾਰ ਦਾ ਇਤਿਹਾਸ—ਵਿਰਕ ਅਤੇ ਹੋਰ" ਮੁਤਾਬਿਕ ਜੰਮੂ ਦੇ ਰਾਜੇ ਉਧਰ ਸੈਨ ਦੀ ਗੈਰ ਰਾਜਪੂਤ ਰਾਣੀ ਵਿਚੋਂ ਜੋ ਵਰਨ, ਧਰੰਗਤ ਅਤੇ ਵਿਰਕ ਤਿੰਨ ਪੁੱਤਰ ਬਾਰ੍ਹਵੀਂ ਸਦੀ ਈਸਵੀ ਵਿਚ ਹੋਏ ਉਹ ਜੰਮੂ ਤੋਂ ਹੇਠਾਂ ਉਤਰਕੇ ਗੁਜਰਾਂਵਾਲਾ, ਸ਼ੇਖੂਪੁਰਾ ਆਦਿ ਦੇ ਇਲਾਕੇ ਵਿਚ ਕੋਈ ਡੇੜ੍ਹ ਸੋ ਪਿੰਡਾਂ ਵਿਚ ਸਮਾਂ ਪਾਕੇ ਆਬਾਦ ਹੋ ਗਏ। ਇਹ ਇਲਾਕਾ ਆਪਣੀ ਰਾਜਪੂਤ ਬਰਾਦਰੀ ਦੀ ਤਾਕਤ ਨਾਲ ਉਹਨਾਂ ਭੱਟੀਆਂ ਤੋਂ ਖੋਹ ਲਿਆ ਸੀ। ਸਾਂਦਲ ਲੋਕ ਨਾਇਕ ਦੁੱਲੇ ਭੱਟੀ ਦਾ ਪਿਤਾ ਸੀ ਜਿਸ ਦੇ ਨਾਂ ਤੇ ਇਸ ਬਾਰ ਦਾ ਨਾਂ ਸਾਂਦਲ ਬਾਰ ਪਿਆ ਸੀ। ਕਾਲਾਂਤਰ ਵਿਚ ਤਿੰਨਾਂ ਭਰਾਵਾਂ ਵਿਚੋਂ ਪਰਾਕਰਮੀ ਵਿਰਕ ਦੀ ਉਲਾਦ ਹੀ ਕੌੜੀ ਵੇਲ ਜਿਉਂ ਵਧੀ। ਪੰਦਰਵੀਂ ਸਦੀ ਵਿਚ ਪਿੰਡ ਝੱਬਰ ਇਸੇ ਨਾਉਂ ਦੇ ਇਕ ਵਿਅਕਤੀ ਦੇ ਨਾਂ ਤੇ ਜੰਡਿਆਲਾ ਸ਼ੇਰ ਖਾਂ, ਵਰਨ, ਮਦਾਰ, ਸਮਸਾ ਆਦਿ ਪਿੰਡਾਂ ਦੇ ਕੋਲ ਆਬਾਦ ਹੋਇਆ। ਇਸ ਦੇ ਵੰਸ਼ਿਜ ਸਾਗਰ ਨੂੰ ਭੱਟੀਆਂ ਵਿਰੁਧ ਲੜਦਿਆਂ ਵੀਰਗਤੀ ਪ੍ਰਾਪਤ ਹੋਈ। ਸਾਗਰ ਤੋਂ ਉਸਦੇ ਨਾਂ ਦੀ ਪੱਤੀ ਝੱਬਰ ਪਿੰਡ ਵਿਚ ਚੱਲੀ। ਸਾਗਰ ਦੀ ਪੱਤੀ ਵਿਚੋਂ ਤਿੰਨ ਕੁ ਸਦੀਆਂ ਪਹਿਲਾਂ ਅਲੀ ਸ਼ੇਰ ਅਤੇ ਦਿਆਲ ਜਾਂ ਲਾਲ ਚੰਦ ਨਾਂ ਦੇ ਦੋ ਭਾਈ ਸਨ। ਮਗਰਲਾ ਜੋ ਕੁਆਰਾ ਸੀ ਉਸ ਤੋਂ ਕਤਲ ਹੋ ਗਿਆ ਤਾਂ ਵੱਡੇ ਭਾਈ ਅਲੀ ਸ਼ੇਰ ਨੇ (ਵਿਰਕਾਂ ਵਿਚ ਵੱਡੇ ਪੁੱਤਰ ਦਾ ਨਾਂ ਅਲੀ ਸ਼ੇਰ ਰੱਖਣ ਦਾ ਰਿਵਾਜ ਸੀ।) ਛੋਟੇ ਦੀ ਜੜ੍ਹ ਤੋਰਨ ਲਈ ਇਕਬਾਲੀ ਹੋਕੇ ਫਾਂਸੀ ਕਬੂਲ ਲਈ। ਦਿਆਲ ਦੀ ਛੇਵੀਂ ਪੀੜ੍ਹੀ ਨਨਕਾਣਾ ਸਾਹਿਬ ਦੇ ਸਾਕੇ ਦਾ ਹੀਰੋ ਕਰਤਾਰ ਸਿੰਘ ਝੱਬਰ ਸੀ। ਅਲੀ ਸ਼ੇਰ ਦੀ ਅਠਵੀਂ ਪੀੜ੍ਹੀ ਮੇਰਾ ਦਾਦਾ ਸੰਤ ਜਿਊਣ ਸਿੰਘ 'ਝੱਬਰ' ਸੀ। ਨਾਮਧਾਰੀਪੁਣਾ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਮੇਰੇ ਪੜਦਾਦੇ ਸਾਉਣ ਸਿੰਘ (ਸਰਕਾਰੀ ਕਾਗਜ਼ਾਂ ਵਿਚ ਸਾਵਣ ਸਿੰਘ) ਦੇ ਸਮੇਂ ਤੋਂ ਸਾਡੇ ਘਰ ਵਿਚ ਸੀ। ਦਾਦੇ ਜਿਊਣ ਸਿੰਘ ਨੇ ਅੱਧਾ ਮੁਰੱਬਾ ਉਪਜਾਊ ਭੋਇੰ ਵੇਚ ਕੇ ਘਰ ਦਾ ਭਾਂਡਾ ਟੀਂਡਾ, ਲੀੜਾ ਕੱਪੜਾ ਅਤੇ ਹੋਰ ਸਾਜ਼ ਸਮਾਨ ਵੀ ਉਗਰਾਹੀਆਂ ਦੇ ਗੱਡਿਆਂ ਤੇ ਲਦਵਾ ਕੇ ਭੈਣੀ ਸਾਹਿਬ ਭੇਜ ਦਿਤਾ ਅਤੇ ਆਪ ਵੀ ਆਪਣੀ ਉਮਰ ਦਾ ਜ਼ਿਆਦਾ ਹਿਸਾ ਉਸ ਸਮੇਂ ਦੀਆਂ ਨਾਮਧਾਰੀ ਸੰਤ ਮੰਡਲੀਆਂ ਨਾਲ ਭਰਮਣ ਕਰਦਿਆਂ ਜਾਂ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਜੀ ਦੀ ਸੰਗਤ ਵਿਚ ਬਤੀਤ ਕੀਤਾ। ਗੁਰੂ ਹਰੀ ਸਿੰਘ ਜੀ ਸ਼ਾਮ ਨੂੰ ਸਾਧਾਂ



Sri Satguru Jagjit Singh Ji eLibrary NamdhariElibrary@gmail.com

ਵਿਚ ਬਹਿ ਕੇ ਜੱਟੀਆਂ ਦੇ ਸ਼ਬਦ ਸੁਣਿਆ ਕਰਦੇ ਸਨ ਅਤੇ ਅਜਿਹੇ ਸਮੇਂ ਜਿਊਣ ਸਿੰਘ ਦੀ ਹਾਜ਼ਰੀ ਲਾਜ਼ਮੀ ਹੁੰਦੀ ਸੀ ਜੋ ਬਾਕੀ ਸਮਾਂ ਗੁਰਬਾਣੀ ਦੇ ਅਧਿਐਨ ਵਿਚ ਬਤੀਤ ਕਰਦੇ।

ਬਾਪੂ ਜੀ ਉਮਰ ਕਰਕੇ ਵੀਹਵੀਂ ਸਦੀ ਦੇ ਹਾਣੀ ਸਨ। ਉਹਨਾਂ ਦਾ ਜਨਮ ੨੦ ਹਾੜ ੧੯੫੭ ਬਿਕ੍ਰਮੀ ਨੂੰ ਪਿੰਡ ਬੁੱਢਾ ਥੇਹ, ਜ਼ਿਲਾ ਅੰਮ੍ਰਿਤਸਰ ਵਿਖੇ ਮਾਤਾ ਹਰ ਕੌਰ ਦੀ ਕੁੱਖੋਂ ਹੋਇਆ। ਮਾਤਾ ਦਾ ਪਿੰਡ ਸੇਖਮ ਘੁਮਾਣ ਅਤੇ ਜ਼ਿਲਾ ਗੁਜਰਾਂਵਾਲਾ ਜਾਂ ਸਿਆਲਕੋਟ ਸੀ। ਬਾਪੂ ਜੀ ਨੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਆਪ ਵੀ ਬਾਲ ਅਵਸਥਾ ਵਿਚ ਕੀਤੇ ਸਨ ਤੇ ਦੱਸਿਆ ਕਰਦੇ ਸਨ ਕਿ ਉਹ ਕਾਹਲੇ ਕਾਹਲੇ ਬਚਨ ਕਰਿਆ ਕਰਦੇ ਸਨ ਅਤੇ ਡੇਰੇ ਵਿਚ ਰਹਿਣ ਵਾਲੇ ਬਹਿੰਗਮਾਂ ਦੇ ਬੱਚਿਆਂ ਨਾਲ ਵਿਸ਼ੇਸ਼ ਸਨੇਹ ਪ੍ਰਗਟ ਕਰਿਆ ਕਰਦੇ ਸਨ। ਗੁਰੂ ਹਰੀ ਸਿੰਘ ਜੀ ਨਾਮਧਾਰੀ ਪੰਥ ਦੀ ਵਾਗਡੋਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੌਂਪ ਕੇ ੧੯੦੬ ਈਸਵੀ ਵਿਚ ਦੇਹ ਦਾ ਓਹਲਾ ਕਰ ਗਏ ਸਨ ਅਤੇ ਉਸੇ ਸਾਲ ਹੀ ਛੇ ਕੁ ਵਰ੍ਹਿਆਂ ਦੇ ਬਾਲ ਗੁਰਮੁਖ ਨੂੰ ਛੱਡ ਕੇ, ਦਾਦੀ ਜੀ ਵੀ ਅਕਾਲ ਚਲਾਣਾ ਕਰ ਗਏ ਸਨ।

ਦਾਦਾ ਜੀ ਦੇ ਤਿੰਨ ਅੰਤਰੰਗ ਮਿੱਤਰ ਸਨ। ਸ੍ਰੀ ਭੈਣੀ ਸਾਹਿਬ ਡੇਰੇ ਵਿਖੇ ਰਹਿਣ ਵਾਲੇ, ਗੁਰੂ ਹਰੀ ਸਿੰਘ ਜੀ ਦੇ ਉਗਰਾਹੀਏ ਅਤੇ ਉਨ੍ਹਾਂ ਦੇ ਮਹੰਤ ਬਾਬਾ ਸੁਰਜਨ ਸਿੰਘ ਭੋਮਾ ਵਡਾਲਾ, ਬਾਬਾ ਸੰਤਾ ਸਿੰਘ ਅਤੇ ਬਾਬਾ ਵੀਰ ਸਿੰਘ ਦੋਵੇਂ ਪਿੰਡ ਘੁੱਕੇ ਵਾਲਾ। ਤਿੰਨਾਂ ਦਾ ਹੀ ਜ਼ਿਲਾ ਅੰਮ੍ਰਿਤਸਰ ਸੀ। ਇਹਨਾਂ ਬਾਬਿਆਂ ਦੇ ਸਾਥ ਵਿਚ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਪਨ ਬਤੀਤ ਹੋਇਆ ਸੀ ਅਤੇ ਹੁਣ ਇਹਨਾਂ ਨੇ ਦਾਦਾ ਜੀ ਨੂੰ ਕਿਹਾ "ਜਿਊਣ ਸਿੰਘ ਜੀ! ਤੁਸੀਂ ਜ਼ਿਆਦਾ ਬਿਹੰਗਮ ਅਵਸਥਾ ਵਿਚ ਵਿਚਰੇ ਹੋ। ਜੇ ਬੀਬੀ ਹਰ ਕੌਰ ਜਿਊਂਦੀ ਰਹਿੰਦੀ ਤਾਂ ਹੋਰ ਗੱਲ ਸੀ। ਅਸੀਂ ਸਮਝਦੇ ਹਾਂ ਕਿ ਗੁਰਮੁਖ ਸਿੰਘ ਨੂੰ ਤੁਸੀਂ ਸਾਨੂੰ ਸੌਂਪ ਦਿਓ। ਸਾਡੀਆਂ ਨਜ਼ਰਾਂ ਸਾਹਵੇਂ ਇਹਦੀ ਸਾਂਭ ਸੰਭਾਲ ਦੀ ਕੋਈ ਦਿੱਕਤ ਨਹੀਂ ਆਏਗੀ।" ਦਾਦਾ ਜੀ ਮੰਨ ਗਏ।

ਇਉਂ ਇਸ ਮਾਂ ਮਹਿੱਟਰ ਬਾਲ ਨੂੰ, ਤਿੰਨਾਂ ਬਾਬਿਆਂ ਨੇ ਕੁਕੜੀ ਜਿਉਂ ਆਪਣੇ ਖੰਭਾਂ ਹੇਠ ਲੈ ਲਿਆ। ਮਗਰਲੀ ਉਮਰ ਵਿਚ ਬਾਪੂ ਜੀ ਜਦੋਂ ਵੀ ਸਾਨੂੰ ਆਪਣੇ ਬਚਪਨ ਦੀਆਂ ਘਟਨਾਵਾਂ ਬਾਰੇ ਦੱਸਿਆ ਕਰਦੇ ਸਨ ਤਾਂ ਉਹਨਾਂ ਤਿੰਨਾਂ ਬਾਬਿਆਂ ਦੀ ਯਾਦ ਦੇ ਸਾਹਵੇਂ ਉਹਨਾਂ ਦਾ ਸਿਰ ਝੁਕ ਜਾਂਦਾ ਅਤੇ ਨੇਤਰ ਨਮ ਹੋ ਜਾਂਦੇ ਸਨ। ਉਹਨਾਂ ਨੂੰ ਤਿੰਨਾਂ ਬਾਬਿਆਂ ਦੇ ਰੂਪ ਵਿਚ ਇਕ ਟਕਸਾਲ ਪ੍ਰਾਪਤ ਹੋ ਗਈ ਸੀ, ਜਿਸ ਵਿਚੋਂ ਇਕ ਭਾਵੀ ਜੀਵਨ ਦੇ ਨੈਣ ਨਕਸ਼ ਘੜੇ ਜਾਣੇ ਸਨ, ਇਕ ਸ਼ਖਸੀਅਤ ਦੀ ਸਿਰਜਣਾ ਹੋਣੀ ਸੀ ਅਤੇ ਸੇਵਾ ਤਿਆਗ ਅਤੇ ਸਤਿਗੁਰੂ ਜੀ ਪ੍ਰਤੀ ਸਮਰਪਣ ਭਾਵ ਸਦਕਾ ਇਕ ਚਰਿਤਰ ਦਾ ਨਿਰਮਾਣ ਹੋਣਾ ਸੀ।

ਬਾਪੂ ਜੀ ਦੱਸਦੇ ਸਨ ਕਿ ਜਦੋਂ ਕਦੇ ਅੰਮ੍ਰਿਤਸਰ ਜਾਂ ਹੋਰ ਸ਼ਹਿਰਾਂ ਵਿਚੋਂ ਲੰਘਦੇ ਹੋਣਾ ਤਾਂ ਮੈਂ ਜੇ ਕਹਿਣਾ ਕਿ ਬਾਬਾ ਜੀ ਗੰਨਾ ਲੈਣਾ ਹੈ ਤਾਂ ਉਹਨਾਂ ਆਖਣਾ ਕਿ ਆਪਾਂ ਸ਼ਾਮ ਤੱਕ ਫਲਾਣੇ ਪਿੰਡ ਪੁੱਜ ਜਾਣਾ ਹੈ, ਜਿੰਨੇ ਮਰਜ਼ੀ ਗੰਨੇ ਚੂਪਣੇ। ਉਹਨਾਂ ਕਹਿਣਾ ਕਿ ਆਪਾਂ ਗੁਰੂ ਕੇ ਲੰਗਰ ਦੀ ਮਾਇਆ ਵਿਚੋਂ ਪੈਸਾ ਜਾਂ ਟਕਾ ਕਿਉਂ ਖਰਚੀਏ। ਇਸ ਗੱਲ ਦਾ ਐਨਾ ਲਾਭ ਹੋਇਆ ਕਿ ਸਾਰੀ ਉਮਰ ਬਿਨਾਂ ਅੱਤ ਲੋੜ ਤੋਂ ਉਹਨਾਂ ਪੈਸਾ ਨਹੀਂ ਖਰਚਿਆ ਸਗੋਂ ਕੁਝ ਨਾ ਕੁਝ ਹਿੱਸੇ ਠੇਕੇ ਜ਼ਮੀਨ ਦੀ ਮਾਇਆ ਨੂੰ ਔਖੇ ਸਮੇਂ ਲਈ ਬਚਾ ਕੇ ਰੱਖਿਆ। ਮਾਇਆ ਨੂੰ ਉਹ ਸੰਤਾਂ ਦੀ ਵੈਰਨ ਸਮਝਕੇ ਆਪਣੇ ਆਪ ਨੂੰ ਵੀ ਤਿੰਨ ਲੋਕਾਂ ਤੋਂ ਨਿਆਰਾ ਸਮਝਕੇ ਸਿਰਫ ਗੁਰੂ ਕ੍ਰਿਪਾ ਦੀ ਪਰਾਪਤੀ ਨੂੰ ਹੀ ਜੀਵਨ ਮਨੋਰਥ ਸਮਝਦੇ ਸਨ।

ਦਾਦਾ ਜੀ ਦੀ ਰੁਚੀ ਸੀ ਕਿ ਗੁਰਮੁਖ ਸਿੰਘ ਨੂੰ ਪਰੰਪਰਾਗਤ ਸਿੱਖ ਧਾਰਮਿਕ ਵਿਦਿਆ ਵਿਚ ਪਾਰੰਗਤ ਕੀਤਾ ਜਾਵੇ। ਇਸ ਲਈ ਉਹਨਾਂ ਨੂੰ ੧੦-੧੨ ਸਾਲਾਂ ਦੀ ਉਮਰ ਵਿਚ ਕਈ ਥਾਂਵਾਂ ਤੇ ਭੇਜਿਆ ਗਿਆ। ਸਿਆਲਕੋਟ ਜ਼ਿਲੇ ਵਿਚ ਦਾਤੇਵਾਲ ਸੰਤ ਮਤਾਬ ਸਿੰਘ ਹੋਰਾਂ ਪਾਸ ਛੱਡਿਆ ਗਿਆ ਜਿਹਨਾਂ ਦੀ ਸੂਤ ਦੀ ਛਿਟੀ ਪ੍ਰਸਿੱਧ ਸੀ। ਬ੍ਰਹਮ ਬੂਟੇ ਅਤੇ ਸੰਗਲ ਵਾਲ ਅਖਾੜੇ ਵਿਚ ਸ੍ਰੀ ਅੰਮ੍ਰਿਤਸਰ ਰਹੇ। ਇਥੇ ਉਦਾਸੀ ਸਾਧਾਂ ਨੇ ਉਹਨਾਂ ਦੀ ਪ੍ਰਤਿਭਾ ਨੂੰ ਪਛਾਣ ਕੇ ਕੋਠਾਰੀ ਬਨਾਉਣ ਦਾ ਪ੍ਰਲੋਭਨ ਵੀ ਦਿਤਾ ਸੀ। ਨਾਮਧਾਰੀ ਧਰਮਸਾਲਾ ਅੰਮ੍ਰਿਤਸਰ ਦੇ ਮਹੰਤ ਜਿਊਣ ਸਿੰਘ ਜੀ ਦਾਦਾ ਜੀ ਦੇ ਬੜੇ ਪਰਮ ਮਿੱਤਰ ਸਨ। ਉਹਨਾਂ ਵੀ ਚਾਰਾ ਕੀਤਾ ਕਿ ਕਿਵੇਂ ਜਿਊਣ ਸਿੰਘ ਝੱਬਰ ਦੀ ਰੀਝ ਪੂਰੀ ਹੋਵੇ। ਕਈ ਥਾਵਾਂ ਤੋਂ ਨਿਰਾਸ ਹੋਕੇ ਦਾਦਾ ਜੀ ਨੇ ਇਹਨਾਂ ਨੂੰ ਗੁਰੂ ਕਾਸ਼ੀ ਦਮਦਮਾ ਸਾਹਿਬ ਵਿਖੇ ਛੱਡਿਆ ਕਿ ਇਥੇ ਤਾਂ ਬੈਲ ਪੜ੍ਹਨ ਦਾ ਵੀ ਗੁਰੂਕਿਆਂ ਦਾ ਬਚਨ ਹੈ। ਪਹਿਲੇ ਦਿਨ ਹੀ ਇਕ ਨਿਹੰਗ ਸਿੰਘ ਨਾਲ, ਸਤਿਗੁਰੂ ਪ੍ਰਤਾਪ ਸਿੰਘ ਦੀ ਸ਼ਾਨ ਦੇ ਖਿਲਾਫ ਕੋਈ ਸ਼ਬਦ ਸੁਣਕੇ, ਜੁੱਤਿਉ ਜੁੱਤੀ ਹੋ ਗਏ।



Sri Satguru Jagjit Singh Ji eLibrary NamdhariElibrary@gmail.com

ਸਾਡੇ ਕੋੜਮੇ ਵਿਚੋਂ ਇਕ ਬਾਵਾ ਨਿਹਾਲ ਦਾਸ ਪ੍ਰਸਿੱਧ ਹਕੀਮ ਸੀ, ਜਿਸਨੂੰ ਲਾਟ ਸਾਹਿਬ ਦੀ ਘਰ ਵਾਲੀ ਦਾ ਕੋਈ ਅਸਾਧ ਰੋਗ ਦੂਰ ਕਰਨ ਸਦਕਾ, ਬਾਰ ਵਿਚ ਦੋ ਮੁਰੱਬੇ ਭੋਇੰ ਸਰਕਾਰ ਤੋਂ ਮਿਲੀ ਸੀ। ਉਹ ਚਾਹੁੰਦਾ ਸੀ ਕਿ ਗੁਰਮੁਖ ਸਿੰਘ ਮੇਰੇ ਕੋਲ ਰਹਿ ਕੇ ਵਿਦਿਆ ਪੜ੍ਹੇ, ਹਕੀਮੀ ਸਿੱਖੇ ਅਤੇ ਭੋਇੰ ਵੀ ਸਾਂਭੇ। ਪਰ ਉਥੋਂ ਵੀ ਬੌਹੜੇ ਚਿਰ ਬਾਦ ਆ ਗਏ। ਦਾਦਾ ਜੀ ਦੀ ਨਿਰਾਸਤਾ ਨੂੰ ਭ ਪਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, "ਸੰਤ ਜਿਊਣ ਸਿੰਘ ਜੀ, ਗੁਰਮੁਖ ਦੇ ਪੜ੍ਹਨ ਵਿਚ ਰੁਚੀ ਨਾ ਲੈਣ ਸਦਕਾ ਪ੍ਰੇਸ਼ਾਨ ਨ ਹੋਵੋ। ਇਹਨੇ ਜਿਹੜੀ ਪੜ੍ਹਾਈ ਪੜ੍ਹਨੀ ਹੈ, ਉਹ ਮੈਂ ਜਾਣਦਾ ਹਾਂ, ਇਹਦੀ ਪੜ੍ਹਾਈ ਗੁਰੂ ਘਰ ਦੀ ਸੇਵਾ ਹੈ ਅਤੇ ਇਸ ਪੜ੍ਹਾਈ ਵਿਚ ਇਹ ਸਭ ਨੂੰ ਪਿੱਛੇ ਛੱਡ ਜਾਏਗਾ।"

ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਛਤਰ-ਛਾਇਆ ਹੇਠ ਲੈਕੇ ਅਗਲੇ ਜੀਵਨ ਨੂੰ ਤਰਤੀਬ ਦੇਣੀ ਸ਼ੁਰੂ ਕਰ ਦਿਤੀ। ਉਹਨਾਂ ਨੂੰ ਅੰਤ ਸਮੇਂ ਜਦੋਂ ਦਾਦਾ ਜੀ ਨੇ ਬਾਪੂ ਜੀ ਦੀ ਬਾਂਹ ਫੜਾਈ ਸੀ ਜਦੋਂ ਇਹ ੧੬-੧੭ ਸਾਲਾਂ ਦੇ ਸਨ, ਇਹੋ ਅਰਜ਼ ਕੀਤੀ ਸੀ ਕਿ ਜਾਂ ਤਾਂ ਇਹ ਆਪ ਦੇ ਪਾਸ ਰਵੇ, ਤੁਹਾਡੀ ਨਿਗਰਾਨੀ ਹੇਠ ਨਹੀਂ ਜਾਂ ਫਿਰ ਆਪਣੇ ਪਿੰਡ ਝੱਬਰੀਂ ਚਲਿਆ ਜਾਵੇ। ਇਕ ਗੱਲ ਜੋ ਦਾਦਾ ਜੀ ਦੇ ਮਨ ਵਿਚ ਸੀ ਪਰ ਕਹਿਣ ਤੋਂ ਝਿਜਕ ਰਹੇ ਸਨ ਉਹਨੂੰ ਭਾਂਪਦਿਆਂ ਸਤਿਗੁਰੂ ਜੀ ਨੇ ਕਿਹਾ ਸੀ ਕਿ ਇਹਦੇ ਵਿਆਹ ਦੀ ਚਿੰਤਾ ਨਾ ਰਖਿਓ ਮਨ ਵਿਚ; ਇਕ ਛੱਡ ਕੇ ਦੋ ਕਰ ਦਿਆਂਗਾ। ਸਾਡੀ ਪਹਿਲੀ ਮਾਤਾ ਹਰਬੰਸ ਕੌਰ ਪੁਤਰੀ ਸੰਤ ਗੰਡਾ ਸਿੰਘ ਖਿਆਲ੍ਹਾ ਦੇ ਸੁਰਗਵਾਸ ਹੋਣ ਬਾਦ ਦੂਜਾ ਅਨੰਦ ਵੀ ਸ੍ਰ. ਸ਼ਾਮ ਸਿੰਘ ਸਿਹਾਲੀ ਵਾਲੇ ਦੀ ਪੜਤਰੀ ਅਤੇ ਸੰਤ ਆਤਮਾ ਸਿੰਘ ਬੁਰਜ ਰਾਇਕੇ ਦੀ ਪੁੱਤਰੀ ਪ੍ਰੀਤਮ ਕੌਰ ਨਾਲ ਸ੍ਰੀ ਸਤਿਗੁਰੂ ਜੀ ਨੇ ਹੀ ਕਰਵਾਇਆ।

ਬਾਪੂ ਜੀ ਦੱਸਿਆ ਕਰਦੇ ਸਨ ਕਿ ਉਹ ਸਿਪਾਹੀ ਤੋਂ ਤੁਰ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ ਜਰਨੈਲ ਬਣੇ ਸਨ। ਇਸ ਲਈ ਉਹਨਾਂ ਨੂੰ ਕਿਸੇ ਵੀ ਸਟੇਜ ਤੇ ਆਪਣੇ ਕੰਮ ਵਿਚ ਕੋਈ ਦਿੱਕਤ ਨਹੀਂ ਸੀ ਆਈ। ਸਭ ਤੋਂ ਪਹਿਲਾਂ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਦੋ ਕੁੱਤੇ ਸਨ, ਉਹ ਸਾਂਭਣ ਦੀ ਸੇਵਾ ਇਹਨਾਂ ਨੂੰ ਮਿਲੀ। ਫਿਰ ਭੇਡਾਂ ਬੱਕਰੀਆਂ ਦੀ ਜ਼ਿੰਮੇਵਾਰੀ ਸੌਂਪੀ ਗਈ, ਜਿਸ ਕੰਮ ਨੂੰ ਸੱਯਦ ਵਾਰਿਸ ਸ਼ਾਹ ਹੋਰਾਂ ਬਹੁਤ ਵਡਿਆਇਆ ਹੈ:

"ਅੱਜੜ ਚਾਰਨਾ ਕੰਮ ਪੈਗੰਬਰਾਂ ਦਾ,
ਕੇਹਾ ਅਮਲ ਸ਼ੈਤਾਨ ਦਾ ਟਲਿਓ ਈ।
ਭੇਡਾਂ ਚਾਰਕੇ ਤੁਹਮਤਾਂ ਜੋੜਨਾ ਏਂ,
ਕਿਉਂ ਗਜ਼ਬ ਫ਼ਕੀਰ ਤੇ ਤੋਲਿਓ ਈ।"

ਇਸ ਤੋਂ ਬਾਦ ਮੱਝਾਂ ਗਾਈਆਂ ਦੀ ਸੇਵਾ ਲਾਈ ਗਈ। ਫਿਰ ਉਨ੍ਹਾਂ ਦਾ ਮਹੰਤ ਥਾਪ ਦਿਤਾ ਅਤੇ ਗੁਰੂ ਕੇ ਲੰਗਰ ਲਈ ਉਗਰਾਹੀ ਕਰਦੇ ਰਹੇ। ਇਸ ਤੋਂ ਅਗਲਾ ਪੜਾਅ ਘੋੜਿਆਂ ਦਾ ਦਰੋਗਾ ਬਣਾਇਆ ਜਾਣਾ ਸੀ। ਉਮਰ ਦੇ ਸਤਾਈਵੇਂ ਵਰ੍ਹੇ ਵਿਚ ਸਨ, ਜਦੋਂ ਮਾਤਾ ਜੀਉਣ ਕੌਰ ਜੀ ਨਾਲ ਸਲਾਹ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਨੂੰ ਡੇਰਾ ਸ੍ਰੀ ਭੈਣੀ ਸਾਹਿਬ ਦੀ ਜਥੇਦਾਰੀ ਸੌਂਪ ਦਿਤੀ।

ਉਹ ਅਜੇ ਜਥੇਦਾਰ ਨਹੀਂ ਬਣੇ ਸਨ, ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਪ੍ਰਸਿੱਧ ਸਿੱਖ ਲਾਲ ਸਿੰਘ ਲਤਾਲੀਏ ਦੀ ਪਾਰਖੂ ਅੱਖ ਨੇ ਇਸ ਉਤਸ਼ਾਹੀ ਨੌਜੁਆਨ ਦੇ ਭਵਿੱਖ ਨੂੰ ਤਾੜ ਲਿਆ ਸੀ। ਅਤੇ ਬਾਬੇ ਲਾਲ ਸਿੰਘ ਹੋਰਾਂ ਇਹ ਰਹੱਸ ਯੁਵਾ ਝੱਬਰ ਨਾਲ ਸਾਂਝਾ ਕਰਦਿਆਂ ਕਿਹਾ ਸੀ, "ਕਾਕਾ, ਸਮਾਂ ਆਏਗਾ, ਜਦੋਂ ਇਸ ਡੇਰੇ ਦੀ ਮੁਖਤਿਆਰੀ ਤੈਨੂੰ ਸੌਂਪੀ ਜਾਏਗੀ। ਇਕ ਗੱਲ ਮੇਰੀ ਹੁਣੇ ਪੱਲੇ ਬੰਨ੍ਹ ਲਵੀਂ, ਜਦੋਂ ਇਸ ਜ਼ਿੰਮੇਵਾਰੀ ਤੇ ਪੁੱਜ ਜਾਵੇਂ ਤਾਂ ਕਿਸੇ ਵੀ ਸਿੱਖ ਨੂੰ ਗੁਰੂ ਘਰ ਨਾਲੋਂ ਤੋੜਨ ਵਿਚ ਹਿੱਸਾ ਨਾ ਪਾਵੀਂ। ਜੋੜਨ ਦੀ ਕੋਸ਼ਿਸ਼ ਕਰੀਂ।"

ਮੈਨੂੰ ਓਟੂ, ਜ਼ਿਲ੍ਹਾ ਸਿਰਸਾ, ਵਿਖੇ ਰਹਿਣ ਵਾਲੇ ਭਾਈ ਸੁਵਰਨ ਸਿੰਘ ਹੋਰਾਂ ਨੇ ਇਹ ਬਚਨ ਬੜੀ ਵੇਰ ਸੁਣਾਇਆ ਹੈ। ਉਹਨਾ ਦਾ ਪਿੱਛਾ ਪਿੰਡ ਸੁਰ ਸਿੰਘ ਦਾ ਹੈ ਪਰ ਉਹਨਾਂ ਦੇ ਪਿਤਾ ਭਾਈ ਮਹਿਲ ਸਿੰਘ ਜਮਸ਼ੇਰ ਜ਼ਿਲਾ ਲਾਹੌਰ ਵਿਖੇ ਰਹਿੰਦੇ ਰਹੇ। ਇਕ ਅਨੰਦ ਸਮੇਂ ਲੱਗੀ ਤਨਖਾਹ ਦੇ ਸੁਆਲ ਤੇ ਭਾਈ ਤੇਜਾ ਸਿੰਘ ਜਮਸ਼ੇਰੀਏ ਦੀ ਸੱਸ ਨੂੰ ਕੁਝ ਇਤਰਾਜ਼ ਸੀ। ਇਲਾਕੇ ਦੇ ਸੂਬੇ ਵਲੋਂ ਘਟਨਾ ਨੂੰ ਕੁਝ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ਿਕਾਇਤ ਕਰਨ ਵਾਲੇ ਸਿੰਘਾਂ ਨੂੰ ਸਮੇਤ ਮਹਿਲ ਸਿੰਘ ਸੰਗਤ ਵਿਚੋਂ ਸ੍ਰੀ ਭੈਣੀ ਸਾਹਿਬੋਂ ਨਿਕਲ ਜਾਣ ਦਾ ਹੁਕਮ ਦੇ ਦਿਤਾ। ਬਾਪੂ ਜੀ ਓਦੋਂ ਪਹਿਲੀ ਵੇਰ ਹੀ ਮਹਿਲ ਸਿੰਘ ਹੋਰਾਂ ਨੂੰ ਮਿਲੇ ਸਨ। ਆਖਿਆ ਕਿ ਸਿੰਘੋ ਇਕ ਵੇਰ ਤੁਸੀਂ ਬਚਨ ਮੰਨੋ ਪਰ ਵੇਖਿਆ ਜੇ ਕਿਤੇ ਗੁਸੇ


Sri Satguru Jagjit Singh Ji eLibrary NamdhariElibrary@gmail.com

ਵਿਚ ਆ ਕੇ ਕਛਹਿਰੇ ਨਾ ਲਾਹ ਦਿਆ ਜੇ। ਤੁਹਾਡੀ ਹੱਕ ਰਸਾਈ ਕਰਵਾ ਦਿਤੀ ਜਾਏਗੀ। ਕੁਝ ਸਮੇਂ ਬਾਦ ਸਤਿਗੁਰੂ ਜੀ ਲਾਹੌਰ ਪੁੱਜੇ। ਜਮਸ਼ੇਰੀਆਂ ਸਿੰਘਾਂ ਨੂੰ ਸੱਦਿਆ ਗਿਆ। ਗਲਤ ਫ਼ਹਿਮੀਆਂ ਦੂਰ ਹੋ ਗਈਆਂ। ਇਸੇ ਭਾਈ ਮਹਿਲ ਸਿੰਘ ਜੀ ਦਾ ਅਨੰਦ ਫਿਰ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ, ਡੇਰੇ ਦੇ ਭੂਮੀ ਦਾਤਾ ਬਾਬਾ ਲਹਿਣਾ ਸਿੰਘ ਦੇ ਪਰਿਵਾਰ ਵਿਚ ਲਾਲ ਸਿੰਘ ਡਰਾਈਵਰ ਅਤੇ ਗੁੱਜਣ ਸਿੰਘ ਹੋਰਾਂ ਦੀ ਭੈਣ ਨਾਲ ਕਰਕੇ, ਮਹਿਲ ਸਿੰਘ ਦੀ ਭੈਣੀ ਸਾਹਿਬ ਨਾਲ ਸਾਂਝ ਪੀਡੀ ਕੀਤੀ। ਉਹ ਲੰਮਾ ਸਮਾਂ ਸੰਤ ਫਤੇਹ ਸਿੰਘ ਮਾਂਗਾ ਦੇ ਜਥੇ ਵਿਚ ਰਹੇ ਅਤੇ ਦੱਸਿਆ ਕਰਦੇ ਸਨ ਕਿ ਜੇ ਉਸ ਦਿਨ ਜ਼ੱਬਰ ਸਾਨੂੰ ਸ਼ਾਂਤ ਨਾ ਕਰਦਾ ਤਾਂ ਸ਼ਾਇਦ ਉਹਨਾਂ ਦਾ ਭਾਵੀ ਜੀਵਨ ਹੋਰ ਦਿਸ਼ਾ ਵਿਚ ਪ੍ਰਵਾਨ ਚੜ੍ਹਦਾ।

ਡੇਰੇ ਦਾ ਪ੍ਰਬੰਧ ਸੌਂਪੇ ਜਾਣ ਸਮੇਂ ਬਾਪੂ ਜੀ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਇਹ ਸੇਵਾ ਬਹੁਤ ਵੱਡੀ ਹੈ। ਮੈਂ ਇਹ ਸੇਵਾ ਆਪ ਜੀ ਦੀ ਪੂਰੀ ਕ੍ਰਿਪਾ ਨਾਲ ਹੀ ਨਿਭਾ ਸਕਾਂਗਾ। ਇਕ ਇਹ ਵੀ ਮੰਗ ਸੀ ਕਿ ਮੇਰੇ ਕੰਮਕਾਰ ਦੇ ਸਮੇਂ ਵਿਚ ਮੈਥੋਂ ਜਿਸ ਤਰ੍ਹਾਂ ਵੀ ਅਪੇਖਿਤ ਕੀਤਾ ਜਾਏਗਾ, ਹਜ਼ੂਰ ਮੈਨੂੰ ਬਿਨਾਂ ਕਿਸੇ ਵਿਚੋਲੇ ਦੇ ਸਿੱਧਾ ਸੰਪਰਕ ਬਣਾਈ ਰੱਖਣਗੇ ਅਤੇ ਜਿਸ ਤਰ੍ਹਾਂ ਦੀ ਅਵਸਥਾ ਪ੍ਰਬੰਧ ਸੌਂਪਣ ਵੇਲੇ ਹੈ, ਪੂਰਨ ਪ੍ਰਤੀਤ ਭਰੋਸੇ ਦੀ, ਇਹ ਬਣਾਈ ਰੱਖਣ ਦਾ ਵਰਦਾਨ ਦੇਣਗੇ। ਇਕ ਵੇਰ ਗੱਲ ਉਹ ਨਾ ਰਹੀ। ਬਾਪੂ ਜੀ ਨੇ ਕਛਿਹਰਾ ਪਰਨਾ ਚੁੱਕ ਲਿਆ ਅਤੇ ਘਰ ਜਾਣ ਦੀ ਆਗਿਆ ਮੰਗੀ। ਸਤਿਗੁਰ ਜੀ ਦੇ ਕਾਰਨ ਪੁੱਛਣ ਤੇ ਪਹਿਲੀ ਗੱਲ ਨਾ ਰਹਿਣੀ ਦੱਸਿਆ। ਹਜ਼ੂਰ ਨੇ ਕਿਹਾ ਕਿ ਮੈਂ ਗੱਲ ਵਿਚ ਫ਼ਰਕ ਆ ਜਾਣ ਤੇ ਵੀ ਵਰ੍ਹਿਆਂ-ਬੱਧੀ ਸਬੰਧਿਤ ਵਿਅਕਤੀ ਨੂੰ ਪਤਾ ਨਹੀਂ ਲੱਗਣ ਦਿੰਦਾ, ਤੈਨੂੰ ਕਿਵੇਂ ਪਤਾ ਲੱਗ ਗਿਆ ਹੈ। ਬਾਪੂ ਜੀ ਦੇ ਇਹ ਕਹਿਣ ਤੇ ਕਿ ਇਹ ਵੀ ਆਪ ਦੀ ਕ੍ਰਿਪਾ ਨਾਲ ਹੀ ਪਤਾ ਲੱਗ ਜਾਂਦਾ ਹੈ, ਪਹਿਲੀ ਗੱਲ ਫੇਰ ਬਰਕਰਾਰ ਹੋ ਗਈ।

ਦੁਪਾਸੀਂ ਪ੍ਰੇਮ ਦਾ ਸਬੰਧ ਗੁਰੂ ਸਿੱਖ ਵਾਲਾ ਵੀ ਸੀ ਅਤੇ ਪਿਓ ਪੁੱਤਰ ਵਾਲਾ ਵੀ। ਓਦੋਂ ਬਾਪੂ ਜੀ ਮੱਝਾਂ ਗਾਈਆਂ ਸਾਂਭਦੇ ਸਨ। ਨਹਿਰ ਵਾਲੇ ਡੇਰੇ ਤੋਂ ਸਾਰੇ ਸਿਖ ਸਾਧ ਕਿਸੇ ਗੁਆਂਢੀ ਪਿੰਡ ਮੇਲਾ ਵੇਖਣ ਚਲੇ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਖੂੰਡਾ ਫੜ ਕੇ ਆ ਗਏ ਅਤੇ ਕਹਿਣ ਲੱਗੇ, "ਗੁਰਮੁਖਾ! ਪਸ਼ੂਆਂ ਨੂੰ ਮੈਂ ਲਾਵਾਂਗਾ ਜਦੋਂ ਤੱਕ ਤੂੰ ਨਹੀਂ ਆਉਂਦਾ। ਜਾਹ ਸਾਰੇ ਗਏ ਹਨ ਤੂੰ ਵੀ ਮੇਲਾ ਵੇਖ ਆ।" "ਸੱਚੇ ਪਾਤਸ਼ਾਹ ਤੁਹਾਡੇ ਚਰਨਾਂ ਵਿਚ ਰਹਿਣ ਨਾਲੋਂ ਦੁਨੀਆਂ ਦਾ ਕਿਹੜਾ ਮੇਲਾ ਜ਼ਿਆਦਾ ਅਨੰਦ ਦੇ ਸਕਦਾ ਹੈ।" ਮੁੱਛ ਫੁੱਟ ਉਮਰ ਵਾਲੇ ਬਾਲ ਦੇ ਮੂੰਹੋਂ ਨਿਕਲੇ ਇਸ ਤਰ੍ਹਾਂ ਦੇ ਬਚਨ ਉਹਦੇ ਭਾਵੀ ਜੀਵਨ ਦੀ ਨਿਸ਼ਾਨਦੇਹੀ ਕਰ ਰਹੇ ਸਨ।

ਪਹਿਲੀ ਸੰਸਾਰ ਜੰਗ ਸਮੇਂ ਅੰਮ੍ਰਿਤਸਰ ਵਿਖੇ ਦੋ ਤਿੰਨ ਹੋਰ ਨਾਮਧਾਰੀ ਯੁਵਕਾਂ ਨਾਲ ਫ਼ੌਜੀ ਵਾਜਿਆਂ ਦੀ ਧੁਨ ਦੇ ਖਿੱਚੇ ਭਰਤੀ ਹੋਣ ਵਾਸਤੇ ਬੱਚਾ ਕੰਪਨੀ ਵਿਚ ਪੁੱਜ ਗਏ। ਭਰਤੀ ਕਰਨ ਵਾਲੇ ਅੰਗਰੇਜ਼ ਫ਼ੌਜੀ ਅਫ਼ਸਰ ਨੇ ਖੁੱਚਾਂ ਤੋਂ ਸਿਰ ਤਕ ਵੇਖ ਕੇ, ਮਜ਼ਬੂਤ, ਫੁਰਤੀਲੇ ਅਤੇ ਸਡੌਲ ਸਰੀਰ ਦੇ ਦਰਸ਼ਨ ਕਰਕੇ ਭਰਪੂਰ ਤਸੱਲੀ ਪ੍ਰਗਟ ਕੀਤੀ। ਖੁੱਚ ਅਤੇ ਲੱਤਾਂ ਦੀ ਬਨਾਵਟ ਨੂੰ ਵੇਖ ਕੇ ਉਸ ਕਿਹਾ ਸੀ, "ਜੁਆਨ ਖੂਬ ਦੌੜੇਗਾ।" ਦੋਹਾਂ ਸੂਰਜਾਂ ਦੇ ਵਿਚਾਲੇ ਸੱਠ ਕੋਹ ਪੈਂਡਾ ਕਰ ਲੈਣਾ ਉਹਨਾਂ ਲਈ ਸਾਧਾਰਨ ਗੱਲ ਸੀ। ਕੁਝ ਸ਼ੌਕ ਅਤੇ ਆਪਣੇ ਮਨ ਚਿੰਦੇ ਕਾਰਜ ਵਿਚ ਰੁੱਝੇ ਹੋਣ ਦੀ ਗੱਲ ਵੀ ਹੁੰਦੀ ਹੈ। ਜੋਗੀ ਬਣਨ ਵੇਲੇ ਰਾਂਝੇ ਦੁਆਰਾ ਫੁਰਤੀ ਨਾਲ ਕੀਤੇ ਲੰਮੇ ਪੈਂਡੇ ਦਾ ਜ਼ਿਕਰ ਵਾਰਿਸ ਸ਼ਾਹ ਹੋਰੀਂ ਇਸੇ ਸ਼ੌਕ ਦੇ ਸਬੰਧ ਵਿਚ ਹੀ ਕਰਦੇ ਹਨ:

"ਇਕੋ ਰਾਤ ਵਿਚ ਪੰਧ ਕਰ ਗਿਆ ਸਾਰਾ,
ਏਨਾ ਚਾਉ ਸੀ ਭੇਖ ਵਟਾਵਣੇ ਦਾ।"

ਮਹਾਰਾਜ ਨਿਹਾਲ ਸਿੰਘ ਜੀ ਉਸ ਦਿਨ ਅੰਮ੍ਰਿਤਸਰ ਸਨ। ਪਤਾ ਲੱਗਣ ਤੇ ਉਹਨਾਂ ਜਾ ਕੇ ਫ਼ੌਜੀ ਅਫਸਰਾਂ ਨੂੰ ਏਨਾ ਹੀ ਕਿਹਾ ਕਿ ਇਹ ਮੁੰਡੇ ਤਾਂ ਸਾਡੇ ਹਨ ਕੂਕਿਆਂ ਦੇ। ਫੇਰ ਜਨਮ ਜਾਤ ਬਾਗੀਆਂ ਦੀ ਸੰਤਾਨ ਨੂੰ ਕਿਹੜੀ ਰਾਜਸੱਤਾ ਆਪਣੀ ਅਰਥੀ ਵਿਚ ਕਿਲ ਠੋਕਣ ਲਈ ਭਰਤੀ ਕਰਦੀ ਸੀ।

ਇਹ ਸਮਾਂ ਰਾਮਵਿਯੋਗੀ ਨਾਮਧਾਰੀਆਂ ਜਾਂ ਕੂਕਿਆਂ ਦੀ ਗੰਭੀਰ ਪ੍ਰੀਖਿਆ ਦਾ ਸਮਾਂ ਸੀ। ਜਦੋਂ ਭੈਣੀ ਸਾਹਿਬ ਡੇਰੇ 'ਚ ਹੁੰਦੇ ਤਾਂ ਅੱਠੀਂ ਪਹਿਰੀਂ ਪੁਲੀਸ ਦੇ ਰਜਿਸਟਰਾਂ ਵਿਚ ਹਾਜ਼ਰੀ ਲੱਗਦੀ। ਜੇ ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਵਿਚ ਅੱਪੜਦੇ ਤਾਂ ਇਥੇ ਵੀ ਅੱਠੀਂ ਪਹਿਰੀਂ ਸਰਕਾਰੀ ਹਾਜ਼ਰੀ। ਅੰਮ੍ਰਿਤਸਰ ਚੁੰਗੀ ਦੇ ਪਾਸ, ਬੋਰੀਆਂ ਵਾਲੇ ਮਸਤਾਨੇ ਨੂੰ ਗੁਰੂ ਕੇ ਲੰਗਰ ਦੀ ਉਗਰਾਹੀ ਵਾਲੀ ਸਮੱਗਰੀ ਤੇ ਚੁੰਗੀ ਨਾ ਕਟਾਉਂਦਿਆਂ, ਸਰਕਾਰੀ ਮੁਲਾਜ਼ਮਾਂ ਨਾਲ



Sri Satguru Jagjit Singh Ji eLibrary NamdhariElibrary@gmail.com

ਭਿੜਦਿਆਂ ਵੇਖ ਕੇ ਬੀਰ-ਰਸ ਦਾ ਸੰਚਾਰ ਯੁਵਾ ਝੱਬਰ ਦੇ ਹਿਰਦੇ ਤੇ ਐਸਾ ਹੋਇਆ ਕਿ ਆਯੂ ਪ੍ਰਯੰਤ ਉਹ ਇਸੇ "ਧਰਮ ਜੁੱਧ ਕੇ ਚਾਉ" ਵਿਚ ਹੀ ਰਹੇ। ਦੱਸਦੇ ਹੁੰਦੇ ਸਨ ਕਿ ਛੋਟਿਆਂ ਹੁੰਦਿਆਂ ਜਦੋਂ ਕਿਤੇ ਮਲੇਰਕੋਟਲ ਦੇ ਰੱਕੜ ਵਿਚ ਦੀ ਲੰਘਣਾ ਤਾਂ ਬਦੋਬਦੀ ਡੌਲੇ ਫਰਕਣੇ, ਨੇਤਰਾਂ ਵਿਚ ਖੂਨ ਆ ਜਾਣਾ ਅਤੇ ਇਸੇ ਸ਼ਹੀਦੀ ਪਹਿਰੇ ਹੇਠ ਉਥੇ ਜੈਕਾਰੇ ਤੇ ਜੈਕਾਰਾ ਗਜਾਈ ਜਾਣਾ। ਕੁਲ ਚਾਰ ਦਹਾਕੇ ਤਾਂ ਹੋਏ ਸਨ ਜਦੋਂ ਗਊ-ਗਰੀਬ ਦੀ ਰੱਖਿਆ ਹਿਤ, ਸਤਿਗੁਰੂ ਦੇ ਭਾਣੇ ਵਿਚ ਤੋਪਾਂ ਦੇ ਗੋਲੇ ਆਪਣੀਆਂ ਹਿੱਕਾਂ ਤੇ ਝੱਲਕੇ ਸਿੰਘਾਂ ਨੇ ਰੱਖ ਵਖਾਈ ਸੀ।

ਫ਼ਰੰਗੀ ਸਰਕਾਰ ਦੇ ਛੋਟੇ ਤੋਂ ਵੱਡੇ ਪੁਰਜ਼ੇ ਦੇ ਵਿਰੁਧ ਨਫ਼ਰਤ ਹਰ ਕੂਕੇ ਜਿਉਂ ਇਨ੍ਹਾਂ ਵਿਚ ਕੁਟ-ਕੁਟਕੇ ਭਰੀ ਹੋਈ ਸੀ। ਪਹਾੜ ਨੂੰ ਜਾਂਦਿਆਂ ਇਕ ਤਸੀਲਦਾਰ ਨੇ ਇਨ੍ਹਾਂ ਤੋਂ ਅੱਗੇ ਲੰਘਣ ਲਈ ਰਾਹ ਲੈਣਾ ਚਾਹਿਆ . ਇਹਨਾਂ ਰਾਹ ਤਾਂ ਕੀ ਦੇਣਾ ਸੀ, ਉਹਦੇ ਢੂੰ-ਢਾਂ ਕਰਨ ਤੇ ਅੱਗੋਂ ਕੁਝ ਕਰੜੀਆਂ ਸੁਣਾ ਵੀ ਦਿਤੀਆਂ। ਰਾਤ ਦੇ ਪੜਾਅ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਉਸ ਤਸੀਲਦਾਰ ਨੇ ਆਕੇ ਇਹਨਾਂ ਦੀ ਸ਼ਕਾਇਤ ਲਾ ਦਿਤੀ। ਸਤਿਗੁਰੂ ਜੀ ਨੇ ਫੁਰਮਾਇਆ, "ਤਸੀਲਦਾਰ ਸਾਹਿਬ, ਇਹ ਮੁੰਡਾ ਤੁਸੀਂ ਜਾਣਦੇ ਨਹੀਂ ਕੌਣ ?..ਇਕ ਤੇ ਗੁਰੂ ਕਾ ਸਿੰਘ ਨਾਮਧਾਰੀ, ਖੰਡੇ ਬਾਟੇ ਦਾ ਅੰਮ੍ਰਿਤ ਛਕਕੇ ਤਿਆਰ-ਬਰ-ਤਿਆਰ...ਦੂਜਾ ਇਹ ਜੱਟ...ਤੀਜਾ ਜੱਟਾਂ ਵਿਚੋਂ ਵੀ ਵਿਰਕ ਜੱਟ...ਤੇ ਚੌਥਾ ਮੇਰਾ ਹੱਥ ਇਸ ਦੇ ਸਿਰ ਤੇ।...ਭਾਗਾਂ ਵਾਲੇ ਹੋ, ਤਿੱਖੜ ਦੁਪੈਹਰੇ ਇਸ ਭੁਝੰਗੀ ਨਾਲ ਉਲਝਕੇ ਬਚ ਗਏ ਓ। ਇਹ ਤੁਹਾਨੂੰ ਸੋਧ ਵੀ ਸਕਦਾ ਸੀ।" ਇਸ ਤਰ੍ਹਾਂ ਸ਼ਕਾਇਤ ਕਰਤਾ ਦੀ ਤਸੱਲੀ ਕਰਵਾਉਣ ਦੇ ਨਾਲ ਨਾਲ ਝੱਬਰ ਵਾਸਤੇ ਲੁਕਵਾਂ ਸੰਦੇਸ਼ ਸੀ ਕਿ— ਵਧਿਆ ਚੱਲ ਏਸੇ ਰਫ਼ਤਾਰ ਦੇ ਨਾਲ। ਬੜਾ ਚਿਰ ਸ਼ਾਂਤਮਈ ਲੜਾਈ ਲੜੀ ਹੈ ਦੁਸ਼ਮਣਾਂ ਨਾਲ, ਹੁਣ ਤੇਰੇ ਵਰਗੇ ਸੂਰਬੀਰਾਂ ਦੀ ਗੁਰੂ-ਘਰ ਨੂੰ ਲੋੜ ਹੈ।

ਝੱਬਰ ਪੰਜਾਂ ਕੁ ਸਾਲਾਂ ਦਾ ਸੀ, ਜਦੋਂ ਸੰਤ ਹਰਨਾਮ ਸਿੰਘ ਜੀ (ਜੋ ਸਤਿਗੁਰੂ ਰਾਮ ਸਿੰਘ ਜੀ ਨੇ ਸਿੰਘ ਸਾਜੇ ਸਨ, ਨਿਹੰਗ ਸਿੰਘ ਦੇ ਬਾਣੇ ਵਿਚ ਗੜ੍ਹਦੀਵਾਲੇ ਰਹੇ) ਨੇ ਸੰਤ ਜਿਊਣ ਸਿੰਘ ਝੱਬਰ ਨੂੰ ਪੁਛਿਆ, "ਛੋਟੇ ਝੱਬਰ ਨੂੰ ਭਜਨ ਕਿਸ ਤੋਂ ਦੁਆਇਆ ਹੈ ?" "...ਉਹ ਸਿੰਘ ਜਿਸ ਭਜਨ ਦਿਤਾ ਸੀ ਲੱਖ ਨੇਤਰਾ ਸੀ।" ਬਾਬੇ ਹੋਰੀਂ ਗਰਜਕੇ ਬੋਲੇ, "ਕਾਣਾ ਭਜਨ ਨਹੀਂ ਦੁਆਉਣਾ।" ਆਪ ਭਜਨ ਦੱਸ ਕੇ ਬਾਲ ਨੂੰ ਖੁਸ਼ੀਆਂ ਦੇ ਗੱਫੇ ਬਖਸ਼ੇ ਅਤੇ ਬੀਰ ਬਲੀ ਸਿੰਘ ਹੋਣ ਦਾ ਵਰਦਾਨ ਦਿਤਾ। ਸਮਾਂ ਪਾਕੇ, ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ੍ਰੀ ਮਹਿਲ ਮਾਤਾ ਭੂਪਿੰਦਰ ਕੌਰ ਜੀ ਅਕਾਲ ਚਲਾਣਾ ਕਰ ਗਏ, ਬਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਝੱਬਰ ਹੋਰਾਂ ਨੂੰ ਸੌਂਪੀ ਗਈ, ਜਿਨ੍ਹਾਂ ਨੂੰ ਓਦੋਂ ਬੇਅੰਤ ਜੀ ਕਿਹਾ ਜਾਂਦਾ ਸੀ। ਬੇਅੰਤ ਜੀ ਨੂੰ ਲੈਕੇ ਜਦੋਂ ਆਪ ਗੜ੍ਹਦੀਵਾਲੇ ਦੇ ਨਾਮਧਾਰੀ ਡੇਰੇ ਸੰਤ ਹਰਨਾਮ ਸਿੰਘ ਹੋਰਾਂ ਵਾਲੇ ਰਹੇ ਤਾਂ ਇਥੇ ਇਕ ਬਸੰਤ ਸਿੰਘ ਅਕਾਲੀ ਨਾਲ ਡੰਗਰਾਂ ਦੇ ਉਜਾੜੇ ਤੋਂ ਖੜਕ ਗਈ। ਇਹ ਬਸੰਤ ਸਿੰਘ ਬਹੁਤ ਚਾਮਲ੍ਹਿਆ ਸੀ। ਇਹਦੀ ਡਾਂਗ ਨਾਲ ਹੀ ਦੁਕਾਨਦਾਰ ਰਸਦਾਂ ਬੰਨ੍ਹ ਕੇ ਇਹਦੇ ਕਰਿੰਦੇ ਨੂੰ ਤੋਰ ਦਿੰਦੇ ਸਨ। ਉਹ ਜਬਰੀ ਵਸੂਲੀ ਇਉਂ ਕਰਿਆ ਕਰਦਾ ਸੀ। ਜਦੋਂ ਝੱਬਰ ਨੇ ਇਸ ਨੂੰ ਇਕ ਰੁੱਖ ਨਾਲ ਬੰਨ੍ਹਕੇ ਚਾਹਟਾ ਛਕਾਇਆ ਤਾਂ ਸਾਰਾ ਸ਼ਹਿਰ ਵੇਖਣ ਆਇਆ ਕਿ ਉਹ ਕਿਹੜੇ ਗੁਰੂ ਦਾ ਚੇਲਾ ਹੈ, ਜਿਹਨੇ ਬਸੰਤੇ ਦੇ ਭੁਕਾਨੇ ਵਿਚੋਂ ਹਵਾ ਕੱਢ ਕੇ ਉਹਨਾਂ ਨੂੰ ਅਭੈਦਾਨ ਦਿਵਾਇਆ ਹੈ ?

ਸ਼ਾਂਤਮਈ ਅੰਦੋਲਨ ਦੇ ਨਾਲ ਹੀ, ਕੂਕਿਆਂ ਵਿਚ ਇਕ ਖਾੜਕੂ ਧਾਰਾ ਵੀ ਆਰੰਭ ਤੋਂ ਹੀ ਰਹੀ ਹੈ, ਜਿਹੜੀ ਸਿੰਘਾਂ ਨੂੰ ਕਸ਼ਟ ਪਹੁੰਚਾਉਣ ਵਾਲੇ ਗੁਰੂ ਦੋਖੀਆਂ ਨਾਲ ਆਪਣੇ ਢੰਗ ਨਾਲ ਸਿੱਝਦੀ ਰਹੀ ਹੈ। ਸ੍ਰੀ ਭੈਣੀ ਸਾਹਿਬ ਵਿਖੇ ਮਫ਼ਰੂਰੀ ਦੀ ਹਾਲਤ ਵਿਚ ਖਰਾਸ ਵਾਲੇ ਕੋਠੇ ਵਿਚ ਆਪਣਾ ਅੰਤ ਸਮਾਂ ਬਿਤਾਉਣ ਵਾਲਾ ਭਗਵਾਨ ਸਿੰਘ ਅੜਬੰਗੀ ਇਸੇ ਧਾਰਾ ਦਾ ਜਰਨੈਲ ਸੀ। ਉਹ ਭੈਣੀ ਸਾਹਿਬ ਪੁਲਿਸ ਚੌਕੀ ਦੇ ਬੜੇ ਫਿੱਟੇ ਸਿਪਾਹੀ ਗੇਂਦੇ ਸਮੇਤ, ਡੇਢ੍ਹ ਦਰਜਨ, ਕਤਲ ਕੇਸਾਂ ਵਿਚ ਪੰਜਾਬ ਪੁਲੀਸ ਨੂੰ ਲੋੜੀਂਦਾ ਸੀ। ਅੜਬੰਗੀ, ਸੰਤ ਜਿਊਣ ਸਿੰਘ ਝੱਬਰ ਦਾ ਬੜਾ ਪ੍ਰੇਮੀ-ਮਿੱਤਰ ਸੀ। ਛੋਟੇ ਝੱਬਰ ਨੂੰ ਆਪਣੀ ਬੁੱਕਲ ਵਿਚ ਬੈਠਾ ਕੇ "ਅੜਬੰਗੀ" ਅੰਮ੍ਰਿਤਸਰ ਬੁੱਚੜਬੱਧ, ਰਾਇਕੋਟ ਮਲੇਰਕੋਟਲੇ ਦੇ ਸਾਕੇ, ਗੇਂਦਾਬੱਧ ਅਤੇ ਹੋਰ ਬਹੁਤ ਸਾਰੇ ਵਾਕਿਆਤਾਂ ਦਾ ਪ੍ਰਤੱਖ-ਦਰਸ਼ੀ ਅਤੇ ਮੁੱਖ ਪਾਤਰ ਹੋਣ ਸਦਕਾ ਵਰਣਨ ਕਰਿਆ ਕਰਦਾ ਸੀ। ਉਹ ਗੇਂਦੇ ਵਾਲੇ ਕੇਸ ਵਿਚੋਂ ਇਸੇ ਕਰਕੇ ਬਰੀ ਹੋਏ ਸਨ ਕਿ ਉਹਨਾਂ ਪੁਲੀਸ ਨੂੰ ਇਹ ਸਿੱਧ ਹੀ ਨਹੀਂ ਸੀ ਹੋਣ ਦਿਤਾ ਕਿ ਉਹ ਮਰਹਾਣੇ ਪਿੰਡ ਦਾ ਭਗਵਾਨ ਸਿੰਘ ਹੈ। ਅੜਬੰਗੀ ਜੀ ਦੀ ਸੰਗਤ ਨਾਲ ਜਿਥੇ ਸਿਰ ਤੇ ਖੇਡ



Sri Satguru Jagjit Singh Ji eLibrary NamdhariElibrary@gmail.com

ਜਾਣ ਦੀ ਦਲੇਰੀ ਆਈ ਉੱਥੇ ਉਹਨਾਂ ਨੇ ਤਰਕ ਵਿਤਰਕ ਅਤੇ ਕਈ ਉਕਤੀਆਂ ਯੁਕਤੀਆਂ ਦੀ ਵੀ ਸੋਝੀ ਕਰਾਈ ਜਿਸ ਸਦਕਾ ਔਖੇ ਤੋਂ ਔਖੇ ਸਮੇਂ ਵਿਚ ਵੀ ਅਡੋਲ ਰਹਿ ਕੇ ਕੋਈ ਨਾ ਕੋਈ ਰਸਤਾ ਲੱਭ ਲੈਣ ਦਾ ਸਾਹਸ ਪੈਦਾ ਹੋਇਆ।

ਰਾਈਆਂ ਵਾਲੇ ਡੇਰੇ ਦੇ ਉਦਾਸੀ ਸਾਧੂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤਾਂ ਡੇਰਾ ਸ੍ਰੀ ਭੈਣੀ ਸਾਹਿਬ ਨਾਲ ਸੁਖਾਵੇਂ ਸਬੰਧ ਬਣਾਈ ਰੱਖਦੇ ਸੀ। ਬਾਬਾ ਜੱਸਾ ਸਿੰਘ (ਪਿਤਾ ਸਤਿਗੁਰੂ ਰਾਮ ਸਿੰਘ) ਦਾ ਸਸਕਾਰ ਵੀ ਇਸੇ ਡੇਰੇ ਦੇ ਇਕ ਸਾਧੂ ਦੀ ਸਮਾਧ ਪਾਸ ਹੋਇਆ। ਕੁਝ ਉਸ ਸਾਧ ਨਾਲ ਪ੍ਰੇਮ ਕਰਕੇ ਤੇ ਕੁਝ ਪਿੰਡ ਦੇ ਜੱਟਾਂ ਵੱਲੋਂ ਇਹ ਕਹਿਣ ਕਿ ਤੁਸੀਂ ਇਸ ਪਿੰਡ ਦੇ ਨਹੀਂ ਰਾਈਆਂ ਦੇ ਮੂਲ ਨਿਵਾਸੀ ਹੋ, ਓਥੇ ਸਸਕਾਰ ਕਰੋ। ਇਸ ਗੱਲ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਬਦੇਸ਼ੀ ਸਰਕਾਰ ਦੇ ਚਮੁਲਾਏ ਆਂਢੀ-ਗੁਆਂਢੀ ਪਿੰਡ ਦੇ ਵੀ ਅਤੇ ਬਾਹਰਲੇ ਪਿੰਡਾਂ ਦੇ ਵੀ ਕਿਸੇ ਨਾ ਕਿਸੇ ਬਹਾਨੇ ਕੂਕਿਆਂ ਨੂੰ ਦਬਾਈ ਰੱਖਣਾ ਚਾਹੁੰਦੇ ਸਨ। ਗੁਰੂ ਹਰੀ ਸਿੰਘ ਜੀ ਨੇ ਇਹਨਾਂ ਲੋਕਾਂ ਬਾਰੇ ਹੀ ਕਿਹਾ ਸੀ ਕਿ ਇਹਨਾਂ ਦੀਆਂ ਗਰਦਨਾਂ ਵਿਚ ਕੀਲੇ ਗੱਡੇ ਹੋਏ ਹੈਂ। ਇਹ ਵੀ ਉਹਨਾਂ ਕਿਹਾ ਸੀ ਕਿ ਹੰਕਾਰ ਦੇ ਇਹਨਾਂ ਕਿੱਲਿਆਂ ਨੂੰ ਛੇਤੀ ਹੀ ਪੁੱਟਣ ਵਾਲੇ ਸਾਡੇ ਸਿੰਘ ਆ ਰਹੇ ਹਨ। ਇਸ 'ਕਿੱਲੇ ਪੁੱਟਣ' ਵਾਲੇ ਕੰਮ ਦੀ ਅਗਵਾਈ ਵੀ ਗੁਰਮੁਖ ਸਿੰਘ ਝੱਬਰ ਨੇ ਕੀਤੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ ਜੀ, ਮਾਈ ਜਿਉਣ ਕੌਰ ਜੀ, ਹਰ ਦੋਸਤ ਦੁਸ਼ਮਣ ਨਾਲ ਸਮ ਹੀ ਵਰਤਦੇ। ਉਹ ਸੋਚਦੇ ਸਨ ਕਿ ਜੇ ਕੋਈ ਗੁੜ ਦਿਤਿਆਂ ਮਰ ਜਾਏ ਤਾਂ ਮਹੁਰਾ ਕਿਉਂ ਦੇਵਾਂ। ਗੁਰੂ ਨਿੰਦਕਾਂ ਤੇ ਡੇਰੇ ਦੇ ਵਿਰੋਧੀਆਂ ਲਈ ਵੀ ਇਧਰੋਂ ਖੁਲ੍ਹੇ ਗੱਫੇ ਵਰਤਦੇ ਸਨ। ਰਾਈਆਂ ਡੇਰੇ ਦਾ ਉਦਾਸੀ ਸਾਧ ਮਹੰਤ ਮੋਤੀ ਦਾਸ ਬਹੁਤ ਵਧ ਚੁੱਕਿਆ ਸੀ। ਉਹ ਡੇਰਾ ਸ੍ਰੀ ਭੈਣੀ ਸਾਹਿਬ ਦੀਆਂ ਐਨ ਬਰੂਹਾਂ ਤੇ ਆ ਕੇ, ਡਿਉੜੀ ਸਾਹਵੇਂ ਮਾਈ ਜੀ ਦੀ ਸ਼ਾਨ ਦੇ ਖਿਲਾਫ ਅਬਾ ਤਬਾ ਬੋਲਣ ਲੱਗ ਪਿਆ। ਝੱਬਰ ਓਦੋਂ ਨਹਿਰ ਵਾਲੇ ਡੇਰੇ ਤੇ ਸੀ। ਸ਼ਾਮੀਂ ਆਇਆਂ ਸੁਣੀ ਹਕੀਕਤ ਸਾਰੀ ਤਾਂ ਪਿੰਡ ਦੇ ਇਕ ਲਾਗੀ ਘੱਕੂ ਨੂੰ ਸੱਦ ਕੇ ਕਿਹਾ ਕਿ ਸਾਧ ਮੋਤੀ ਦਾਸ ਨੂੰ ਮੇਰਾ ਸੁਨੇਹਾ ਦੇ ਆ "ਹੁਣ ਤੱਕ ਜੋ ਹੋ ਗਈ, ਹੋ ਗਈ। ਹੁਣ ਮਾਈ ਦੇ ਪੁੱਤਰ ਪੋਤਰੇ ਜੁਆਨ ਹੋ ਗਏ ਨੇ। ਹੁਣ ਉਹਨਾਂ ਦੀ ਪੰਥ ਮਾਤਾ ਨੂੰ ਜੇ ਕਿਸੇ ਹਮਕੀ ਤੁਮਕੀ ਕੀਤੀ, ਤਾਂ ਸਾਨੂੰ ਮਾਂ ਨਹੀਂ ਕੋਈ ਕੁੱਤੀ ਚੁੱਕੀ ਫਿਰਦੀ ਰਹੀ ਹੋਏਗੀ। ਸਮਾਂ ਸਬਰ ਨ ਤੋਅ ਕਰਕੇ ਜਿਥੇ ਮਰਜ਼ੀ ਹੋਵੇ ਸਾਧਾ ਭੇੜਾ ਕਰ ਲੈ। ਖਾਲਸੇ ਤਿਆਰ-ਬਰ-ਤਿਆਰ ਨੇ।" ਸਾਧ ਨੇ ਕੀਹ ਦਿਨ ਬੰਨ੍ਹਣਾ ਸੀ। ਇਕ ਹਫਤੇ ਬਾਦ ਬੇਗੋਵਾਲ ਦੇ ਅਖਾੜੇ ਵਿਚ ਮੋਤੀ ਦਾਸ ਦਾ ਸਿਰ ਧੜ ਤੋਂ ਵੱਖਰਾ ਹੋਇਆ ਰਿੜ੍ਹ ਰਿਹਾ ਸੀ।

ਪਿੰਡ ਭੈਣੀ ਸਾਹਿਬ ਦਾ ਹੀ ਨਿਵਾਸੀ ਦੁਸੰਧੀ ਡੇਰੇ ਦਾ ਕੁਝ ਸਮਾਂ ਵੀ ਇਸ ਹਾਲਤ ਵਿਚ ਮੁਖਤਿਆਰ ਰਿਹਾ ਸੀ। ਉਹ ਰਾਈਆਂ ਵਾਲਿਆਂ ਨਾਲ ਵੀ ਮਿਲ ਜਾਂਦਾ ਅਤੇ ਉਹਨਾਂ ਨੂੰ ਸੂਹ ਵੀ ਦਿੰਦਾ। ਡੇਰੇ ਦੇ ਖਿਲਾਫ ਗਵਾਹ ਪਿੰਡ ਵਿਚੋਂ ਹੀ ਭੁਗਤਾ ਕੇ ਫਿਰ ਉਹਨਾਂ ਦੇ ਘਰ ਕੜਾਹ ਪ੍ਰਸਾਦ ਦੇ ਗੱਫੇ ਅਤੇ ਸਰਦਾਈਆਂ ਦੇ ਗੜਵੇ ਵੀ ਭੇਜਦਾ। ਝੱਬਰ ਨੇ ਉਹਦੀ ਰਸਦ ਬੰਦ ਕਰ ਦਿਤੀ। ਔਖਾ ਸੌਖਾ ਹੋਣ ਲੱਗਾ ਤਾਂ ਚਾਹਟਾ ਛਕਾ ਦਿਤਾ। ਮਾਈ ਜੀ ਵੱਡਿਆਂ ਨੇ ਕਿਹਾ "ਮਾੜਾ ਮੋਟਾ ਹੱਥ ਠੋਕਾ ਸੀ। ਪਿੰਡ ਨਾਲ ਵਗਾੜਨੀ ਚੰਗੀ ਨਹੀਂ।" ਝੱਬਰ ਨੇ ਉਤਰ ਦਿਤਾ "ਮਾਤਾ ਜੀ, ਇਹ ਲੱਤਾਂ ਦੇ ਭੂਤ ਬਾਤਾਂ ਨਾਲ ਨਹੀਂ ਮੰਨਣਗੇ। ਤੰਗੀਆਂ ਤੁਰਸ਼ੀਆਂ ਦਾ ਦੌਰ ਆਪਣਾ ਹੁਣ ਲੰਘਣ ਵਾਲਾ ਹੈ। ਇਹਨਾਂ ਦੀ ਜਿਹੜੀ ਦੁਆਈ ਹੈ ਓਹੋ ਹੁਣ ਕਰਾਂਗੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ ਹੁਣ ਕਿਸੇ ਨੂੰ ਖੰਘਣ ਨਹੀਂ ਦਿਆਂਗੇ। ਨਾਲੇ ਇਹ ਸਾਨੂੰ ਖਾਣ ਤੇ ਨਾਲੇ ਸਾਨੂੰ ਘੂਰਨ, ਦੋ ਦੋ ਕੰਮ ਹੁਣ ਨਹੀਂ ਹੋਣ ਦੇਣੇ।"

ਸਤਿਗੁਰੂ ਪ੍ਰਤਾਪ ਸਿੰਘ ਜੀ ਇਸ਼ਨਾਨ ਕਰ ਰਹੇ ਸਨ। ਬਸਤਰ ਤਬੇਲੇ ਵੱਲੋਂ ਲੈ ਕੇ ਇਕ ਦੋ ਹੋਰ ਸਿੰਘਾਂ ਨਾਲ ਝੱਬਰ ਆ ਰਿਹਾ ਸੀ। ਪੁਲੀਸ ਚੌਕੀ ਦੇ ਸਿਪਾਹੀਆਂ ਰੋਕ ਲਿਆ। ਸੱਚੇ ਪਾਤਸ਼ਾਹ ਜੀ ਖੂਹ ਦੀ ਮਣ੍ਹ ਤੇ ਖਲੋਤੇ ਬਸਤਰ ਉਡੀਕ ਰਹੇ ਸਨ। ਬਾਲਕ ਝੱਬਰ ਉਹਨਾਂ ਸਿਪਾਹੀਆਂ ਨਾਲ ਭਿੜ ਪਿਆ। ਰੌਲਾ ਸੁਣ ਕੇ ਸਤਿਗੁਰੂ ਜੀ ਆ ਗਏ ਤੇ ਕਹਿਣ ਲੱਗੇ ਕਿ ਬਹੁਤ ਹੋ ਗਈਆਂ ਸਾਡੇ ਨਾਲ। ਮੈਂ ਅੱਜ ਹੀ ਲਾਹੌਰ ਜਾ ਕੇ ਤੁਹਾਡਾ ਬਿਸਤਰਾ ਬੋਰੀਆ ਗੋਲ ਕਰਵਾਉਂਦਾ ਹਾਂ। ਇਸ ਤਰ੍ਹਾਂ ਡੇਰੇ ਦੇ ਬੂਹੇ ਤੋਂ ਅੱਧੀ ਸਦੀ ਤੋਂ ਪਈ ਪੁਲੀਸ ਚੌਂਕੀ ਉਠਾਉਣ ਦਾ ਮੁੱਢ ਬੱਝਿਆ।

ਰਾਈਆਂ ਦੇ ਗੁੱਜਰ ਬੜੇ ਖਾੜਕੂ ਸਨ। ੧੯੪੭ ਤੋਂ ਪਹਿਲਾਂ ਉਹਨਾਂ ਦੀ ਸੱਠ ਡਾਂਗ ਸੀ। ਜਿਥੇ ਮਰਜ਼ੀ ਪਸ਼ੂ ਚਾਰਦੇ ਅਤੇ ਉਜਾੜੇ ਕਰਦੇ ਫਿਰਦੇ। ਸਰਕਾਰ, ਪਿੰਡਾਂ ਦੇ



Sri Satguru Jagjit Singh Ji eLibrary NamdhariElibrary@gmail.com

ਪ੍ਰਭਾਵਸ਼ਾਲੀ ਲੋਕ, ਕੂਕਿਆਂ ਦੇ ਵਿਰੁੱਧ ਸਨ ਹੀ, ਗੁੱਜਰਾਂ ਨੇ ਸੋਚਿਆ ਕਿ ਅਸੀਂ ਪਿੱਛੇ ਕਿਉਂ ਰਹੀਏ। ਵਗਦੀ ਗੰਗਾ ਵਿਚ ਅਸੀਂ ਵੀ ਹੱਥ ਧੋ ਲਈਏ। "ਗੁੱਜਰ ਰੋਸ਼ਨ, ਡੇਰੇ ਦੇ ਅਨੁਸ਼ਾਸਨ ਦੀ ਅਵੱਗਿਆ ਕਰਕੇ ਗਿਆ ਹੈ", ਬਿਅੰਤ ਜੀ ਤੋਂ ਝੱਬਰ ਨੂੰ ਇਹ ਪਤਾ ਲੱਗ ਗਿਆ। ਅਜੇ ਉਹ ਕੋਠੀ ਵਾਲੇ ਬਾਗ ਦੀ ਗੁੱਠ ਟੱਪ ਹੀ ਰਿਹਾ ਸੀ, ਘੇਰ ਲਿਆ। ਰੋਸ਼ਨ ਬੜਾ ਸੂਰਮਾ ਤੇ ਬਲੀ ਜੁਆਨ ਸੀ। ਸਾਰੇ ਗੁਜਰਾਂ ਦਾ ਆਗੂ ਸਭ ਤੋਂ ਸਿਰ ਕਢਵਾਂ। ਬਾਪੂ ਜੀ ਦੱਸਿਆ ਕਰਦੇ ਸਨ ਕਿ ਇਕ ਵੇਰ ਤੇ ਉਹਨੇ ਮੈਨੂੰ ਥੱਲੇ ਸੁੱਟ ਲਿਆ। ਉਹ ਹਲ ਦਾ ਜੋਤਰਾ ਛੱਡ ਕੇ ਆਇਆ ਸੀ ਤੇ ਪਰਾਣੀ ਉਹਦੇ ਹੱਥ ਵਿਚ ਸੀ। ਮੈਂ ਫੁਰਤੀ ਨਾਲ ਥੱਲੇ ਪਏ ਨੇ ਪਰਾਣੀ ਉਹਦੇ ਹੱਥੋਂ ਖੋਹ ਲਈ ਤੇ ਉਹਦੀ ਪੁੜਪੁੜੀ ਤੇ ਛੱਡੀ। ਉਸ ਸਿਰ ਝਟਕਿਆ, ਏਨੇ ਨੂੰ ਹੋਰ ਮਾਰ ਕੇ ਬੇਂਦਲਾ ਦਿਤਾ। ਕੋਠੀ ਦੇ ਥਮਲੇ ਨਾਲ ਬੰਨ੍ਹ ਕੇ ਮਾਂਜਿਆ। ਚੀਕਾਂ ਰੋਸ਼ਨ ਦੀਆਂ ਪਿੰਡ ਤੱਕ ਜਾਣ ਪਰ ਝੱਬਰ ਦੇ ਹੁੰਦਿਆਂ ਛੁਡਾਉਣ ਕਿਹੜਾ ਆਵੇ। ਅਖੀਰ ਮਾਈ ਜੀ ਵੱਡੇ ਆਏ। ਉਹਨਾਂ ਛੁਡਾਇਆ। ਰਾਤ ਨੂੰ ਇਹੋ ਰੋਸ਼ਨ ੧੦ ਬੰਦਾ ਨਾਲ ਲੈਕੇ ਆ ਗਿਆ ਕਿ ਝੱਬਰ ਦੀ ਮੰਜੀ ਤਬੇਲੇ ਵਿਚੋਂ ਚੁੱਕ ਲਿਆਉਣੀ ਹੈ। ਪੌੜੀ ਲਾ ਕੇ ਤਬੇਲੇ ਵਿਚ ਉਤਰ ਰਹੇ ਨੂੰ ਚਾਚਾ ਲਾਭ ਸਿੰਘ ਫੱਤਾ (ਬਾਪੂ ਜੀ ਨਾਲ ਇਹਨਾਂ ਦਾ ਬਹੁਤ ਪ੍ਰੇਮ ਸੀ) ਅਤੇ ਹੋਰ ਸਿੰਘਾਂ ਨੇ ਘੇਰ ਲਿਆ। ਗੜਵਿਆਂ ਨਾਲ ਹੀ ਪਾਰ ਬੁਲਾ ਦਿਤਾ। ਝੱਬਰ ਹੋਰਾਂ ਦੇ ਆਉਣ ਤੋਂ ਪਹਿਲਾਂ ਸਹਿਕ ਰਿਹਾ ਸੀ। ਉਹਨਾਂ ਸਿੰਘ ਨਾਲ ਲੈਕੇ ਰਾਈਆਂ ਦੇ ਬਾਹਰ ਲਿਟਾ ਦਿਤਾ ਰੇਤੇ ਤੇ। ਦਿਨੇ ਹਨੇਰੀ ਆਈ। ਪੈੜ ਮਿਟ ਗਈ। ਪਰਚਾ ਹੋ ਗਿਆ। ਪੁਲੀਸ ਕਪਤਾਨ ਅੰਗਰੇਜ਼ ਮੌਕੇ ਤੇ ਆਇਆ। ਪਰਚਾ ਕਤਲ ਦਾ ਨਾਮਧਾਰੀ ਦਰਬਾਰ ਦੇ ਪ੍ਰਧਾਨ ਜ. ਦੱਯਾ ਸਿੰਘ ਕੱਕੜ, ਝੱਬਰ ਅਤੇ ਦੋ ਹੋਰ ਡੇਰੇ ਦੇ ਸਿੰਘਾਂ ਦੇ ਖਿਲਾਫ਼ ਸੀ। ਪਹਿਲਾਂ ਕੁਝ ਤਾਂ ਲੋਕਾਂ ਦੀ ਯੋਜਨਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਾਂ ਵੀ ਵਿਚ ਪਾਉਣ ਤੇ ਸੀ। ਪਰ ਜਦੋਂ ਉਹਨਾਂ ਇਹ ਸੁਣਿਆ ਕਿ ਝੱਬਰ ਕਹਿੰਦਾ ਹੈ ਜੇ ਸਤਿਗੁਰੂ ਜੀ ਦਾ ਝੂਠਾ ਨਾਂ ਲਿਆ ਤਾਂ ਮੈਂ ਇਕਬਾਲੀ ਹੋ ਜਾਵਾਂਗਾ, ਉਹ ਬਦਲ ਗਏ। ਪੁਲੀਸ ਕਪਤਾਨ ਮੌਕੇ ਤੇ ਆਇਆ ਮੌਕੇ ਦੇ ਗਵਾਹਾਂ ਨੂੰ ਸੱਦਿਆ। ਦੋ ਗਵਾਹ ਪਿੰਡ ਭੈਣੀ ਸਾਹਿਬ ਦੇ ਨਿਵਾਸੀ ਕੂਕਿਆਂ ਦੇ ਕੱਟੜ ਵਿਰੋਧੀ ਸਮਝੇ ਜਾਣ ਵਾਲੇ ਧੜੇ ਵਿਚੋਂ ਸਨ। ਪ੍ਰੰਤੂ ਕਿਸੇ ਸਮੇਂ ਝੱਬਰ ਹੋਰਾਂ ਨੇ ਉਹਨਾਂ ਦੋਹਾਂ ਤੇ ਕੁਝ ਨਾ ਭੁਲਾਉਣ ਯੋਗ ਗੁਣ ਕੀਤੇ ਸਨ ਜਿਸ ਕਰਕੇ ਦੋਵੇਂ ਗਵਾਹ ਐੱਸ.ਐਸ.ਪੀ. ਦੇ ਸਾਹਮਣੇ ਸਾਫ ਮੁੱਕਰ ਗਏ ਕਿ ਉਹਨਾਂ ਨੂੰ ਇਸ ਕੇਸ ਸਬੰਧੀ ਕੋਈ ਪਤਾ ਹੈ। ਅਫਸਰ ਨੇ ਪਰਚਾ ਝੂਠਾ ਜਾਣ ਕੇ ਮੌਕੇ ਤੇ ਹੀ ਪਾੜ ਦਿਤਾ ਅਤੇ ਨਵੇਂ ਸਿਰਿਉਂ ਜਾਂਚ ਦੇ ਹੁਕਮ ਦੇ ਕੇ ਮੁੜ ਆਇਆ।

ਬਹੁਤ ਸਾਰੇ ਦੇਸ਼ ਭਗਤਾਂ ਦਾ, ਜੋ ਅੰਗਰੇਜ਼ ਸਰਕਾਰ ਦੇ ਖਿਲਾਫ ਲੜ ਰਹੇ ਸਨ, ਡੇਰਾ ਸ੍ਰੀ ਭੈਣੀ ਸਾਹਿਬ ਇਕ ਵੱਡਾ ਗੁਪਤ ਟਿਕਾਣਾ ਸੀ। ਅੜਬੰਗੀ ਜੀ ਅਤੇ ਅੰਮ੍ਰਿਤਸਰ ਬੁਰਜ ਬੱਧ ਦੇ ਇਕ ਹੋਰ ਮਫਰੂਰ ਨੇ ਆਪਣੀ ਸਾਰੀ ਉਮਰ ਇਥੇ ਹੀ ਬਿਤਾਈ ਸੀ। ਬੱਬਰ ਅਕਾਲੀ ਲਹਿਰ ਦੇ ਉੱਘੇ ਰੁਕਨ ਰਤਨ ਸਿੰਘ ਪਿੰਡ ਰੱਕੜਾਂ ਨੇ ਕਈ ਵੇਰ ਇਥੇ ਟਿਕਾਣਾ ਕੀਤਾ। ਜਿਸ ਦਿਨ ਰਤਨ ਸਿੰਘ ਦੇ ਪਿਛੇ ਪੁਲੀਸ ਦੀ ਬਹੁਤ ਵਡੀ ਧਾੜ ਸੀ ਉਸ ਦਿਨ ਵੀ ਉਹਨੂੰ ਲੰਘਾਉਣ ਵਿਚ ਝੱਬਰ ਹੋਰਾਂ ਦੀ ਇਮਦਾਦ ਜ਼ਿਕਰ ਯੋਗ ਹੈ। ਗੁਆਂਢੀ ਪਿੰਡ ਦੇ ਜ਼ੈਲਦਾਰ ਦੇ ਭਤੀਜੇ ਨੇ ਰਤਨ ਸਿੰਘ ਦਾ ਪਿਛਾ ਬਹੁਤ ਤੇਜ਼ੀ ਨਾਲ ਕੀਤਾ। ਜਦੋਂ ਉਹ ਭੈਣੀ ਸਾਹਿਬ ਬਾਗ ਵਾਲੀ ਕੋਠੀ ਵਲੋਂ ਲੰਘ ਰਿਹਾ ਸੀ ਤਾਂ ਝੱਬਰ ਹੋਰਾਂ ਉਹਨਾਂ ਨੂੰ ਜੱਫਾ ਮਾਰ ਲਿਆ ਕਿ ਰਤਨ ਸਿੰਘ ਤਕ ਪੁਜ ਨਾ ਜਾਏ। ਪੂਰੇ ੧੦-੧੫ ਮਿੰਟ ਉਹਦੇ ਨਾਲ ਘੁਲਦੇ ਰਹੇ। ਜਦੋਂ ਥਾਣੇਦਾਰ ਆਇਆ ਤਾਂ ਉਸਨੇ ਕਿਹਾ ਜੇ ਝੱਬਰ ਮੈਨੂੰ ਨਾ ਫੜਦਾ ਮੈਂ ਰਤਨ ਸਿੰਘ ਨੂੰ ਫੜ ਲੈਣਾ ਸੀ। ਬਾਪੂ ਜੀ ਨੇ ਕਿਹਾ "ਵਾਹ ਭਾਈ ਵਾਹ, ਤੂੰ ਨਹੀਂ ਰਤਨ ਸਿੰਘ, ਅਸੀਂ ਤਾਂ ਤੈਨੂੰ ਰਤਨ ਸਿੰਘ ਸਮਝ ਕੇ ਰੋਕਿਆ ਸੀ। ਥਾਣੇਦਾਰ ਸਾਹਿਬ ਕਹਿ ਗਏ ਸਨ ਕਿ ਇਸ ਤਰ੍ਹਾਂ ਦੇ ਹੁਲੀਏ ਦਾ ਬੰਦਾ ਆਇਆ ਤਾਂ ਉਹਨੂੰ ਰੋਕਿਓ। ਤੂੰ ਮੂੰਹੋਂ ਫੁੱਟਿਆ ਹੀ ਨਹੀਂ ਪਈ ਮੈਂ ਰਤਨ ਸਿੰਘ ਨਹੀਂ। ਉਸ 'ਅਤੀ ਉਤਸ਼ਾਹੀ' ਯੁਵਕ ਨੇ ਫਿਰ ਬੱਬਰ ਅਕਾਲੀ ਦਾ ਪਿੱਛਾ ਕੀਤਾ ਅਤੇ ਸਤਿਲੁਜ ਦੀ ਬੇਟ ਵਿਚ ਪੱਥਰ ਪਿਛੇ ਲੁਕੇ ਰਤਨ ਸਿੰਘ ਦੀ ਬੰਦੂਕ ਦੀ ਗੋਲੀ ਦਾ ਨਿਸ਼ਾਨਾ ਓਦਣ ਹੀ ਬਣ ਗਿਆ। ਬਾਦ ਵਿਚ ਰਤਨ ਸਿੰਘ ਹੋਰਾਂ ਦੇ ਸੁਨੇਹੇ ਆਉਂਦੇ ਰਹੇ ਕਿ "ਝੱਬਰ ਸਾਹਿਬ ਜੇ ਸਮਾਂ ਮਿਲਿਆ ਤਾਂ ਖੁਲ੍ਹੇ ਦਰਸ਼ਨ ਦੀਦਾਰ ਤੇ ਬਚਨ ਬਲਾਸ ਕਰਾਂਗੇ। ਪਰ ਉਹ ਇਕ ਪਿੰਡ ਵਿਚ ਘਿਰ ਗਏ ਸਨ ਅਤੇ ਫਿਰ ਆਪਣੀ ਹੀ ਬੰਦੂਕ ਦਾ ਘੋੜਾ ਪੈਰ ਦੀ ਉਂਗਲੀ ਨਾਲ ਦਬਾਅ ਕੇ, ਜਿਉਂਦੇ ਜੀ ਚੰਦਰ ਸ਼ੇਖਰ ਜਿਉਂ ਵੈਰੀ ਦੇ ਹੱਥੀਂ ਨਾ ਆਉਣ



Sri Satguru Jagjit Singh Ji eLibrary NamdhariElibrary@gmail.com

ਦਾ ਕੀਤਾ ਪ੍ਰਣ ਨਿਭਾ ਗਏ ਸਨ।

ਦੇਸ਼ ਭਗਤਾਂ ਦੇ ਨਾਲ ਨਾਲ ਸਾਧੂ ਸਿੰਘ 'ਕਕਰਾਲਾ' (ਲੁਧਿਆਣਾ), ਵਸਾਖਾ ਸਿੰਘ 'ਸਹਾਰੀ' (ਜ਼ਿਲਾ ਲਾਹੌਰ) ਜਹੇ ਕੁਝ ਉਘੇ ਡਾਕੂ ਵੀ ਕਦੇ ਕਦੇ ਡੇਰੇ ਵਿਚ ਆ ਜਾਇਆ ਕਰਦੇ ਸਨ। ਬਾਪੂ ਜੀ ਨੇ ਉਹਨਾਂ ਨੂੰ ਕਹਿ ਰਖਿਆ ਸੀ ਕਿ ਜਿਥੋਂ ਤਕ ਪ੍ਰਸ਼ਾਦੇ ਦਾ ਸੁਆਲ ਹੈ ਸਾਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ ਕਿ ਗਊ ਦੀ ਰੱਤ ਵਿਚ ਲਿੱਬੜੀ ਛੁਰੀ ਲੈਕੇ ਜੇ ਕੋਈ ਬੁੱਚੜ ਵੀ ਇਥੇ ਮੇਰੇ ਹੱਥੀਂ ਲਾਏ ਲੰਗਰ ਵਿਚ ਆ ਜਾਵੇ ਤਾਂ ਉਹਨੂੰ ਭੁੱਖਾ ਨਹੀਂ ਮੋੜਨਾ। ਪ੍ਰਸ਼ਾਦਾ ਪਾਣੀ ਮਿਲੇਗਾ ਪਰ ਤਿੰਨ ਕੰਮ ਜੇ ਤੁਸਾਂ ਕੀਤੇ ਤਾਂ ਫਿਰ ਤੁਹਾਡਾ ਦਾਖਲਾ ਰੋਕਿਆ ਜਾਏਗਾ। ਇਹ ਕੰਮ ਸਨ ਡੇਰੇ ਵਿਚ ਸ਼ਰਾਬ ਪੀ ਕੇ ਆਉਣਾ, ਡੇਰੇ ਵਿਚ ਔਰਤ ਲੈਕੇ ਆਉਣਾ ਅਤੇ ਡੇਰੇ ਦੇ ਕਿਸੇ ਬੰਦੇ ਨੂੰ ਪੈਸਾ ਟਕਾ (ਭਾਵੇਂ ਲੰਗਰ ਦੇ ਨਾਂ ਤੇ ਵੀ ਕਿਉਂ ਨਾ ਹੋਵੇ) ਦੇ ਕੇ ਜਾਣਾ। ਜਦੋਂ ਸਾਧੂ ਸਿੰਘ ਫੜਿਆ ਗਿਆ ਤਾਂ ਲੁਧਿਆਣੇ ਤੋਂ ਲੈਕੇ ਲਹੌਰ ਤਕ ਪੁਲੀਸ ਨੇ ਉਸ ਤੇ ਅੰਨ੍ਹਾ ਤਸ਼ਦਦ ਕੀਤਾ ਕਿ ਤੂੰ ਕਹਿ ਦੇ ਝੱਬਰ ਨੂੰ ਅਸੀਂ ਮਾਲ ਦਿੰਦੇ ਸਾਂ। ਉਸ ਕਿਹਾ, ਉਹ ਕਾਣੀ ਕੌਡੀ ਦਾ ਵੀ ਰਵਾਦਾਰ ਨਹੀਂ ਸੀ, ਝੂਠ ਬੋਲ ਕੇ ਬੇਦੀਨ ਕਿਉਂ ਹੋਵਾਂ। ਸਾਧੂ ਸਿੰਘ ਫਾਹੇ ਲੱਗਾ ਸੀ, ਬੜੀ ਉਚੀ ਬਿਰਤੀ ਅਤੇ ਚੜ੍ਹਦੀ ਕਲਾ ਵਿਚ ਰਿਹਾ ਸੀ। ਸੱਚ ਜੁ ਪੱਲੇ ਸੀ। ਡਾਕੂ ਤਾਂ ਸਮਾਜਿਕ ਹਾਲਤਾਂ ਬਣਾ ਦਿੰਦੀਆਂ ਹਨ। ਵਸਾਖਾ ਸਿੰਘ ਸਹਾਰੀ ਵੀ ਚਾਹੁੰਦਾ ਤਾਂ ਆਪਣਾ ਬਾਕੀ ਜੀਵਨ ਇਥੇ ਮਫਰੂਰੀ ਦੀ ਹਾਲਤ ਵਿਚ ਵਧੀਆ ਬਿਤਾ ਸਕਦਾ ਸੀ ਪਰ ਜਦੋਂ ਉਸ ਵੇਖਿਆ ਕਿ ਨਾਲ ਦੇ ਫੜੇ ਗਏ ਹਨ ਤਾਂ ਇਹ ਸੋਚਕੇ ਕਿ ਤੰਦੀ ਦਾ ਝੂਟਾ ਉਹ ਇਕੱਲੇ ਹੀ ਕਿਉਂ ਲੈਣ ਉਹ ਵੀ ਜਾ ਪੇਸ਼ ਹੋਇਆ ਸੀ। ਆਜ਼ਾਦੀ ਤੋਂ ਬਾਦ ਬਾਬਾ ਗੁਰਮੁਖ ਸਿੰਘ ਲਲਤੋਂ ਸਮੇਤ ਬਹੁਤ ਸਾਰੇ ਕਮਿਊਨਿਸਟ ਸੰਗਰਾਮੀਏ ਵੀ ਝੱਬਰ ਹੋਰਾਂ ਪਾਸ ਡੇਰੇ ਵਿਚ ਗੁਪਤਵਾਸ ਵਜੋਂ ਰਹਿੰਦੇ ਰਹੇ। ਸਤਿਗੁਰੂ ਰਾਮ ਸਿੰਘ ਜੀ ਦੇ ਘਰ ਦਾ ਦਰਵਾਜ਼ਾ ਸਭ ਲਈ ਖੁਲ੍ਹਾ ਸੀ।

ਅਕਾਲ ਬੁੰਗਾ, ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਤਪ ਅਸਥਾਨ ਹੈ ਅਤੇ ਇਥੋਂ ਹੀ ਸ਼ਹੀਦੀ ਜਥੇ ਦੇ ਮਸਤਾਨਿਆਂ ਨੂੰ ਹੀਰਾ ਸਿੰਘ ਲਹਿਣਾ ਸਿੰਘ ਹੋਰਾਂ ਸਮੇਤ ਅੰਤਿਮ ਪ੍ਰਸ਼ਾਦ ਹੱਥੀਂ ਛਕਾ ਕੇ ਸਤਿਗੁਰੂ ਜੀ ਨੇ ਵਿਦਾ ਕੀਤਾ ਸੀ। ਇਹਦੇ ਆਲੇ-ਦੁਆਲੇ ਦੇ ਖੇਤਾਂ ਵਿਚ ਪਿੰਡ ਦੇ ਜੱਟ ਤਮਾਕੂ ਬੀਜਿਆ ਕਰਦੇ ਸਨ। ਮੇਲੇ ਤੇ ਆਈ ਸੰਗਤ ਅਤੇ ਡੇਰੇ ਵਿਚ ਰਹਿਣ ਵਾਲੇ ਤਮਾਕੂ ਦੀ ਬੜੀ ਕੁਰਹਿਤ ਮੰਨਦੇ ਸਨ। ਕਾਸ਼ਤਕਾਰਾਂ ਨੂੰ ਕਈ ਵੇਰ ਜ਼ੁਬਾਨੀ ਬੇਨਤੀਆਂ ਕੀਤੀਆਂ ਜਾ ਚੁੱਕੀਆਂ ਸਨ ਕਿ ਹੋਰ ਫਸਲ ਬੀਜ ਲਵੋ ਸਾਡੇ ਜਜ਼ਬਿਆਂ ਦੀ ਕਦਰ ਕੁਸ਼ਾਈ ਨਾ ਕਰੋ। ਪਰ ਜਦੋਂ ਕੋਈ ਹੀਲਾ ਕਾਮਯਾਬ ਨਾ ਹੋਇਆ ਤਾਂ ਝੱਬਰ ਜੀ ਨੇ ਆਪਣੇ ਸਿੰਘਾਂ ਦਾ ਜਥਾ ਸਮੇਤ ਦਰਸ਼ਨ ਸਿੰਘ ਕੱਕੜ (ਪ੍ਰੀਤਮ ਸਿੰਘ ਕਵੀਸ਼ਰ ਕਰੀਵਾਲਾ ਦਾ ਪਿਤਾ) ਜੋ ਉਸ ਸਮੇਂ ਕਿਸੇ ਪੁਲਸ ਕੇਸ ਵਿਚ ਮਫਰੂਰ ਸੀ ਨੂੰ ਲੈ ਕੇ ਗਾਤਰੇ ਕਿਰਪਾਨ ਪਾ ਕੇ ਤਮਾਕੂ ਦੀ ਖਲੋਤੀ ਫਸਲ ਵਿਚ ਹਲ ਜੋ ਦਿਤਾ। ਮੁੜ ਕੇ ਭੈਣੀ ਸਾਹਿਬ ਵਿਚ ਕਿਸੇ ਤਮਾਕੂ ਨਹੀਂ ਬੀਜਿਆ। ਸੰਤ ਤਰਨ ਸਿੰਘ ਵਹਿਮੀ 'ਜੱਸ ਜੀਵਨ' ਭਾਗ ਦੂਜਾ ਵਿਚ ਲਿਖਦੇ ਹਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਾਮ ਦੇ ਦੀਵਾਨ ਵਿਚ ਬਚਨ ਕੀਤਾ ਕਿ ਗੁਰਮੁਖ ਸਿੰਘ ਦਾ ਸੰਗਤ ਦੀ ਸੌਖ ਲਈ ਕੀਤਾ ਇਹ ਕੰਮ ਵੀ, ਸਾਡੇ ਸਮੇਂ ਦੇ ਸ੍ਰੀ ਭੈਣੀ ਸਾਹਿਬ ਦੇ ਹਾਲ ਵਿਚ ਸਦਾ ਯਾਦ ਰਹੇਗਾ।

ਜ਼ਿੰਮੇਵਾਰੀਆਂ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿਹੜੀਆਂ ਵੀ ਆਪ ਨੂੰ ਸੌਂਪੀਆਂ ਉਹ ਉਹਨਾਂ ਬੜੀ ਲਗਨ ਸ਼ਰਧਾ ਅਤੇ ਤਨਦੇਹੀ ਨਾਲ ਨਿਭਾਈਆਂ ਪਰ ਇਹਨਾਂ ਵਿਚੋਂ ਸਭ ਤੋਂ ਵੱਡੀ ਜ਼ਿੰਮੇਵਾਰੀ ਆਪਣੇ ਵੱਡੇ ਸਾਹਿਬਜ਼ਾਦੇ ਬੇਅੰਤ ਜੀ ਦੀ ਪਾਲਣਾ ਪੋਸਣਾ ਅਤੇ ਸਾਂਭ ਸੰਭਾਲ ਦੀ ਪੂਰੇ ੧੪ ਵਰ੍ਹੇ ਝੱਬਰ ਹੋਰਾਂ ਨੂੰ ਸੌਂਪੀ ਗਈ। ਇਹ ਹੁਕਮ ਕੀਤਾ ਕਿ ਇਹ ਕਾਕਾ ਤੂੰ ਮੈਥੋਂ ਬਿਨਾਂ ਕਿਸੇ ਨੂੰ ਦੇਣਾ ਨਹੀਂ। ਪਹਿਲੀ ਸਿੰਘਣੀ ਗੁਜ਼ਰ ਜਾਣ ਤੋਂ ਬਾਦ ਦੂਜਾ ਅਨੰਦ ਵੀ ਆਪ ਨੇ ੫-੬ ਸਾਲ ਮਗਰੋਂ ਕਰਵਾਇਆ ਤਾਂ ਜੁ ਬੇਅੰਤ ਜੀ ਦੀ ਸੇਵਾ ਸੰਭਾਲ ਵਿਚ ਕਿਸੇ ਤਰ੍ਹਾਂ ਦੀ ਕੁਤਾਹੀ ਨਾ ਹੋਵੇ। ਉਸ ਵੇਲੇ ਵੀ ਬਹੁਤ ਸਾਰੇ ਸਰੀਰ, ਕਰੜੇ ਜ਼ਾਬਤੇ ਦਾ ਬਹਾਨਾ ਬਣਾਕੇ, ਕਿ ਸਾਹਿਬਜ਼ਾਦ ਨੂੰ ਤੰਗ ਕਰਦਾ ਹੈ, ਆਪ ਦੇ ਖਿਲਾਫ਼ ਗਾਹੇ ਬਗਾਹੇ ਸ਼ਕਾਇਤਾਂ ਲਾਉਂਦੇ ਰਹਿੰਦੇ। ਪਰ ਸਤਿਗੁਰੂ ਜੀ ਸਭ ਦੀਆਂ ਗੱਲਾਂ ਅਣਸੁਣੀਆਂ ਕਰ ਦਿੰਦੇ। ਉਹਨਾਂ ਨੂੰ ਪਤਾ ਸੀ ਕਿ ਭਾਵੀ ਪੰਥ ਪਤੀ ਦੇ ਜੀਵਨ ਨੂੰ ਇਸ ਤਰਾਂ ਦੀ ਕੁਠਾਲੀ ਵਿਚੋਂ ਲੰਘਾਉਣਾ ਸਭ ਦੇ ਭਲੇ ਵਿਚ ਹੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸੁਭਾਉ ਸੀ ਕਿ ਥੋਹੜਾ ਗੁਣ ਵੀ ਕਿਸੇ ਜੋ ਤੁਹਾਡੇ ਤੇ ਕੀਤਾ ਹੈ ਸਦਾ ਯਾਦ ਰਖੋ। ਇਕ ਵੇਰ ਕਿਸੇ ਦੋਖੀ ਦੇ ਸਿਖਾਏ ਬੇਅੰਤ ਜੀ



Sri Satguru Jagjit Singh Ji eLibrary NamdhariElibrary@gmail.com

ਨੇ ਵੱਡਿਆਂ ਹੋ ਕੇ ਬਾਪੂ ਜੀ ਬਾਰੇ ਕੁਝ ਸ਼ਕਾਇਤ ਦੇ ਰੂਪ ਵਿਚ ਸਤਿਗੁਰੂ ਜੀ ਨੂੰ ਕਿਹਾ ਤਾਂ ਹਜ਼ੂਰ ਨੇ ਫੁਰਮਾਇਆ ਸੀ, "ਕਾਕਾ ਜੀ ਝੱਬਰ ਵਿਚ ਗੁਣ ਵੀ ਹੋਣਗੇ ਔਗੁਣ ਵੀ ਹੋਣਗੇ। ਪਰ ਤੁਸੀਂ 'ਸਿਰਫ਼ ਇਹ ਯਾਦ ਰਖੋ ਕਿ ਇਕ ਵੇਰ ਪੋਹ ਮਾਘ ਦੀਆਂ ਰਾਤਾਂ ਵਿਚ ਬੁਖਾਰ ਨਾਲ ਤੁਸੀਂ ਏਨੇ ਭਖ ਰਹੇ ਸਉ ਕਿ ਤੁਸੀਂ ਝੱਬਰ ਦੀ ਹਿੱਕ ਤੇ ਪਏ ਸਉ ਤੇ ਉਹ ਪਾਲੇ ਦੀਆਂ ਰਾਤਾਂ ਵਿਚ ਅੱਧੀ ਅੱਧੀ ਰਾਤ ਉਠਕੇ ਤੁਹਾਡੀ ਗਰਮੀ ਸਦਕਾ ਕੋਰੇ ਘੜੇ ਵਿਚੋਂ ਗਲਾਸਾਂ ਦੇ ਗਲਾਸ ਜਲ ਛਕਦਾ ਰਿਹਾ ਸੀ।"

ਇਕ ਵੇਰ ਬਿਅੰਤ ਜੀ ਦੀ ਕਿਸੇ ਬਾਲ ਸੁਲਭ ਕਾਰਵਾਈ ਤੋਂ ਸ੍ਰੀ ਸਤਿਗੁਰੂ ਜੀ ਨੇ ਰੁਦਰ ਰੂਪ ਧਾਰਨ ਕਰ ਲਿਆ। ਕੋਠੀ ਬਾਗ ਵਾਲੀ ਵਿਚ ਜੋ ਕਰੁੰਡੇ ਦਾ ਰੁੱਖ ਸੀ ਉਸ ਨਾਲ ਬਾਬਾ ਪ੍ਰੀਤਮ ਨੂੰ ਬੰਨ੍ਹ ਦਿਤਾ ਗਿਆ ਅਤੇ ਉਤੋਂ ਇਹ ਕਰੜਾ ਹੁਕਮ ਸਾਦਰ ਕਰ ਦਿਤਾ ਕਿ ਮੈਥੋਂ ਬਿਨਾਂ ਜਿਹੜਾ ਇਹਨੂੰ ਖੋਹਲੇਗਾ, ਮੇਰਾ ਖੂੰਡਾ ਹੋਵੇਗਾ ਤੇ ਉਹਦਾ ਸਰੀਰ। ਹਿਸਾਬ ਲਾ ਲਵੇ ਝੱਬਰ ਹੋਰੀਂ ਸ਼ਾਇਦ ਨਹਿਰ ਵਾਲੇ ਡੇਰੇ ਤੇ ਗਏ ਹੋਏ ਸਨ। ਜਦੋਂ ਆਏ ਤਾਂ ਵੇਖਿਆ ਕਿ ਰੱਸੇ ਵਿਚ ਜਕੜੇ ਹੋਏ ਹਨ। ਦਬਾ ਦਬ ਖੋਹਲ ਦਿਤੇ। ਸਣਕੇਸ਼ੀਂ ਇਸ਼ਨਾਨ ਕਰਵਾਇਆ ਅਤੇ ਸਫ ਵਿਛਾ ਕੇ ਨਾਲ ਬਰਾਜ ਗਏ। ਇਸ ਤੋਂ ਪਹਿਲਾਂ ਸਮੇਤ ਭਾਈ ਵਜ਼ੀਰ ਸਿੰਘ ਜਿਹੜਾ ਵੀ ਖੋਹਲਿਆਂ ਨੂੰ ਵੇਖੇ ਉਹ ਆਖੇ ਕਿ ਅੱਜ ਝੱਬਰ ਦੀ ਖੈਰ ਨਹੀਂ। ਬੜੀ ਅਵੱਗਿਆ ਕੀਤੀ ਸੂ। ਦਿਨ ਢਲੇ ਸਤਿਗੁਰੂ ਜੀ ਕੋਠੀ ਵਿਚੋਂ ਬਾਹਰ ਨਿਕਲੇ ਵੇਖ ਕੇ ਕਹਿਣ ਲੱਗੇ, "ਆ ਗਿਆ ਏ ਪਤੰਦਰ। ਸਾਂਭ ਲਿਆ ਸੂ ਭਰਾ ਆਪਣੇ ਨੂੰ। ਹੁਣ ਮੇਰਾ ਫ਼ਿਕਰ ਮੁਕਾ।"

ਇਸ ਤਰ੍ਹਾਂ ਦੇ ਅੰਤਰੰਗ ਸਬੰਧ ਇਕੋ ਦਿਨ ਵਿਚ ਤਾਂ ਨਹੀਂ ਬਣਦੇ। ਇਹਨਾਂ ਲਈ ਪੀੜ੍ਹੀਆਂ ਲੱਗ ਜਾਂਦੀਆਂ ਹਨ। ਜਦੋਂ ਬਾਪੂ ਜੀ ਦਾ ਦੂਸਰਾ ਅਨੰਦ ਕਾਰਜ ਹੋਇਆ ਤਾਂ ਸਾਡੇ ਨਾਨਕੇ ਸਰਗੋਧੇ ਦੀ ਬਾਰ ਵਿਚ ਸਨ। ਬਾਪੂ ਜੀ ਨੇ ਮੁਕਲਾਵਾ ਲੈਣ ਜਾਣਾ ਸੀ। ਉਹ ਸਾਹਨੇਵਾਲ ਦੇ ਰੇਲਵੇ ਸਟੇਸ਼ਨ ਨੂੰ ਚੱਲ ਪਏ। ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵਿਚਾਰ ਆਇਆ ਕਿ ਝੱਬਰ ਕਹਿੰਦਾ ਸੀ ਕਿ ਮੈਂ ਮੁਕਲਾਵਾ ਲੈਣ ਜਾਣਾ ਹੈ ਅਤੇ ਉਸ ਦੇ ਗਲ ਵਿਚ ਤਾਂ ਕੁੜਤਾ ਵੀ ਨਹੀਂ ਸੀ। ਲੰਗਰ ਵਿਚੋਂ ਗਿਲਤੀ ਚਾਦਰ ਦੀ ਮਾਰੀ ਹੋਈ ਨਿਕਲਦਿਆਂ ਸਤਿਗੁਰੂ ਜੀ ਨੇ ਵੇਖਿਆ ਸੀ। ਦੱਸਣ ਵਾਲਿਆਂ ਨੇ ਕਿਹਾ ਕਿ ਉਹ ਤਾਂ ਇਸ ਤਰ੍ਹਾਂ ਹੀ ਜਾਂਦਾ ਵੇਖਿਆ ਹੈ। ਭਾਈ ਵਜ਼ੀਰ ਸਿੰਘ ਜੀ ਤੋਂ ਸਤਿਗੁਰੂ ਜੀ ਨੇ ਕਾਹਲ਼ੀ ਵਿਚ ਆਪਣਾ ਕੋਈ ਕੁੜਤਾ ਮੰਗਿਆ। ਉਹ ਲੈਕੇ ਆਪ ਘੋੜ ਸਵਾਰ ਹੋ ਸਾਹਨੇਵਾਲ ਪੁੱਜੇ। ਅਜੇ ਗੱਡੀ ਚਲੀ ਨਹੀਂ ਸੀ ਕੁੜਤਾ ਦੇ ਦਿਤਾ। ਅਗਲੇ ਦਿਨ ਜਦੋਂ ਤਹਿ ਕੀਤਾ ਕੁੜਤਾ ਖੋਹਲ ਕੇ ਸਹੁਰਿਆਂ ਦੇ ਘਰ ਜਾ ਕੇ ਪਾਇਆ ਤਾਂ ਇਹ ਮੋਰਾਂ ਤੋਂ ਪਾਟਾ ਹੋਇਆ ਸੀ। ਭਾਈ ਹੋਰਾਂ ਜਲਦੀ ਕਾਰਨ ਤਹਿ ਖੋਹਲੀ ਨਹੀਂ ਸੀ। ਮੇਰੇ ਨਾਨਾ ਜੀ ਦੇ ਛੋਟੇ ਭਾਈ, ਬਾਪੂ ਸੁਰੈਣ ਸਿੰਘ ਬਹੁਤ ਜ਼ੋਰ ਲਾਉਂਦੇ ਰਹੇ ਕਿ ਚੱਲ ਮੰਡੀ ਤੇਰੇ ਮੇਚ ਦੇ ਬਸਤਰ ਸੁਆ ਕੇ ਲਿਆਉਂਦੇ ਹਾਂ। ਬਾਪੂ ਜੀ ਦਾ ਇਕੋ ਜੁਆਬ ਸੀ ਕਿ ਤੁਸੀਂ ਪਾਟੇ ਕੁੜਤੇ ਵੱਲ ਨਾ ਵੇਖੋ। ਇਸ ਕੁੜਤੇ ਦੇ ਪਿਛੇ ਜਿਹੜਾ ਮੇਰੇ ਸਤਿਗੁਰੂ ਦਾ ਮੇਰੇ ਨਾਲ ਅਥਾਹ ਪ੍ਰੇਮ ਲੁਕਿਆ ਹੋਇਆ ਹੈ, ਉਹ ਵੇਖੋ।

ਬਾਪੂ ਜੀ ਦਸਿਆ ਕਰਦੇ ਸਨ ਕਿ ਡੇਰਾ ਸ੍ਰੀ ਭੈਣੀ ਸਾਹਿਬ ਜਦੋਂ ਉਹਨਾਂ ਨੇ ਸਾਂਭਿਆ ਸੀ ਤਾਂ ਇਹ ਸੱਠ ਹਜ਼ਾਰ ਰੁਪੈ ਦਾ ਸੇਠਾਂ ਦਾ ਕਰਜ਼ਾਈ ਸੀ। ਚਾਰ ਕੁ ਸਾਲਾਂ ਦੇ ਥੋਹੜੇ ਸਮੇਂ ਵਿਚ ਹੀ ਕਰਜ਼ਾ ਉਤਰ ਗਿਆ। ਹੁਣ ਡੇਰਾ ਆਤਮ ਨਿਰਭਰ ਸੀ। ਖਰਚ ਛੋਟੇ ਤੋਂ ਵੱਡੇ ਤਕ ਸਭ ਨੂੰ ਸੰਜਮ ਨਾਲ ਕਰਨ ਲਈ ਕਿਹਾ ਜਾਂਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਸਿਆਮ ਫੇਰੀ ਤੋਂ ਬਾਦ ਰੇਸ਼ਮੀ ਸੁੱਚੇ ਬੱਸਤਰ ਡੇਰੇ ਦੀ ਸਾਧ ਸੰਗਤ ਲਈ ਆਏ। ਸਭ ਮਾਈ ਭਾਈ ਨੂੰ ਇਕ ਇਕ ਸੂਟ ਵੰਡ ਕੇ ਦਿਤਾ ਜਾ ਰਿਹਾ ਸੀ। ਮੇਰੀ ਮਾਤਾ ਨੇ, ਮੁੱਖ ਪ੍ਰਬੰਧਕ ਦੀ ਸਿੰਘਣੀ ਹੋਣ ਸਦਕਾ ਕੱਪੜੇ ਵਰਤਾ ਰਹੇ ਸਿੰਘ ਤੋਂ ਇਕ ਚਾਦਰ ਦੀ ਮੰਗ ਵੀ ਕਰ ਲਈ। ਉਹ ਸ਼ਾਇਦ ਕੱਢਣ ਲੱਗਾ ਸੀ ਕਿ ਬਾਪੂ ਜੀ, ਜੋ ਪਾਸ ਖੜ੍ਹੇ ਵੇਖ ਰਹੇ ਸਨ (ਮਾਤਾ ਜੇ ਉਹਨਾਂ ਨੂੰ ਵੇਖ ਲੈਂਦੀ ਤਾਂ ਸ਼ਾਇਦ ਮੰਗਦੀ ਹੀ ਨਾ) ਨੇ ਖਬਰਦਾਰ ਕਹਿ ਕੇ ਰੋਕ ਦਿਤਾ ਕਿ ਡੇਰੇ ਵਿਚ ਇਸ ਤਰ੍ਹਾਂ ਦੀ ਕਾਣੀ ਵੰਡ ਬਰਦਾਸ਼ਤ ਨਹੀਂ ਕੀਤੀ ਜਾਏਗੀ। ਜਦੋਂ ਪਾਠਾਂ ਦੇ ਭੋਗ ਪੈਂਦੇ ਸਨ ਤਾਂ ਗੱਡਿਆਂ ਵਾਲਿਆਂ ਉਗਰਾਹੀਆਂ ਅਤੇ ਭਾਰਾ ਕੰਮ ਕਰਨ ਵਾਲਿਆਂ ਦਾ ਧਿਆਨ ਘੱਟ ਰਖਿਆ ਜਾਂਦਾ ਸੀ। ਇਕ ਦਿਨ ਬਾਪੂ ਜੀ ਨੇ ਕਿਹਾ ਕਿ ਜਦੋਂ "ਤੈਨੂੰ ਭੋਗ ਲੱਗੇ" ਆਖਣ ਉਦੋਂ ਪਰਾਤਾਂ ਇਕ ਦੋਂਹ ਨੂੰ ਹੱਥ ਲਾ ਦੇਣਾ। ਉਹ ਖੁਲ੍ਹੀਆਂ ਹੋ ਗਈਆਂ। ਤਬੇਲੇ ਵਿਚ ਲਿਆ ਕੇ ਵੰਡ ਦਿਤੀਆਂ। ਸ਼ਿਕਾਇਤ ਸਤਿਗੁਰੂ ਜੀ ਪਾਸ ਗਈ। ਅੱਗੋਂ ਤੋਂ ਹੁਕਮ ਹੋ ਗਿਆ ਕਿ ਗੱਡਿਆਂ ਵਾਲੇ ਜਾਂ ਹੋਰ ਬਾਹਰ ਲੱਕੜ ਬਾਲਣ ਨੀਰੇ ਪੱਠ ਦੀ ਸੇਵਾ ਕਰਨ ਵਾਲੇ ਭਾਵੇਂ ਅੱਧੀ ਰਾਤ ਬਾਹਰੋਂ



Sri Satguru Jagjit Singh Ji eLibrary NamdhariElibrary@gmail.com

ਆਉਣ । ਉਹਨਾਂ ਦਾ ਵਰਤਾਰਾ ਸੰਭਾਲ ਕੇ ਰਖਿਆ ਹੋਏਗਾ ਤੇ ਉਹਨਾਂ ਨੂੰ ਮਿਲ ਜਾਏਗਾ । ਆਪਣੇ ਨਾਲਦਿਆਂ ਨਾਲ ਹਰ ਸ਼ੈ ਵੰਡ ਕੇ ਛਕਣ ਦਾ ਉਹਨਾਂ ਦਾ ਸੁਭਾਉ ਪੁਰਾਣਾ ਸੀ । ਜਦੋਂ ਅਜੇ ਨਹੀਂ ਵੀ ਜਥੇਦਾਰ ਬਣੇ ਸਨ ਓਦੋਂ ਵੀ ਪਿੰਡ ਦੀ ਪੈਲੀ ਦਾ ਜੋ ਠੇਕਾ ਮਿਲਦਾ ਉਸ ਦੀ ਘਿਓ ਬਦਾਮ ਆਦਿ ਰਸਦ ਲਿਆ ਕੇ ਨਾਲ ਦੇ ਸਿੰਘਾਂ ਨਾਲ ਵੰਡ ਕੇ ਛਕ ਲੈਂਦੇ ।

ਡੇਰਾ ਕਰਜਾ ਮੁਕਤ ਹੋਣ ਤੋਂ ਬਾਦ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ ਕਿ ਅੱਜ ਮੈਨੂੰ ਰਾਤ ਰੱਜ ਕੇ ਨੀਂਦ ਆਈ ਹੈ । ਫਿਰ ਉਹ ਮਾਸਟਰ ਬਲਵੰਤ ਸਿੰਘ, ਜੋ ਕਿ ਖਜ਼ਾਨਚੀ ਸੀ ਗੁਰੂ ਕਾ ਅਤੇ ਬਾਪੂ ਜੀ ਨੂੰ ਖਜ਼ਾਨੇ ਵਾਲੀ ਕੋਠੜੀ ਵਿਚ ਲੈ ਗਏ ਅਤੇ ਕਹਿਣ ਲਗੇ ਕਿ ਜੋ ਚੁੱਕਣਾ ਹੈ ਜਿੰਨਾ ਮਰਜ਼ੀ ਚੁਕ ਲਵੋ ਮੈਂ ਤੁਹਾਡੇ ਤੇ ਬਹੁਤ ਖੁਸ਼ ਹਾਂ । ਬਾਪੂ ਜੀ ਨੇ ਆਖਿਆ, "ਇਹ ਧਨ ਨਹੀਂ, ਸਾਨੂੰ ਸੱਚੇ ਪਾਤਸ਼ਾਹ, ਉਹ ਧਨ ਬਖਸ਼ੋ, ਆਪਣੀ ਨਜ਼ਰ ਕਰਕੇ ਜੋ ਕਦੇ ਮੁੱਕਦਾ ਨਹੀਂ । "ਚੰਗਾ ਬਈ ਮੈਂ ਸਤਿਗੁਰੂ ਰਾਮ ਸਿੰਘ ਜੀ ਪਾਸ ਇਸ ਪ੍ਰਥਾਇ ਅਰਦਾਸ ਕਰਾਂਗਾ ।" ਸਤਿਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ ।

ਰਾਈਆਂ ਵਾਲੇ ਮੁਕਦਮੇ ਦੇ ਸਬੰਧ ਵਿਚ ਵੀ ਝੱਬਰ ਹੋਰਾਂ ਦਾ ਭਰਪੂਰ ਯੋਗਦਾਨ ਸੀ । ਲੜਾਈਆਂ ਵਿਚ ਵੀ ਮੋਹਰੇ ਹੋ ਹੋ ਕੇ ਸੱਟੇ ਮਾਰੇ । ਦੁਸਮਣਾਂ ਨੂੰ ਭਜਾਉਣ ਲਈ ਹਰ ਤਰ੍ਹਾਂ ਦੀ ਵਿਉਂਤ ਰਚਨਾ ਕੀਤੀ ਅਤੇ ਜਦੋਂ ਅਦਾਲਤੀ ਕਾਰਵਾਈ ਆਪਣੇ ਪੱਖ ਵਿਚ ਨਾ ਰਹੀ ਓਦੋਂ ਸਾਧ ਗੋਪਾਲ ਦਾਸ ਨੂੰ ਡੇਰੇ ਰਾਈਆਂ ਦੀਆਂ ਕੁੰਜੀਆਂ ਸਮੇਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਲਿਆ ਖਲ੍ਹਾਰਿਆ । ਸਤਿਗੁਰੂ ਜੀ ਨੇ ਪੂਰੇ ਮਾਣ ਸਤਿਕਾਰ ਨਾਲ ਸਾਧ ਨੂੰ ਵਿਦਾ ਕੀਤਾ ਅਤੇ ਇਉਂ ਇਕ ਕਸ਼ਟ ਪੂਰਵ ਅਧਿਆਏ ਡੇਰਾ ਭੈਣੀ ਸਾਹਿਬ ਦੇ ਸ਼ਾਨਾਂਮੱਤੇ ਇਤਿਹਾਸ ਦਾ ਝੱਬਰ ਜੀ ਦੀ ਸੂਝਬੂਝ ਨਾਲ ਸਮਾਪਤ ਹੋ ਗਿਆ ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਬਹੁਤ ਸਾਰੀਆਂ ਇਤਿਹਾਸਕ ਕਾਨਫਰੰਸਾਂ, ਹਵਨ ਯੱਗ, ਪਾਠ, ਮੇਲੇ, ਹੋਲੇ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਹੁੰਦੇ ਰਹਿੰਦੇ । ਜਿਸ ਵਿਚ ਝੱਬਰ ਹੋਰੀਂ ਮੁਖ ਪ੍ਰਬੰਧਕ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਉਂਦੇ । "ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ" ਇਹਨਾਂ ਕਾਨਫਰੰਸਾਂ ਵਿਚ ਇਕ ਮੀਲ ਪੱਥਰ ਸੀ, ਜੋ ਹਿੰਦੂ ਸਿਖ ਵਿਵਾਦ, ਜੋ ੧੯੩੫ ਦੇ ਗੌਰਮਿੰਟ ਆਫ ਇੰਡੀਆ ਐਕਟ ਰਾਹੀਂ ਜਿਸ ਵਿਚ ਵੱਖ ਵੱਖ ਮਜ਼੍ਹਬਾਂ ਦੀਆਂ ਸੀਟਾਂ ਅਸੈਂਬਲੀਆਂ ਵਿਚ ਰਾਖਵੀਆਂ ਰਖੀਆਂ ਸੀ, ਕਾਰਨ ਉਭਰਿਆ ਸੀ ਕੁਝ ਗੁਰਦੁਆਰਾ ਸੁਧਾਰ ਲਹਿਰ ਕਾਰਨ, ਉਦਾਸੀ ਨਿਰਮਲੇ ਸਿਖੀ ਦੀ ਮੁੱਖ ਧਾਰਾ ਤੋਂ ਦੂਰ ਹੋ ਰਹੇ ਸਨ, ਇਸ ਝਗੜੇ ਦਾ ਹੱਲ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਦੀ ਅਤੇ ਗੁਰਬਾਣੀ ਦੀ ਵਿਆਖਿਆ ਮੁਤਾਬਕ ਢੂੰਡਣ ਦਾ ਸਤਿਗੁਰੂ ਜੀ ਨੇ ਉਪਰਾਲਾ ਕੀਤਾ ਸੀ । ਜਿਹੜੇ ਲੋਕ ਬਾਹਰ ਗੱਡੀ ਦੇ ਇਕ ਡੱਬੇ ਵਿਚ ਬੈਠ ਕੇ ਕੁਝ ਸਮੇਂ ਲਈ ਇਕਠੇ ਸਫਰ ਨਹੀਂ ਸਨ ਕਰ ਸਕਦੇ ਉਹਨਾਂ ਨੂੰ ਕਈ ਦਿਨ ਸਤਿਗੁਰੂ ਜੀ ਨੇ ਇਕ ਪਲੇਟਫਾਰਮ ਤੇ ਇਕਠਿਆਂ ਕੀਤੀ ਰਖਿਆ । ਹਰ ਰੰਗ ਦੇ ਜ਼ਿਕਰਯੋਗ ਸਿੱਖ ਇਸ ਕਾਨਫਰੰਸ ਵਿਚ ਵਧ ਚੜ੍ਹਕੇ ਸ਼ਾਮਲ ਹੋਏ ਸਨ । ਕਾਨਫਰੰਸ ਦੀ ਸਫਲਤਾ ਪੂਰਵਕ ਸਮਾਪਤੀ ਬਾਦ, ਏਡੇ ਵੱਡੇ ਆਯੋਜਨ ਦੀ ਨਿਰਵਿਘਨਤਾ-ਪੂਰਬਕ ਸਮਾਪਤੀ ਪਿਛੇ ਕੰਮ ਕਰ ਰਹੀ ਕਿਸੇ ਇਕ ਸ਼ਖਸੀਅਤ ਨੂੰ ਮਿਲਣ ਲਈ ਉਤਸੁਕਤਾ ਪ੍ਰਗਟ ਕੀਤੀ—ਕਾਮਾਗਾਟਾਮਾਰੂ ਸਾਕੇ ਦੇ ਹੀਰੋ, ਬਾਬਾ ਗੁਰਦਿੱਤ ਸਿੰਘ ਜੀ ਸਰਹਾਲੀ ਨੇ । 'ਹੁਣੇ ਮਿਲਾ ਦਿੰਦੇ ਹਾਂ' ਕਹਿਕੇ ਸਤਿਗੁਰੂ ਜੀ ਨੇ ਝੱਬਰ ਨੂੰ ਬਾਬਾ ਜੀ ਦੇ ਚਰਨਾਂ ਵਿਚ ਲਿਆ ਖਲ੍ਹਾਰਿਆ ਅਤੇ ਜਾਣਕਾਰੀ ਦਿਤੀ ਕਿ ਇਹ ਤੁਹਾਡਾ ਜੁਆਤਰਾ ਹੀ ਲਗਦਾ ਹੈ (ਬੁਰਜ ਰਾਇ ਕੇ ਸਰਹਾਲੀ ਵਿਚੋਂ ਹੀ ਨਿਕਲਿਆ ਪਿੰਡ ਹੈ—*ਭਾਈ ਆਤਮਾ ਸਿੰਘ ਬਾਬਾ ਜੀ* ਦਾ ਸ਼ਰੀਕੇ ਵਿਚੋਂ ਭਾਈ ਹੀ ਸੀ) । ਬਾਬਾ ਸਿਰਹਾਲੀ ਪ੍ਰਸੰਨਤਾਪੂਰਬਕ ਮਿਲੇ । ਸਤਿਗੁਰੂ ਜੀ ਨੇ ਆਪਣੇ ਸੇਵਕ ਦੀ ਪ੍ਰਤਿਸ਼ਠਾ ਹੋਰ ਵੀ ਸਾਕਾਂ ਦੀਆਂ ਨਜ਼ਰਾਂ ਵਿਚ ਵਧਾਉਣ ਲਈ ਬਚਨ ਕੀਤਾ, "ਬਾਬਾ ਜੀ, ਸਾਡਾ ਡੇਰਾ ਤਾਂ ਖੈਰ ਛੋਟਾ ਜਿਹਾ ਈ ਏ...ਝੱਬਰ ਵਧੀਆ ਸੰਭਾਲ ਰਿਹਾ ਏ । ਵੈਸੇ ਇਹ ਨੌਜੁਆਨ ਜੇ ਸਉਂਪਿਆ ਜਾਵੇ ਤਾਂ ਸਾਰੇ ਪੰਜਾਬ ਦਾ ਰਾਜ-ਭਾਗ ਵੀ ਚਲਾ ਸਕਦਾ ਹੈ ।" ਪਰ ਵਾਹ ਗੁਰੂ ! ਤੇ ਵਾਹ ਗੁਰੂ ਦੇ ਸਿੱਖ !, ਜਿਨ੍ਹਾਂ ਲਈ ਪੰਜਾਬ ਜਾਂ ਹੋਰ ਕਿਸੇ ਟੁਕੜੇ ਦੇ ਰਾਜ ਨਾਲੋਂ ਆਪਣੇ ਗੁਰੂ ਦੇ ਚਰਨ ਕੰਵਲਾਂ ਦੀ ਮੌਜ ਵਿਚ ਹੀ ਬਣੇ ਰਹਿਣ ਦੀਆਂ ਬੇਨਤੀਆਂ ਸੁਬ੍ਹਾ ਸ਼ਾਮ ਦੁਹਰਾਈਆਂ ਜਾਂਦੀਆਂ ਸਨ ।

ਤਕਰੀਬਨ ੧੧-੧੨ ਵਰੇ, ਡੇਰੇ ਦਾ ਪ੍ਰਬੰਧ ਸਫਲਤਾ-ਪੂਰਬਕ ਚਲਾਉਣ ਬਾਅਦ ੧੯੩੯ ਈ: ਵਿਚ ਉਹ ਥੋੜ੍ਹਾ ਜਿਹਾ ਫੁਰਨਾ ਬਦਲਣ ਕਰਕੇ, ਸ੍ਰੀ ਸਤਿਗੁਰੂ ਜੀ ਦੇ ਨਾ



Sri Satguru Jagjit Singh Ji eLibrary NamdhariElibrary@gmail.com

ਚਾਹੁੰਦਿਆਂ ਵੀ ਆਪਣੇ ਪਿੰਡ ਝੱਬਰ ਚਲੇ ਗਏ । ਇਥੇ ਉਹਨਾਂ ਦੀ ਪੈਤ੍ਰਿਕ ਭੂਮੀ ਹੁਣ ਤਕ ਉਹਨਾਂ ਦਾ ਚਾਚਾ ਘਸੀਟਾ ਸਿੰਘ ਹੀ ਹਿੱਸੇ ਠੇਕੇ ਤੇ ਰਾਹਲਾਂ ਨੂੰ ਦੇਂਦਾ ਹੁੰਦਾ ਸੀ । ਬਾਪੂ ਜੀ ਕਈ ਵੰਗ ਦਸਿਆ ਕਰਦੇ ਸਨ ਕਿ ੧੯੧੭ ਈ: ਵਿਚ ਜਦੋਂ ਮੈਂ ਪਿੰਡ ਆਪਦੇ ਪਿਤਾ ਨਮਿਤ ਪਾਠ ਦਾ ਭੋਗ ਪੁਆਉਣ ਆਇਆ ਸਾਂ (ਇਕ ਪਾਠ ਦਾ ਭੋਗ ਅੰਮ੍ਰਿਤਸਰ ਨਾਮਧਾਰੀ ਧਰਮਸਾਲਾ ਵਿਚ ਦਾਦਾ ਜੀ ਦੇ ਮਿੱਤਰ ਮਹੰਤ ਜਿਊਣ ਸਿੰਘ ਹੋਰਾਂ ਪਾਇਆ ਸੀ ਜਿਥੇ ਉਹ ਚੜ੍ਹੇ ਸਨ) ਤਾਂ ਮੈਨੂੰ ਗੁਆਂਢੀ ਪਿੰਡ ਵਰਨ ਦੇ ਸੰਤ ਆਲਾ ਸਿੰਘ ਹੋਰਾਂ ਇਹ ਸਿਖਿਆ ਦਿਤੀ ਸੀ ਕਿ ਇਹ ਚਾਚਾ ਤੇਰਾ ਕੁਝ ਅਜਬ ਸੁਭਾਅ ਦਾ ਹੈ। ਇਹ ਤੇਰੀ ਪੈਲੀ ਦੇ ਹਿੱਸੇ ਠੇਕੇ ਬਦਲੇ ਤੈਨੂੰ ਮਿੱਟੀ ਦੀ ਮੁੱਠ ਵੀ ਦੇਵੇ ਤਾਂ ਲੈ ਲਵੀਂ, ਇਸ ਨਾਲ ਝਗੜਾ ਨਾ ਕਰੀਂ । ਸਮਾਂ ਪਾਕੇ ਇਹ ਚਾਚਾ ਝੱਬਰਾਂ ਤੋਂ ਜਦੋਂ ਏਧਰ ਆਇਆ ਤਾਂ ਉਸ ਦੀ ਵੀਹ ਕਿੱਲੇ ਭੋਇੰ ਵੀ ਸਾਨੂੰ ਮਿਲੀ । ਸਾਡੇ ਪਾਸ ਹੀ ਉਹ ਰਹਿੰਦੇ ਸਨ । ਭਾਵੇਂ ਉਹਨਾਂ ਦਾ ਭਣੇਵਾਂ ਪੁਲੀਸ ਦੀ ਮਦਦ ਨਾਲ ਦਫਾ ਇਕ ਸੌ ਸੀ.ਆਰ ਪੀ.ਸੀ. ਦੇ ਵਰੰਟ ਵੀ ਲਿਆਇਆ ਸੀ ਪਰ ਉਹਨਾਂ ਕਿਹਾ ਅਦਾਲਤ ਵਿਚ ਮੈਂ ਆਪਣੇ ਭਤੀਜੇ ਗੁਰਮੁਖ ਸਿੰਘ ਨਾਲ ਹੀ ਜਾਵਾਂਗਾ । ਸੰਤਾਂ ਦੀ ਇਸ ਸਿਖਿਆ ਨੇ ਬਾਅਦ ਵਿਚ ਸੁਖ ਦਿਤਾ ।

ਲਾਭ ਸਿੰਘ ਕੱਕੇ ਤੋਂ ਐਲਾਨ ਕਰਵਾਇਆ ਗਿਆ ਕਿ ਝੱਬਰ ਨੂੰ ਪੰਥ ਵਿਚੋਂ ਕੱਢ ਦਿਤਾ ਗਿਆ ਹੈ । ਇਕ ਸਾਲ ਬਾਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫਿਰ ਸ਼ੇਖੂਪੁਰੇ ਦੇ ਦੌਰੇ ਸਮੇਂ, ਉਸੇ ਲਾਭ ਸਿੰਘ ਕੱਕੇ ਨੂੰ ਆਪਣੀ ਮੌਜ ਵਿਚ ਆ ਕੇ ਕਿਹਾ ਕਿ ਝੱਬਰ ਨੂੰ ਪੰਥ ਵਿਚ ਦਾਖਲਾ ਦੇਣ ਦਾ ਐਲਾਨ ਕਰੇ । ਹੁਣ ਕੋਈ ਵੀ ਸਿੰਘ ਉਹਦੇ ਨਾਲ ਮਿਲਗਿਲ ਵਰਤੋਂ ਵਿਹਾਰ ਕਰ ਸਕਦਾ ਹੈ । ਅਸੀਂ ਪੁਰਾਣੇ ਝੱਬਰਾਂ ਵਿਚ ਰਹਿੰਦੇ ਸਾਂ । ਜ਼ਿਆਦਾ ਨਾਮਧਾਰੀ ਪਰਿਵਾਰ ਬਾਬਾ ਜੈਮਲ ਸਿੰਘ, ਬਾਬਾ ਕੇਸਰ ਸਿੰਘ ਆਦਿ ੭ ਚੱਕ ਝੱਬਰਾਂ ਵਿਖੇ ਸਨ ਜੋ ਨਨਕਾਣੇ ਪਾਸ ਸੀ । ਸੋ ਵਰਨਾਂ ਵਿਸ਼ੇਸ਼ ਕਰਕੇ ਭਿੱਖੀਆਣੇ ਖੂਹ ਦੇ ਨਾਮਧਾਰੀਆਂ ਪਾਸ ਹੀ ਬਾਪੂ ਜੀ ਦਾ ਜ਼ਿਅ ਦਾ ਸਮਾਂ ਬਤੀਤ ਹੁੰਦਾ । ਸਾਡੇ ਪਿੰਡ ਵਿਚ ਨਾਮਧਾਰੀ ਇਕਾ ਦੁੱਕਾ ਮਿਸਤਰੀ ਸਿੰਘ ਹੀ ਸਨ । ਸ਼ਾਇਦ ਇਹ ਬਾਰਾਂ ਮਾਂਹ ਦੇ ਪ੍ਰਸਿੱਧ ਰਚੇਤਾ ਭਾਈ ਚੰਦਾ ਸਿੰਘ ਦੇ ਖਾਨਦਾਨ ਵਿਚੋਂ ਹੋਣ ।

ਹੁਣ ਸ਼ਰੀਕੇ ਬਰਾਦਰੀ ਵਿਚੋਂ ਬਾਬਾ ਲਗਦੇ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਬੜੀ ਕੋਸ਼ਿਸ਼ ਕੀਤੀ ਕਿ ਗੁਰਮੁਖ ਸਿੰਘ ਨੂੰ ਅਕਾਲੀ ਪ੍ਰਭਾਵ ਵਿਚ ਲਿਆਂਦਾ ਜਾਏ । ਕਿਹਾ ਗਿਆ ਕਿ ਨਨਕਾਣਾ ਸਾਹਿਬ ਗੁਰਦੁਆਰੇ ਜਾਂ ਸੱਚਾ ਸੌਦਾ (ਚੂਹੜਕਾਣਾ) ਜਿਸਦਾ ਕਹੇਂ ਪ੍ਰਬੰਧ ਤੇਰੇ ਜ਼ਿਮੇ ਕਰ ਦਿਆਂਗੇ । ਬਾਪੂ ਜੀ ਨੇ ਕਿਹਾ ਕਿ ਬਾਬਾ ਜੇ ਤੁਹਾਨੂੰ ਕੋਈ ਕਹੇ ਕਿ ਤੁਸੀਂ ਦਿਆਲ ਕੇ ਨਾ ਅਖਵਾਓ ਤਾਂ ਮੰਨੋਗੇ ? ਬਾਬੇ ਕਿਹਾ ਉਹ ਸਾਡਾ ਵਡਾ ਸੀ ਇਹ ਕਿਵੇਂ ਮੰਨੀਏ । "ਇਸ ਤਰ੍ਹਾਂ ਹੀ ਹੁਣ ਸਾਡਾ ਵੱਡਾ ਸਤਿਗੁਰੂ ਰਾਮ ਸਿੰਘ ਬਣ ਚੁੱਕਾ ਹੈ । ਉਹਦੇ ਤੋਂ ਬੇਮੁਖ ਹੋ ਕੇ ਅਸੀਂ ਜੱਗ ਤੋਂ ਕਿਹੜਾ ਮੂੰਹ ਲੈ ਕੇ ਜਾਵਾਂਗੇ" ਝੱਬਰ ਹੋਰਾਂ ਜਵਾਬ ਦਿਤਾ । ਬਾਬੇ ਹੋਰਾਂ ਦਾ ਵਾਰ ਖਾਲੀ ਗਿਆ ।

ਫਿਰ ਇਕ ਵੇਰ ਆਪ ਨੇ ਸੁਣਿਆ ਕਿ ਨਨਕਾਣਾ ਸਾਹਿਬ ਗੁਰਦੁਆਰੇ ਵਿਚ ਮੱਸਿਆ ਦੇ ਦੀਵਾਨ ਵਿਚ ਕਰਤਾਰ ਸਿੰਘ ਝੱਬਰ ਨੇ ਕਿਹਾ ਹੈ ਕਿ ਜਿਹੜਾ ਕੂਕਾ ਪੱਤਰਾ ਪਾਠ ਕਰਦਾ ਅਸੀਂ ਵੇਖ ਲਿਆ ਉਹਦਾ ਸਿਰ ਵੱਢ ਦਿਆਂਗੇ । ਓਦੋਂ ਨਾਮਧਾਰੀਆਂ ਅਤੇ ਅਕਾਲੀਆਂ ਵਿਚਾਲੇ ਪੱਤਰਾ ਪਾਠ ਦੇ ਮੁੱਦੇ ਤੇ ਵਿਵਾਦ ਭਖ ਰਿਹਾ ਸੀ । ਬਾਪੂ ਜੀ ਨੇ ਵਰਨਾਂ ਦੇ ਕਿਸੇ ਸਿੰਘ ਤੋਂ ਬਾਣੀ ਦਾ ਪੱਤਰਾ ਲਿਆਂਦਾ । ਡਿਉੜੀ ਸਾਂਝੀ ਸੀ । ਤਖਤਪੋਸ਼ ਤੇ ਬਹਿ ਗਏ । ਚੌਂਕੜਾ ਮਾਰ ਕੇ ਪਾਠ ਕਰਨ ਲੱਗ ਪਏ । ਕੋਲ ਸ੍ਰੀ ਸਾਹਿਬ ਰਖ ਲਈ । ਜਦੋਂ ਬਾਬਾ ਕਰਤਾਰ ਸਿੰਘ ਝੱਬਰ ਕੋਲੋਂ ਲੰਘਣ ਲੱਗਾ ਤਾਂ ਵੇਖ ਕੇ ਉਹਨੂੰ ਵੀ ਠੁਣਕ ਗਈ ਕਿ ਪੱਤਰਾ ਮੇਰੇ ਲਈ ਹੀ ਬੈਠਾ ਹੈ ? ਕਹਿਣ ਲੱਗਾ, "ਪੁਤਰ ਇਹ ਤੇ ਹੋਇਆ ਨਾ ਬਾਣੀ ਦਾ ਅਦਬ ਜਿਵੇਂ ਤੂੰ ਪੜ੍ਹ ਰਿਹਾ ਹੈਂ । ਮੈਂ ਤਾਂ ਉਹਨਾਂ ਬਾਰੇ ਗੱਲ ਆਖੀ ਸੀ, ਜਿਹੜੇ ਖੋਤਿਆਂ ਦੀਆਂ ਛੱਟਾਂ ਲੱਦੀਆਂ ਮਗਰ, ਹੱਥ ਵਿਚ ਪੱਤਰੇ ਫੜੀ ਪੜ੍ਹਦੇ ਜਾਂਦੇ ਹਨ ।" ਵੱਡਾ ਝੱਬਰ ਗੱਲ ਵਲਾ ਗਿਆ ਸੀ ।

ਪਿੰਡ ਜਾਕੇ ਪੁਰਾਣੇ ਕੱਚੇ ਮਕਾਨ ਢਾਹ ਕੇ, ਪੱਕੇ ਨਵੇਂ ਛੱਤੇ । ਇਸ ਕਾਰਜ ਵਿਚ ਪਿੰਡ ਦੇ ਨਾਮਧਾਰੀ ਮਿਸਤਰੀਆਂ ਨੇ ਬਹੁਤ ਮੱਦਦ ਕੀਤੀ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਇਕ ਦੋ ਸਿੰਘ ਭੇਜੇ ਸਨ ਕਿ ਜਾਓ ਉਹਨੂੰ ਪੁਛੋ ਜੇ ਕੋਈ ਤੰਗੀ ਤੁਰਸ਼ੀ ਹੋਵੇ ਤਾਂ ਪ੍ਰਬੰਧ ਕਰੀਏ । ਕਿਉਂਕਿ ਉਹ ਡੇਰੇ ਤੋਂ ਦੋ ਵੇਰ ਆਏ ਹਨ । ਇਕ ਵੇਰ ੧੯੩੯ ਵਿਚ ਝੱਬਰੀਂ ਅਤੇ ੧੯੫੫ ਈ. ਵਿਚ ਕਰੀ ਵਾਲੇ । ਦੋਵੇਂ ਵੇਰ ਉਹ ਕਛਹਿਰਾ ਪਰਨਾ ਹੀ ਡੇਰੇ ਵਿਚੋਂ ਚੁਕਦੇ ਰਹੇ ਸਨ । ਸੋ ਹਾਲਤਾਂ ਦਾ ਸਤਿਗੁਰੂ ਜੀ ਨੂੰ ਪਤਾ ਸੀ ਪਰ ਉਸ ਸਿਰੜੀ ਸਿੰਘ ਨੇ ਗੁਰੂ ਕ੍ਰਿਪਾ ਹੀ ਮੰਗੀ ਜਦੋਂ ਵੀ ਕੋਈ



Sri Satguru Jagjit Singh Ji eLibrary NamdhariElibrary@gmail.com

ਸਮਾਂ ਆਇਆ। ਦੇਸ਼ ਦੇ ਬਟਵਾਰੇ ਤੱਕ ਉਹ ਬੀਕਾਨੇਰ ਰਿਆਸਤ ਅਤੇ ਸਿੰਧ ਦੇ ਇਲਾਕੇ ਵਿਚ ਵੀ ਜਿਥੇ ਜਿਥੇ ਸਾਡੇ ਨਾਨਕੇ ਰਹਿੰਦੇ ਸਨ ਉਹਨਾਂ ਪਾਸ ਕੁਝ ਸਮਾਂ ਰਹਿ ਕੇ ਖੇਤੀ ਬਾੜੀ ਕਰਦੇ ਰਹੇ।

੧੯੪੭ ਦੀ ਦੇਸ਼ ਵੰਡ ਸਮੇਂ, ਜਦੋਂ ਅ;ਮ੍ਰਿਤਸਰ ਪਹੁੰਚੇ ਤਾਂ ਉਥੇ ਸਟੇਸ਼ਨ ਤੇ ਹੀ ਇਕ ਨਾਮਧਾਰੀ ਸਿੰਘ ਮਿਲਿਆ ਜਿਸ ਕਿਹਾ ਜੀ ਮੈਂ ਕਈ ਦਿਨਾਂ ਤੋਂ ਤੁਹਾਨੂੰ ਉਡੀਕ ਰਿਹਾ ਹਾਂ, ਮੇਰੀ ਡਿਊਟੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਲਾਈ ਹੈ ਕਿ ਝੱਬਰ ਜਦੋਂ ਵੀ ਹੱਦ ਲੰਘ ਆਵੇ ਉਹਨੂੰ ਸ੍ਰੀ ਭੈਣੀ ਸਾਹਿਬ ਭੇਜ ਦੇਣਾ। ਅੱਪੜ ਗਏ। ਸ਼ਾਮ ਦੇ ਦੀਵਾਨ ਵਿਚ ਮੱਥਾ ਟੇਕਿਆ। ਉਸ ਸਮੇਂ ਬਾਰੇ ਬਾਬਾ ਤੇਜਾ ਸਿੰਘ ਜਖਸ਼ੇਰੀਆ ਇਉਂ ਦਸਿਆ ਕਰਦੇ ਸਨ, "ਜਦੋਂ ਝੱਬਰ ਆਇਆ ਸਰੀਰ ਕਈ ਦਿਨਾਂ ਦਾ ਸਫਰ, ਥਕਾਵਟ, ਬੁਖਾਰ ਕਾਰਨ ਮਾਂਦਾ ਪਿਆ ਸੀ। ਮੈਂ ਆਪਣੇ ਚਾਚੇ ਸੰਤ ਮੁਹਕਮ ਸਿੰਘ ਜੀ (ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਸਤਰਾਂ ਦੀ ਸੇਵਾ ਕਰਦੇ ਸਨ) ਨੂੰ ਪੁਛਿਆ ਕਿ ਝੱਬਰ ਆ ਗਿਆ ਹੈ। ਇਹ ਰੁਸ ਕੇ ਗਿਆ ਸੀ। ਹੁਣ ਇਹਦੇ ਨਾਲ ਕੀ ਸਲੂਕ ਹੋਵੇਗਾ? ਸੰਤਾਂ ਨੇ ਆਖਿਆ, "ਭਾਈ ਤੇਜਾ ਸਿੰਘ, 'ਝੱਬਰ' ਨੇ ਗੁਰੂ ਘਰ ਦੀ ਸੇਵਾ ਬੜੀ ਕੀਤੀ ਹੈ, ਇਹਦਾ ਥਾਂ ਇਥੇ ਉਹ ਹੀ ਬਣ ਜਾਣਾ ਹੈ ਪਹਿਲਾਂ ਵਾਲਾ ਹੀ। ਉਹੋ ਗੱਲ ਹੋਈ। ਅਗਲੇ ਦਿਨ ਜਦੋਂ ਸਤਿਗੁਰ ਜੀ ਦੌਰੇ ਤੇ ਜਾਣ ਲਗੇ ਤਾਂ ਵੇਲੇ ਦੇ ਮੁਖਤਿਆਰਾਂ ਨੇ ਕੰਮਕਾਰ ਬਾਰੇ ਪੁਛਿਆ। ਹੁਕਮ ਹੋਇਆ, "ਹੁਣ ਮੈਨੂੰ ਕੀ ਪੁਛਦੇ ਹੋ? ਹੁਣ ਦੱਸਣ ਵਾਲਾ ਆ ਗਿਆ ਹੈ। ਉਸਨੂੰ ਪੁਛੋ।" ਤੇ ਇਸ ਤਰ੍ਹਾਂ ਉਹਨਾਂ ਦਾ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ, ਪੂਰਵੱਕਾਰ ਜਥੇਦਾਰੀ ਵਾਲਾ, ਪਹਿਲਾ ਸਥਾਨ, ਮੁੜ ਸੁਨਿਸਚਿਤ ਹੋ ਗਿਆ ਸੀ।

ਹੁਣ ੧੯੫੫ ਈ. ਦੇ ਮਾਰਚ ਮਹੀਨੇ ਤਕ ਆਪ ਨੇ ਫਿਰ ਇਸ ਸੇਵਾ ਨੂੰ ਨਿਸ਼ਠਾਪੂਰਵਕ ਨਿਭਾਇਅ। ਪਾਕਿਸਤਾਨੋਂ ਆਉਣ ਤੋਂ ਫੌਰਨ ਬਾਦ ਇਥੇ ਹੀ ਮੇਰੀਆ ਤਿੰਨ ਭੈਣਾਂ ਥੋਹੜੇ ਥੋਹੜੇ ਵਕਫੇ ਬਾਦ ਚੇਚਕ ਨਿਕਲਣ ਸਦਕਾ ਮਰ ਗਈਆਂ। ਮੈਥੋਂ ਵੱਡਾ ਗੁਰਚਰਨ ਸਿੰਘ ਮਸਾਂ ਬਚਿਆ। ਇਥੇ ਹੀ ੧੯੫੮ ਈ. ਵਿਚ ਮੇਰੀ ਵੱਡੀ ਭੈਣ ਦਾ ਅਨੰਦ ਹੋਇਆ। ਮੈਂ ਅਤੇ ਮੈਥੋਂ ਛੋਟੀਆਂ ਦੋ ਭੈਣਾਂ ਇਥੇ ਹੀ ੧੯੪੮, ੫੦ ਅਤੇ ੫੨ ਵਿਚ ਪੈਦਾ ਹੋਈਆਂ। ਉਹਨਾਂ ਛੋਟੀਆਂ ਵਿਚੋਂ ਵੀ ਇਕ ੧੫ ਕੁ ਸਾਲਾਂ ਦੀ ਹੋ ਕੇ ਗੁਜ਼ਰ ਗਈ। ਹੁਣ ਅਸੀਂ ਦੋ ਭਾਈ ਅਤੇ ਦੋ ਭੈਣਾਂ ਜੀਵਿਤ ਹਾਂ।

ਮੈਂ ਛੋਟਾ ਜਿਹਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਾਇਦ ਸਿਆਮ ਤੋਂ ਆਏ ਸਨ। ਮਾਤਾ ਦੱਸਦੀ ਹੈ ਕਿ ਉਹ ਮੇਰੇ ਪੰਘੂੜੇ ਨਾਲ ਉਥੋਂ ਲਿਆਂਦਾ ਇਕ ਖਿਡੌਣਾ ਬੰਨ੍ਹ ਗਏ ਸਨ ਕਿਉਂਕਿ ਮੈਂ ਸੁੱਤਾ ਹੋਇਆ ਸਾਂ। ਜਦੋਂ ਮੈਂ ਕੁਝ ਵੱਡਾ ਹੋਇਆ ਤਾਂ ਮੈਥੋਂ ਇਕ ਦੋ ਵੇਰ ਬਾਲ ਉਪਦੇਸ਼ ਸੁਣਨ ਦੀ ਕ੍ਰਿਪਾ ਵੀ ਕੀਤੀ। ਭੈਣੀ ਸਾਹਿਬ ਪ੍ਰਾਇਮਰੀ ਸਕੂਲ ਦੇ ਮੁਖ ਅਧਿਆਪਕ ਸ੍ਰ. ਜੀਵਣ ਸਿੰਘ ਨੇ ਮੈਨੂੰ ਸਕੂਲੇ ਪੜ੍ਹਨੇ ਪਾਉਣ ਲਈ ਬਾਪੂ ਜੀ ਨੂੰ ਕਿਹਾ। ਉਹਨਾਂ ਕਿਹਾ ਸਾਨੂੰ ਸਰਕਾਰੀ ਸਕੂਲੇ ਪੜ੍ਹਾਉਣ ਦਾ ਹੁਕਮ ਨਹੀਂ। ਹੈਡਮਾਸਟਰ ਸਾਹਿਬ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ। ਪ੍ਰਵਾਨ ਹੋਣ ਤੇ ਮੈਂ ਸਕੂਲੇ ਦਾਖਲ ਹੋ ਕੇ ਇਕੋ ਸਾਲ ਵਿਚ ਦੋ ਜਮਾਤਾਂ ਉਥੇ ਪੜ੍ਹ ਲਈਆਂ। ਫਿਰ ਕਰੀਵਾਲੇ ਆ ਕੇ ਮਿਡਲ, ਸਿਰਸੇ ਤੋਂ ਬੀ.ਏ., ਵਕਾਲਤ ਚੰਡੀਗੜ੍ਹ ਤੋਂ, ਐਮ.ਏ. ਪੰਜਾਬੀ ਪ੍ਰਾਈਵੇਟ ਪਟਿਆਲੇ ਤੋਂ ਪਾਸ ਕੀਤੇ। ਮੇਰੀ ਮਾਤਾ ਮੈਨੂੰ ਕਈ ਵੇਰ ਆਖਦੀ ਕਿ ਤੂੰ ਐਨਾਂ ਪੜ੍ਹ ਕੇ ਹੁਣ ਜਮਾਤਾਂ ਵਾਹਣਾਂ ਵਿਚ ਰੋਲਦਾ ਫ਼ਿਰਦਾ ਹੈਂ ਪਰ ਬਾਪੂ ਜੀ ਸਦਾ ਇਹੋ ਕਹਿੰਦੇ ਸਨ, "ਪੜ੍ਹਾਈ ਦਾ ਮਤਲਬ ਪੈਸੇ ਕਮਾਉਣੇ ਜਾਂ ਨੌਕਰੀ ਕਰਨਾ ਨਹੀਂ। ਮੈਂ ਜਿਸ ਮਕਸਦ ਲਈ ਸੁਵਰਨ ਨੂੰ ਪੜ੍ਹਾਇਆ ਸੀ, ਉਹ ਪੂਰਾ ਹੋ ਗਿਆ ਹੈ। ਮੈਂ ਇਹਦੀ ਪੜ੍ਹਾਈ ਤੋਂ ਅਤੇ ਪੜ੍ਹਾਈ ਨੂੰ ਵੀ ਆਮ ਲੋਕਾਂ ਦੀ ਸੇਵਾ ਵਿਚ ਲਾਉਣ ਤੋਂ (ਭਾਵ ਮੇਰੇ ਕਮਿਊਨਿਸਟ ਕਾਰਕੁੰਨ ਬਣਨ ਤੋਂ) ਪੂਰਾ ਸੰਤੁਸ਼ਟ ਹਾਂ।

ਜਦੋਂ ਮੈਂ ਸ੍ਰ. ਨਾਹਰ ਸਿੰਘ ਹੋਰਾ ਦੇ ਸਰਕਾਰੀ ਦਸਤਾਵੇਜ਼ਾਂ ਅੰਗਰੇਜ਼ੀ ਦੀਆਂ ਛਪੀਆਂ ਵਿਚੋਂ (ਜਸਵਿੰਦਰ ਸਿੰਘ ਹੋਰਾਂ ਦੀਆਂ ਪੁਸਤਕਾਂ ਬਾਪੂ ਜੀ ਦੇ ਦੇਹਾਂਤ ਬਾਦ ਮੇਰੇ ਪਾਸ ਆਈਆਂ) ਨਾਮਧਾਰੀ ਇਤਿਹਾਸ ਉਹਨਾਂ ਨੂੰ ਸੁਣਾਉਂਦਾ ਤਾਂ ਉਹ ਵੈਰਾਗੀ ਹੋ ਜਾਂਦੇ। ਉਹਨਾਂ ਕਹਿਣਾ ਜੇ ਸੁਵਰਨ ਨੂੰ ਅੰਗਰੇਜ਼ੀ ਨਾ ਪੜ੍ਹਾਉਂਦੇ ਤਾਂ ਇਹਨਾਂ ਗੱਲਾਂ ਦਾ ਪਤਾ ਕਿਵੇਂ ਲੱਗਦਾ।

ਨਾਭੇ ਵਾਲੇ ਬੀੜ ਨੂੰ ਆਬਾਦ ਕਰਨ ਵਿਚ ਵੀ ਆਪਦੀ ਬੜੀ ਮਹੱਤਵ ਪੂਰਨ ਭੂਮਿਕਾ ਰਹੀ ਹੈ। ਕਈ ਸਾਲ ਤਰੀਕਾਂ ਭੁਗਤਦੇ ਰਹੇ। ਇਕ ਵੇਰ ਸਿਰ ਦੇ ਦਸਤਾਰ ਦੀ ਥਾਂ ਲੱਜ ਵਲਕੇ ਹੀ ਕਚਿਹਰੀ ਵਿਚ ਚਲੇ ਗਏ ਸਨ ਤਾਂ ਜੁ ਸਰਕਾਰੀ ਮਸ਼ੀਨਰੀ ਦੇ ਪੁਰਜਿਆਂ ਨੂੰ ਇਹ ਅਹਿਸਾਸ ਕਰਵਾਇਆ ਜਾ ਸਕੇ ਕਿ ਤੁਸੀਂ ਕਿਸ ਤਰ੍ਹਾਂ ਦੇ ਸਾਈਂ ਲੋਕਾਂ



Sri Satguru Jagjit Singh Ji eLibrary NamdhariElibrary@gmail.com

ਨੂੰ ਪ੍ਰੇਸ਼ਾਨ ਕਰਨ ਡਹੇ ਹੋ।

ਦੁਸ਼ਮਣ ਨੂੰ ਸਦਾ ਆਪਣੀ ਨਜ਼ਰ ਵਿਚ ਰੱਖਦੇ ਸਨ। ਬੁਰਿਆਈ ਜੰਮਦੀ ਨੂੰ ਹੀ ਨੱਪ ਲੈਂਦੇ ਸਨ। ਨਾਲ ਦੇ ਸਾਥੀਆਂ ਦਾ ਪੂਰਾ ਧਿਆਨ ਰੱਖਦੇ। ਉਹ ਵੀ ਹਰ ਮੈਦਾਨ ਨਾਲ ਹੋ ਕੇ ਜੂਝਦੇ। ਆਪ ਦੀ ਯਾਦਦਾਸ਼ਤ ਕਮਾਲ ਦੀ ਸੀ। ਜਿਹੜੇ ਦੌਰੇ ੭-੮ ਸਾਲ ਦੀ ਉਮਰ ਵਿਚ ਆਪ ਸਤਿਗੁਰੂ ਜੀ ਦੇ ਨਾਲ ਗਏ ਸਨ ਉਸਦੇ ਪਿੰਡਾਂ ਸ਼ਹਿਰਾਂ ਅਤੇ ਹੋਰ ਸਿੱਖਾਂ ਸਾਧਾਂ ਦੇ ਨਾਵਾਂ ਥਾਵਾਂ ਦੀ ਪੂਰੀ ਜਾਣਕਾਰੀ ਉਹ ੬੦ ਸਾਲ ਬਾਦ ਵੀ ਉਸੇ ਚੇਤੇ ਨਾਲ ਦੱਸ ਸਕਦੇ ਸਨ। ਸੰਤ ਤਰਨ ਸਿੰਘ 'ਵਹਿਮੀ' ਜੀ ਨੇ ਜੱਸ ਜੀਵਨ ਦੀਆਂ ਪਹਿਲੀਆਂ ਦੋ ਜਿਲਦਾਂ ਦੇ ਮਸਾਲੇ ਦਾ ਵੱਡਾ ਭਾਗ ਬਾਪੂ ਜੀ ਦੇ ਚੇਤੇ ਵਿਚੋਂ ਹੀ ਨੋਟ ਕੀਤਾ ਸੀ। ਉਹ ਮੈਨੂੰ ਵੀ ਪ੍ਰੇਰਦੇ ਸਨ ਕਿ ਮੈਂ ਵੀ ਨਾਮਧਾਰੀ ਇਤਿਹਾਸ ਉਤੇ ਕੋਈ ਕੰਮ ਕਰਾਂ। ਨਾਮਧਾਰੀ ਇਤਿਹਾਸ ਦੀ ਗੁੜ੍ਹਤੀ ਮੈਨੂੰ ਦੇਣ ਵਾਲੇ ਉਹ ਹੀ ਸਨ। ਹੋਰ ਵੀ ਬਹਾਦਰ ਸਿੰਘ ਸਿੰਘਣੀਆਂ ਦੇ ਪ੍ਰਸੰਗ ਉਹ ਛੋਟੇ ਬੱਚਿਆਂ ਨੂੰ ਸੁਨਾਉਣ ਦੇ ਹੱਕ ਵਿਚ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਉਹ ਵਿਸ਼ਵਾਸ਼ ਦੀ ਇਸ ਹੱਦ ਤਕ ਜੁੜੇ ਹੋਏ ਸਨ ਕਿ ਉਹਨਾਂ ਦੇ ਜੋਤੀ ਜੋਤ ਸਮਾਉਣ ਬਾਦ ਕਈ ਦਿਨ ਵੈਰਾਗੀ ਰਹੇ। ਫਿਰ ਇਕ ਦਿਨ ਕਹਿਣ ਲਗੇ ਕਿ ਅੱਜ ਦ੍ਰਿਸ਼ਟਾਂਤ ਹੋਇਆ ਹੈ: ਉਹ ਕਹਿੰਦੇ ਹਨ ਘਬਰਾਉਂਦਾ ਕਿਉਂ ਹੈ—ਮੇਰੀ ਤਾਂ ਸ਼ਬਦ ਦੀ ਦੇਹ ਹੈ ਮੈਂ ਸਦਾ ਤੇਰੇ ਅੰਗ ਸੰਗ ਹਾਂ।...

ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਝੱਬਰ ਹੋਰਾਂ ਦੀ ਉਮਰ ਦੇ ਪਿਛਲੇ ਹਿਸੇ ਵਿਚ, ਜਦੋਂ ਉਹ ਢਾਈ ਕੁ ਵਰੇ, ਇਕ ਲੱਤ ਖਰਾਬ ਹੋਣ ਕਾਰਨ ਮੰਜੇ ਤੇ ਹੀ ਰਹੇ, ਉਹਨਾਂ ਨੂੰ ਦਰਸ਼ਨ ਦੇਣ ਅਤੇ ਭੈਣੀ ਸਾਹਿਬ ਦੀ ਨਵੀਂ ਨੁਹਾਰ ਦੇ ਦਰਸ਼ਨ ਕਰਵਾਉਣ ਵਿਚ ਢਿਲ ਨਹੀਂ ਕੀਤੀ।

ਉਹਨਾਂ ਕਰੀਵਾਲਾ ਵਿਖੇ, ਆਪਣੇ ਅੰਤਰੰਗ ਮਿੱਤਰਾਂ ਸੰਤ ਕਰਮ ਸਿੰਘ ਅਤੇ ਜਿਉਣ ਸਿੰਘ (ਲਸਾੜੀਏ ਭਰਾਵਾਂ) ਦੇ ਧਰਮਪੁਰਾ ਤੋਂ ਪਹੁੰਚਣ ਤੋਂ ਪੰਜ ਕੁ ਮਿੰਟ ਪਹਿਲਾਂ ਹੀ ੪-੮-੯੩ ਨੂੰ ਸ਼ਾਮ ਚਾਰ ਵੱਜ ਕੇ ਵੀਹ ਮਿੰਟਾਂ ਤੇ ਸਰੀਰ ਤਿਆਗ ਦਿਤਾ। ਜ਼ਿੰਦਗੀ ਦੇ ਬਿਖੜੇ ਪੈਂਡਿਆਂ ਤੇ ਉਹਨਾਂ ਦੀ ਯਾਦ ਸਾਡੇ ਲਈ ਰਾਹ ਵਿਖਾਉ ਅਤੇ ਪ੍ਰੇਰਨਾਮਈ ਹੈ। ਉਹਨਾਂ ਦੇ ਅਨੇਕ ਸਦਗੁਣਾਂ ਵਿਚੋਂ ਜੇ ਥੋਹੜੇ ਵੀ ਅੰਦਰ ਵਸਾ ਲਏ ਜਾਣ ਤਾਂ ਜੀਵਨ ਸਾਰਥਕ ਹੋ ਜਾਂਦਾ ਹੈ।

—ਕਰੀਵਾਲਾ, ਸਿਰਸਾ


PARTNER

CARDIGANS ■ PULLOVERS

Ante-date Knitters

A Quality Product of,

UDEY Knitwears

Manufacturers & Exporters

Street No.3, Jammu Colony, Nr. Preet Palace,

Opp Atam Park, LUDHIANA

Phones 405338, 36349 Fax: 26070 ATTN., 24349





Sri Satguru Jagjit Singh Ji eLibrary NamdhariElibrary@gmail.com

# ੧੬੯੯ ਵਾਲੀ ਵਸਾਖੀ

—ਪ੍ਰੋ. ਡਾ. ਹਰਨਾਮ ਸਿੰਘ ਸ਼ਾਨ,
ਐਮ.ਏ., ਪੀ.ਐਚ ਡੀ, (ਲੰਡਨ)

ਵਸਾਖੀ ਹਿੰਦੁਸਤਾਨ ਦਾ ਇਕ ਮੁੱਢ-ਕਦੀਮੀ ਮੌਸਮੀ ਤਿਉਹਾਰ ਹੈ ਜੋ ਅਗਿਣਤ ਸਦੀਆਂ ਤੋਂ ਇਸ ਦੇ ਹਰ ਹਿੱਸੇ ਜਾਂ ਇਲਾਕੇ ਵਿਚ ਕਿਸੇ-ਨਾ-ਕਿਸੇ ਰੂਪ ਵਿਚ, ਬੜੇ ਚਾਅ ਤੇ ਉਮਾਹ ਨਾਲ ਮਨਾਇਆ ਜਾ ਰਿਹਾ ਹੈ।

ਪੰਜ-ਦਰਿਆਵਾਂ ਦੀ ਧਰਤੀ ਵਿਚ ਵੀ ਇਹ, ਮੁੱਢ ਕਦੀਮ ਤੋਂ ਉਵੇਂ ਹੀ, ਉਦੋਂ ਮਨਾਇਆ ਜਾਂਦਾ ਹੈ ਜਦੋਂ ਇਸ ਦੇ ਇਕ ਉਘੇ ਕਵੀ-ਪੁੱਤਰ, ਲਾਲਾ ਧਨੀ ਰਾਮ ਚਾਤ੍ਰਿਕ, ਦੇ ਲਫਜ਼ਾਂ ਵਿਚ ਕੁਦਰਤ ਆਪਣੀਆਂ ਰਗੀਨੀਆਂ ਤੇ ਸੁਗਾਤਾਂ ਨਾਲ ਭਰ ਜੋਬਨ 'ਤੇ ਪਹੁੰਚ ਚੁਕੀ ਹੁੰਦੀ ਹੈ। ਉਦੋਂ ਜਦੋਂ ਇਸ ਦੀ ਕਣਕ ਦੀ ਫ਼ਸਲ ਪੱਕ ਗਈ ਹੁੰਦੀ ਹੈ, ਲੁਕਾਠਾਂ ਵਿਚ ਰਸ ਤੇ ਅੰਬਾਂ ਉਤੇ ਬੂਰ ਆ ਚੁਕਾ ਹੁੰਦਾ ਹੈ ਅਤੇ ਗੁਲਾਬ ਦੇ ਫੁੱਲ ਟਹਿਕ-ਮਹਿਕ ਰਹੇ ਹੁੰਦੇ ਹਨ:

ਪੱਕ ਗਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਬਾਗਾਂ ਉਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆ ਟਾਹਣੀਆਂ ਦੇ ਭਾਰ ਨੇ।[1]

ਕਾਦਰ ਦੀ ਕੁਦਰਤ ਦੇ ਅਜਿਹੇ ਰੰਗਾਂ, ਰਸਾਂ ਤੇ ਬਹਾਰਾਂ ਨਾਲ ਸ਼ਿੰਗਾਰੀ ਹੋਈ ਜੋ ਵਸਾਖੀ ਅੱਜ ਤੋਂ ੨੯੯ ਵਰ੍ਹੇ ਪਹਿਲਾਂ, ਸੰਨ ੧੬੯੯ ਨੂੰ, ਇਸੇ ਧਰਤੀ ਵਿਚ ਜਦੋਂ ਫਿਰ ਆਈ ਸੀ ਤਾਂ ਇਸ ਨਾਲ ਇਕ ਅਜਿਹੀ ਇਨਕਲਾਬੀ ਤੇ ਯਾਦਗਾਰੀ ਘਟਨਾ ਵੀ ਸਬੰਧਿਤ ਹੋ ਗਈ ਸੀ ਜੋ ਸੰਸਾਰ ਦੇ ਧਾਰਮਿਕ, ਸਮਾਜਿਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਕ ਖੇਤਰਾਂ ਵਿਚ ਅਜੇ ਤਕ ਆਪਣੀ ਮਿਸਾਲ ਆਪ ਹੈ।

੨

ਅਗਲੀ, ਭਾਵ ੧੯੯੯ ਵਾਲੀ, ਵਸਾਖੀ ਉਸੇ ਦਿਨ ਤੇ ਉਸੇ ਘਟਨਾ ਨਾਲ ਸਬੰਧਿਤ ਇਕ ਮਹਾਨ ਤੇ ਅਦੁੱਤੀ ਕੌਤਕ ਦੀ ਯਾਦ ਸਾਕਾਰ ਕਰਾਏਗੀ। ਉਹ ਖ਼ਾਲਸਾ ਪੰਥ ਦੀ ਸਿਰਜਣਾ ਤੇ ਸਾਜਣਾ ਦੇ ਤਿੰਨ ਸੌ ਵਰ੍ਹੇ ਬੀਤਣ ਦੀ ਲਖਾਇਕ ਹੋਵੇਗੀ। ਉਹ ਸਿੱਖ ਧਰਮ ਦੇ ਸੰਚਾਲਕ, ਗੁਰੂ ਨਾਨਕ ਦੇਵ ਜੀ ਦੀ ਭਵਿੱਖ-ਬਾਣੀ ਦੀ ਸਚਾਈ ਦੀ ਯਾਦ ਵੀ ਤਾਜ਼ਾ ਕਰਵਾਏਗੀ। ਜੋ ਮੁਗ਼ਲ ਬਾਦਸ਼ਾਹ ਬਾਬਰ ਦੇ ਸੰਨ ੧੫੨੧ ਵਿਚ ਹਿੰਦੁਸਤਾਨ ਉਤੇ ਕੀਤੇ ਨਿਰਦਈ ਹੱਲੇ ਸਮੇਂ ਉਚਾਰੇ, ਹੇਠ ਲਿਖੀ ਤੁਕ ਨਾਲ ਸ਼ੁਰੂ ਹੁੰਦੇ, ਸ਼ਬਦ ਵਿਚ ਇਉਂ ਸੰਕੇਤਿਕ ਹੈ:

ਖੁਰਾਸਾਨ ਖਸਮਾਨਾ ਕੀਆ,
ਹਿੰਦੁਸਤਾਨ ਡਰਾਇਆ।[2]

ਉਹ ਉਸ ਪੇਸ਼ੀਨਗੋਈ ਦੀ ਸਾਰਥਕਤਾ ਦੀ ਸਾਖ ਵੀ ਮੁੜ ਦ੍ਰਿੜ੍ਹ ਕਰਵਾਏਗੀ ਜੋ ੧੬੭੫ ਨੂੰ ਧਰਮ-ਕਰਮ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਆਪਣਾ ਬਲੀਦਾਨ ਦੇਣ ਤੋਂ ਪਹਿਲਾਂ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਨੇ ਇਉਂ ਬਿਆਨ ਕੀਤੀ ਸੀ:

ਨਾਮੁ ਰਹਿਓ, ਸਾਧੂ ਰਹਿਓ,
ਰਹਿਓ ਗੁਰੁ ਗੋਬਿੰਦ।[3]

ਨਾਲੇ ਉਸ ਇਨਕਲਾਬੀ ਐਲਾਨ ਤੇ ਇਕਰਾਰ ਦੀ ਦਾਸਤਾਨ ਵੀ ਦੁਹਰਾਉਣ ਦਾ ਮੌਕਾ ਬਖਸ਼ੇਗੀ ਜੋ ਨੌਂ ਕੁ ਵਰ੍ਹਿਆਂ ਦੇ ਬਾਲ-ਗੁਰੂ, ਸ੍ਰੀ ਗੋਬਿੰਦ ਦਾਸ ਜੀ ਨੇ ਆਪਣੇ ਪਿਤਾ-ਗੁਰੂ ਦੀ ਉਕਤ ਸ਼ਹਾਦਤ ਪਿਛੋਂ ਵਾਪਰੀ ਦਹਿਸ਼ਤ ਤੇ ਢਹਿੰਦੀ ਕਲਾ ਦਾ ਜ਼ਿਕਰ, ਦਿੱਲੀਓਂ ਆਨੰਦਪੁਰ ਆਈ ਸੰਗਤ ਦੇ ਮੂੰਹੋਂ ਸੁਣ ਕੇ; ਭਾਈ ਸੰਤੋਖ ਸਿੰਘ ਜੀ ਦੇ ਲਫ਼ਜ਼ਾਂ ਵਿਚ ਇਉਂ ਕੀਤਾ ਸੀ:

ਸ੍ਰੀ ਗੋਬਿੰਦ ਸਿੰਘ ਸੁਨਿ ਕਰਿ ਐਸੇ,
ਗਰਜਤਿ ਬੋਲੇ ਜਲਧਰ ਜੈਸੇ।
ਇਸ ਬਿਧਿ ਕੋ ਅਬਿ ਪੰਥ ਬਨਾਵੋਂ,
ਸਗਲ ਜਗਤ ਮਹਿ ਬਹੁ ਬਿਦਤਾਵੋਂ।
ਲਾਖਹੁੰ ਨਰ ਜਗ ਕੇ ਇਕ ਥਾਇ,
ਤਿਨ ਮਹਿਂ ਮਿਲੇ ਏਕ ਸਿੱਖ ਆਇ।
ਸਭਿ ਮਹਿਂ ਪ੍ਰਥਕ ਪਛਾਨਯੋ ਪਰੇ,
ਰਲੈ ਨ ਕਯੋਹੂੰ ਕੈਸਿਹੁ ਕਰੈ ॥ ੯ ॥
ਜਥਾ ਬਕਨ ਮਹਿਂ ਹੰਸ ਨ ਛਪੈ,
ਗ੍ਰਿਸ਼ਨਿ ਬਿਖੈ ਮੋਰ ਜਿਮ ਦਿਪੈ,
ਜਯੋਂ ਖਰਗਨ ਮਹਿਂ ਬਲੀ ਤੁਰੰਗ,
ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ ॥ ੧੦ ॥
ਤਿਮ ਨਾਨਾ ਭੇਖਨ ਕੇ ਮਾਹਿਂ,
ਮਮ ਸਿੱਖ ਕੋ ਸਗਲੇ ਪਰਖਾਹਿਂ ॥[4]



Sri Satguru Jagjit Singh Ji eLibrary NamdhariElibrary@gmail.com

ਅਰਥਾਤ, "ਸ੍ਰੀ ਗੁਰੂ ਗੋਬਿੰਦ ਸਿੰਘ ਇਹ ਕੁਝ ਸੁਣਦਿਆਂ ਹੀ, ਸਾਵਣ ਦੇ ਬੱਦਲ ਵਾਂਗ ਗਰਜ ਕੇ ਬੋਲੇ : "ਹੁਣ ਤਾਂ ਮੈਂ ਇਕ ਅਜਿਹੇ ਪੰਥ ਦੀ ਸਾਜਨਾ ਕਰਾਂਗਾ ਜੋ ਸਾਰੇ ਸੰਸਾਰ ਵਿਚ ਨਿਆਰੇ ਤੇ ਨਿਵੇਕਲੇ ਰੂਪ ਦਾ ਧਾਰਨੀ ਹੋਵੇਗਾ। ਦੁਨੀਆਂ ਦੇ ਲੱਖਾਂ ਲੋਕਾਂ ਦੇ ਇਕੱਠ ਵਿਚ ਜਦੋਂ ਕਿਤੇ ਕੋਈ ਇਕ ਸਿੱਖ ਵੀ ਸ਼ਾਮਲ ਹੋਇਆ ਹੋਵੇਗਾ, ਉਹ ਸਾਰੇ ਇਕਤਰਿਤ ਬੰਦਿਆਂ ਨਾਲੋਂ ਪਹਿਲੀ ਨਜ਼ਰੇ ਹੀ ਪਛਾਣਿਆ ਜਾ ਸਕੇਗਾ ਅਤੇ ਸਭ ਤੋਂ ਵੱਖਰਾ ਤੇ ਵਿਲੱਖਣ ਦਿਸੇਗਾ। ਬਗਲਿਆਂ ਦੀ ਡਾਰ ਵਿਚ ਜਿਵੇਂ ਕੋਈ ਹੰਸ ਛਪਿਆ ਨਹੀਂ ਰਹਿ ਸਕਦਾ, ਗਿਰਝਾਂ ਦੇ ਝੁੰਡ ਵਿਚ ਜਿਵੇਂ ਕੋਈ ਮੋਰ ਲਿਸ਼ਕਦਾ ਹੈ, ਖੋਤਿਆਂ ਦੀ ਭੀੜ ਵਿਚ ਜਿਵੇਂ ਕੋਈ ਘੋੜਾ ਅਤੇ ਹਿਰਨਾਂ ਦੀ ਢਾਣੀ ਵਿਚ ਜਿਵੇਂ ਕੋਈ ਸ਼ੇਰ ਵੱਖਰਾ ਤੇ ਵਿਲੱਖਣ ਦਿਸਦਾ ਹੈ, ਤਿਵੇਂ ਹੀ ਭਿੰਨ ਭਿੰਨ ਮੱਤਾਂ ਤੇ ਭੇਖਾਂ ਦੇ ਇਕੱਠ ਵਿਚ ਵਿਚਰਦਾ ਮੇਰਾ ਸਿੱਖ ਆਪਣੇ ਉਸ ਨਿਆਰੇ ਤੇ ਅਨੂਠੀ ਸਪਿਰਿਟ ਕਰਕੇ, ਸਹਿਜੇ ਹੀ ਦਿਸਿਆ, ਪਰਖਿਆ ਤੇ ਪਛਾਣਿਆ ਜਾ ਸਕੇਗਾ।"

੩

ਅਸਲ ਵਿਚ ੩੦ ਮਾਰਚ ੧੬੯੯ ਵਾਲੀ ਵਿਸਾਖੀ ਦੇ ਦਿਨ ਅਨੰਦਪੁਰ ਸਾਹਿਬ ਵਿਖੇ ਜੋ ਕੁਝ ਵਾਪਰਿਆ ਸੀ, ਉਹ ਇਕ ਅਜਿਹਾ ਅਨੂਠਾ ਕੌਤਕ ਸੀ ਜਿਸ ਦਾ ਉਸ ਤੋਂ ਪਹਿਲਾਂ ਕਦੇ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ। ਉਸ ਦਿਨ ਸਿੱਖਾਂ ਦੇ ਦਸਵੇਂ ਪਾਤਸ਼ਾਹ ਅਤੇ ਚੜ੍ਹਦੀ ਕਲਾ ਦੇ ਪੁੰਜ, ਗੁਰੂ ਗੋਬਿੰਦ ਦਾਸ ਜੀ ਨੇ ਆਨੰਦਪੁਰ ਦੇ ਕਿਲਾ ਕੇਸਗੜ੍ਹ ਵਿਚ ਇਕ ਭਾਰੀ ਤੇ ਯਾਦਗਾਰੀ ਦੀਵਾਨ ਸਜਾਇਆ ਸੀ। ਉਸ ਵਿਚ ਹਿੰਦੁਸਤਾਨ ਦੇ ਹਰ ਪਾਸਿਉਂ, ਦੂਰ-ਦੁਰਾਡਿਉਂ, ਇਕੱਤਰ ਹੋਏ ਹਜ਼ਾਰਾਂ ਸ਼ਰਧਾਲੂਆਂ[5] ਨੂੰ ਉਹ ਇਕ ਬੜੇ ਵਿਲੱਖਣ ਅੰਦਾਜ਼ ਵਿਚ ਸੰਬੋਧਿਤ ਹੋਏ ਸਨ ਅਤੇ ਉਨ੍ਹਾਂ ਨੂੰ ਆਪੋ-ਆਪਣੇ ਕਰਤੱਵ ਪਾਲਣ ਲਈ ਵੰਗਾਰਿਆ ਸੀ। ਤੇਤੀ ਵਰ੍ਹੇ ਦੇ ਭਰ-ਜਵਾਨ ਸਤਿਗੁਰੂ ਨੇ ਇਕ ਨੰਗੀ ਤਲਵਾਰ ਲਿਆਉਂਦਿਆਂ, ਉਪਰੋਥਲੀ ਪੰਜ ਸਿਰਾਂ ਦੀ ਭੇਟ ਮੰਗੀ ਸੀ। ਫਿਰ ਆਪੋ ਆਪਣੇ "ਸਿਰ ਤਲੀ ਉਤੇ ਧਰ ਕੇ" ਨਿੱਤਰੇ ਪੰਜ ਮਰਜੀਵੜਿਆਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ, ਚੜ੍ਹਦੀ ਕਲਾ ਦਾ ਜਲੌ ਚੜ੍ਹਾ ਕੇ, ਅਤੀ ਸੁੰਦਰ 'ਸਿੰਘ' ਸਜਾ ਕੇ ਅਤੇ ਆਪਣੇ 'ਪੰਜ ਪਿਆਰੇ' ਆਖ ਕੇ, ਭਾਈ ਗੁਰਦਾਸ ਸਿੰਘ ਦੇ ਲਫ਼ਜ਼ਾਂ ਵਿਚ, ਉਨ੍ਹਾਂ ਦੀ ਮਾਨੋਂਕਾਇਆ ਹੀ ਪਲਟ ਦਿੱਤੀ ਸੀ :

ਪੀਵਹੁ ਪਾਹੁਲ ਖੰਡੇਧਾਰ,
ਹੁਏ ਜਨਮ ਸੁਹੇਲਾ ।[6]

ਉਪਰੰਤ, ਉਹੋ 'ਪਾਹੁਲ' ਉਨ੍ਹਾਂ ਪਾਸੋਂ ਆਪ ਵੀ ਛਕ ਕੇ ਅਤੇ ਆਪ ਵੀ ਅਜਿਹਾ ਸੁੰਦਰ-ਸੁਜੀਲਾ ਸਿੰਘ ਸਜ ਕੇ, ਉਨ੍ਹਾਂ ਨੇ ਸੰਸਾਰ ਦੇ ਧਾਰਮਿਕ ਤੇ ਸਮਾਜਿਕ ਇਤਿਹਾਸ ਵਿਚ ਇਕ ਹੋਰ ਕ੍ਰਿਸ਼ਮਾ ਕਰ ਵਿਖਾਇਆ ਸੀ। ਦੁਨੀਆਂ ਇਹ ਵੇਖ ਕੇ ਚਕ੍ਰਿਤ ਰਹਿ ਗਈ ਤੇ ਕਹਿਣ ਲਗ ਪਈ ਸੀ :

ਵਾਹੁ ਵਾਹੁ ਗੋਬਿੰਦ ਸਿੰਘ
ਆਪੇ ਗੁਰ ਚੇਲਾ ।[7]

ਇਉਂ ਗੋਬਿੰਦ ਦਾਸ ਨੇ ਗੁਰੂ ਨਾਨਕ ਦੇਵ ਜੀ ਦੀ ਉਮਤ ਨੂੰ ਖ਼ੁਦ ਆਪਣੇ ਸਮੇਤ "ਸਿੰਘ" (ਭਾਵ 'ਸ਼ੇਰ') ਦਾ ਖਿਤਾਬ ਦੇ ਕੇ, 'ਖਾਲਸਾ' ਸਜਾ ਦਿੱਤਾ ਸੀ :

ਗੁਰ 'ਸੰਗਤਿ' ਕੀਨੀ ਖਾਲਸਾ
ਮਨਮੁਖੀ ਦੁਹੇਲਾ ।[8]

ਅਹਿਮਦ ਸ਼ਾਹ ਬਟਾਲੀਆ ਅਤੇ ਗੁਲਾਮ ਮੁਹੱਈ-ਉ-ਦੀਨ (ਉਰਫ਼ ਬੂਟੇ ਸ਼ਾਹ) ਦੇ ਕਥਨ ਅਨੁਸਾਰ, ਸਰਕਾਰੀ ਪੱਤਰ-ਪਰੇਰਕ ਦੀ ਅੱਖੀਂ ਡਿੱਠੀ ਗਵਾਹੀ ਮੁਤਾਬਿਕ, ਉਸ ਦਿਨ ੨੦ ਹਜ਼ਾਰ ਹੋਰ ਲੋਕ, ਉਨ੍ਹਾਂ ਤੋਂ ਪਰਭਾਵਿਤ ਤੇ ਪਰੇਰਤ ਹੋ ਕੇ, ਇਹ ਨਿਆਰਾ 'ਪਾਹੁਲ' ਛਕ ਕੇ ਤਿਆਰ-ਬਰ-ਤਿਆਰ ਹੋ ਗਏ ਸਨ ।[9]

'ਬਾਜਾਂ ਅਤੇ ਕਲਗੀਆਂ ਵਾਲੇ ਸਤਿਗੁਰੂ ਜੀ ਨੇ ਉਨ੍ਹਾਂ ਦੀਆਂ ਸੁੱਤੀਆਂ ਸ਼ਕਤੀਆਂ ਨੂੰ ਜਗਾ ਕੇ, ਉਨ੍ਹਾਂ ਦੇ ਹਿਰਦਿਆਂ ਵਿਚ ਇਕ ਅਗੰਮੀ ਰੂਹ ਫੂਕ ਦਿੱਤੀ। ਉਨ੍ਹਾਂ ਦੇ ਤਨ-ਮਨ ਨੂੰ ਭਗਤੀ ਤੇ ਸ਼ਕਤੀ ਦੀ ਪੁੱਠ ਚੜ੍ਹਾ ਕੇ ਅਤੇ "ਦੇਗ ਤੇਗ ਫਤਹ" ਦਾ ਨਿਸ਼ਾਨਾ ਬਖਸ਼ ਕੇ, ਇਉਂ ਇਕ ਨਵੇਂ ਤੇ ਅਨੂਠੇ ਪੰਥ ਦੀ ਪੱਕੀ-ਪੀਡੀ ਨੀਂਹ ਰਖ ਦਿੱਤੀ ਸੀ :

ਨਿਜ ਪੰਥ ਸਾਜਿਓ ਖਾਲਸਾ
ਧਰਿ ਤੇਜ ਕਰਾਰਾ ।[10]

੪

ਫਿਰ ਇਸ 'ਪੰਥ' ਦੇ ਪਾਂਧੀਆਂ ਵਿਚ ਧਾਰਮਿਕ ਪਵਿੱਤਰਤਾ, ਸਦਾਚਾਰਕ ਸੁਹਿਰਦਤਾ, ਸਰੀਰਕ ਵਿਲੱਖਣਤਾ, ਸਮਾਜਿਕ ਸੁਤੰਤਰਤਾ ਤੇ ਰਾਜਨੀਤਕ ਸਥਿਰਤਾ ਲਿਆਣ ਲਈ ਇਕ ਆਦਰਸ਼ਕ ਜਹੀ ਜਾਤੀ ਤੇ ਜਮਾਤੀ ਰਹਿਤ-ਮਰਯਾਦਾ



Sri Satguru Jagjit Singh Ji eLibrary NamdhariElibrary@gmail.com

(Code of conduct) ਵੀ ਨਿਯਤ ਕਰ ਦਿੱਤੀ ਸੀ।

ਉਨ੍ਹਾਂ ਨੂੰ ਸਭ ਤੋਂ ਨਿਆਰੇ ਦਿਸਣ ਤੇ ਇਕੋ ਲੜੀ ਵਿਚ ਪਰੁਚੇ ਰਹਿਣ ਲਈ, ਇਕ ਵਿਕੋਲਿਤਰੀ ਜਹੀ ਵਰਦੀ ਵੀ ਪੁਆ ਦਿੱਤੀ ਸੀ ਜਿਸ ਬਾਰੇ ਆਪ ਨੇ ਇਹ ਖੁਲ੍ਹੇਆਮ ਆਖਿਆ ਸੀ ਕਿ "ਅਗੇ ਤੋਂ ਸਿੱਖੀ ਦੀ ਨਿਸ਼ਾਨੀ ਇਹ ਪੰਜ 'ਕਕਾਰ' : ਕੜਾ, ਕਿਰਪਾਨ, ਕੱਛ, ਕੰਘਾ ਤੇ ਕੇਸ ਹੋਣਗੇ :

ਨਿਸ਼ਾਨੇ ਸਿਖੀ, ਈ ਪੰਜ ਹਰਫ਼ ਕਾਫ਼,
ਹਰਗਿਜ਼ ਨਾ ਬਾਸ਼ੰਦ, ਈਂ ਪੰਜ ਮੁਆਫ਼ ।
ਕੜਾ, ਕਾਰਦੋ, ਕੱਛ, ਕੰਘਾ ਬਿਦਾਂ,
ਬਿਨਾਂ ਕੇਸ ਹੇਚ ਅੰਦ ਜੁਮਲਾ ਨਿਸ਼ਾਂ ।[11]

ਇਨ੍ਹਾਂ ਪੰਜਾਂ ਦੀ 'ਛੋਟ' ਕਦੇ ਵੀ ਨਹੀਂ ਦਿੱਤੀ ਜਾ ਸਕੇਗੀ। ਪਰ ਚੇਤੇ ਰਖਣਾ, ਕੇਸਾਂ ਬਿਨਾਂ ਬਾਕੀ ਸਾਰੇ ਨਿਸ਼ਾਨ ਤੁੱਛ ਸਮਝੇ ਜਾਣਗੇ।" ਸੋ ਵਿਸਵੇ ਜਿਥੇ 'ਕੜੇ' ਨੂੰ ਪਰਤੱਗਿਆ ਅਤੇ 'ਕਿਰਪਾਨ ਨੂੰ ਉਪਕਾਰ ਤੇ ਸਵੈ-ਰੱਖਿਆ ਦਾ ਚਿੰਨ੍ਹ ਨਿਯਤ ਕੀਤਾ ਸੀ, ਉਥੇ 'ਕੱਛ' ਨੂੰ ਆਚਰਨਕ ਤੇ 'ਕੰਘੇ' ਨੂੰ ਸਰੀਰਕ ਸੁੱਚਮ ਦੇ ਸੰਕੇਤ ਹੋਣ ਦਾ ਮਾਣ ਦਿੱਤਾ ਜਾਪਦਾ ਹੈ। 'ਕੇਸਾਂ' ਬਾਰੇ ਦਿੱਤੀ ਇਸ ਖਾਸ ਹਦਾਇਤ ਤੋਂ ਜਾਪਦਾ ਹੈ ਕਿ ਸਤਿਗੁਰੂ ਨੇ ਇਸ ਜਮਾਂਦਰੂ ਤੇ ਸਦੀਵੀ ਦਾਤ-ਚਿੰਨ੍ਹ ਨੂੰ ਰੱਬੀ ਰਜ਼ਾ ਲਈ ਰਜ਼ਾਮੰਦੀ, ਕੌਮੀ ਸਪਿਰਿਟ ਦੀ ਕਸਵੱਟੀ ਤੇ ਪੰਥਕ ਜਥੇਬੰਦੀ ਦੀ ਗਾਰੰਟੀ ਮਿਥਿਆ ਸੀ।

ਫਿਰ ਅਜਿਹੀ ਵਿਲੱਖਣ ਵਰਦੀ ਪਹਿਨਣ ਵਾਲੇ ਸੰਤ-ਸਿਪਾਹੀਆਂ ਲਈ ਜੋ ਆਦਰਸ਼ ਨਿਯਤ ਕੀਤਾ, ਉਹ ਵੀ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬਾਹਰਲੇ ਚਿੰਨ੍ਹ ਧਾਰਨ ਕਰਨ ਵਾਲਿਆਂ ਨੂੰ ਅੰਦਰਲੇ ਦੈਵੀ ਗੁਣ ਵਿਕਸਾਉਣ ਲਈ ਵੀ ਬੜੀ ਭਰਵੀਂ ਤਾਕੀਦ ਕੀਤੀ ਸੀ। ਉਨ੍ਹਾਂ ਭਾਣੇ, ਅਸਲ 'ਖ਼ਾਲਸਾ' ਅਖਵਾਉਣ ਦਾ ਹੱਕਦਾਰ ਹੀ ਉਹ ਹੈ ਜੋ :

ਜਾਗਤ ਜੋਤ ਜਪੈ ਨਿਸ ਬਾਸੁਰ[12],
ਏਕ ਬਿਨਾਂ ਮਨ ਨੈਕ[13] ਨ ਆਨੈ ।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ, ਗੋਰ[14], ਮੜ੍ਹੀ, ਮਠ[15] ਭੂਲ ਨ ਮਾਨੈ ।
ਤੀਰਥ, ਦਾਨ, ਦਯਾ, ਤਪੁ, ਸੰਜਮ,
ਏਕ ਬਿਨਾ ਨਹਿ ਏਕ ਪਛਾਨੈ ।
ਪੂਰਨ ਜੋਤਿ ਜਗੈ ਘਟ ਮੈ[16],
ਤਬ ਖਾਲਸਾ ਤਾਹਿ ਨਖਾਲਸ[17] ਜਾਨੈ[18] ।

ਇਸ ਤਰ੍ਹਾਂ, ਉਸ ਨੂੰ ਇਕ ਆਦਰਸ਼ਕ ਜੀਵਨ-ਜਾਚ ਦਸਦਿਆਂ ਉਨ੍ਹਾਂ ਇਹ ਵੀ ਫ਼ੁਰਮਾਇਆ ਕਿ "ਉਹ ਆਪਣੇ ਘਰ ਨੂੰ ਹੀ ਜੰਗਲ ਸਮਝ ਕੇ, ਦਿਲੋਂ ਸਾਧੂ ਬਣੇ। ਰੱਬ ਦੀ ਯਾਦ ਵਿਚ ਰਹਿੰਦਿਆਂ, ਸ਼ੁਭ ਗੁਣ ਗ੍ਰਹਿਣ ਕਰਦਿਆਂ ਅਤੇ ਆਪਣੇ ਕਾਰ-ਵਿਹਾਰ ਵਿਚ ਵਿਚਰਦਿਆਂ, ਉਹ ਨੇਕੀ, ਪਿਆਰ ਅਤੇ ਪਰਉਪਕਾਰ ਦਾ ਜੀਵਨ ਬਤੀਤ ਕਰੇ" :

ਰੇ ਮਨ ਐਸੋ ਕਰ ਸੰਨਿਆਸਾ ।
ਬਨ ਸੇ[19] ਸਦਨ[20] ਸਭੈ ਕਰ ਸਮਝਹੁ,
ਮਨ ਹੀ ਮਾਹਿ ਉਦਾਸਾ ।
ਜਤ ਕੀ ਜਟਾ ਜੋਗ ਕੋ ਮਜਨੁ[21],
ਨੇਮ ਕੇ ਨਖਨ[22] ਬਢਾਓ ।
ਗਯਾਨ ਗੁਰੂ, ਆਤਮ ਉਪਦੇਸਹੁ,
ਨਾਮੁ ਬਿਭੂਤਿ[23] ਲਗਾਓ ।
ਅਲਪ ਅਹਾਰ[24], ਸੁਲਪ ਸੀ ਨਿੰਦ੍ਰਾ[25],
ਦਯਾ, ਛਿਮਾ[26] ਤਨ ਪ੍ਰੀਤਿ,
ਸੀਲ ਸੰਤੋਖੁ ਸਦਾ ਨਿਰਬਾਹਿਬੋ[27],
ਹ੍ਵੈਬੋ[28] ਤ੍ਰਿਗੁਣ[29] ਅਤੀਤ[90] ।
ਕਾਮ, ਕ੍ਰੋਧ, ਹੰਕਾਰ, ਲੋਭ, ਹਠ,
ਮੋਹ ਨਾ ਮਨੁ ਸਿਉ ਲਯਾਵੈ,
ਤਬ ਹੀ ਆਤਮ ਤਤ ਕੋ ਦਰਸੇ,
ਪਰਮ ਪੁਰਖ ਕਹਿ[81] ਪਾਵੈ[32] ।

ਪ

ਅਜਿਹੀ ਵਰਦੀ, ਆਦਰਸ਼ ਦੇ ਜੀਵਨ-ਜਾਚ ਦੇ ਪੰਧਾਊਆਂ ਲਈ, ਪਰਉਪਕਾਰ ਤੇ ਸਵੈ-ਰੱਖਿਆ ਨੂੰ ਮੁਖ ਰਖਦਿਆਂ ਸ਼ਸਤ੍ਰਬੱਧ ਤੇ ਤਿਆਰ-ਬਰਤਿਆਰ ਰਹਿਣਾ ਵੀ ਜ਼ਰੂਰੀ ਦਸਿਆ। ਸ਼ਸਤਰ ਦੀ ਲੋੜ ਤੇ ਮਹੱਤਤਾ ਦਾ ਜ਼ਿਕਰ ਕਰਦਿਆਂ ਤਾਂ ਦਸਮੇਸ਼ ਨੇ ਫਿਰ ਇਥੋਂ ਤਕ ਆਖ ਦਿੱਤਾ :

ਅਸਿ, ਕ੍ਰਿਪਾਨ, ਖੰਡੋ, ਖੜਗ,
ਤੁਪਕ, ਤਬਰ, ਅਰ ਤੀਰ ।
ਸੈਫ਼, ਸਰੋਹੀ, ਸੈਹਥੀ,
ਯਹੀ ਹਮਾਰੇ ਪੀਰ[33] ।

ਫਿਰ ਇਹ ਕੁਝ ਤੇ ਇੰਨਾ ਕੁਝ ਆਖ ਕੇ ਵੀ ਬਸ ਨਹੀਂ ਕੀਤੀ। ਅਜਿਹਾ ਵਿਲੱਖਣ ਰੂਪ ਤੇ ਰਹਿਤ ਦੇਣ ਵਾਲੇ "ਮਰਦ ਅਗੰਮੜਾ" ਨੇ ਆਪਣੀ ਮੁਬਾਰਕ 'ਜ਼ਾਤ' ਨੂੰ ਆਪੇ ਪੈਦਾ ਕੀਤੀ ਇਸ ਅਨੂਠੀ 'ਜਮਾਤ' ਵਿਚ ਅਭੇਦ ਕਰਦਿਆਂ,



Sri Satguru Jagjit Singh Ji eLibrary NamdhariElibrary@gmail.com

ਇਹ ਵੀ ਸਪੱਸ਼ਟ ਕਰ ਦਿੱਤਾ ਸੀ ਕਿ ਜੋ ਕੋਈ ਜਦੋਂ ਵੀ ਇਸ ਉਤੇ ਸੱਚੇ ਦਿਲੋਂ ਅਮਲ ਕਰੇਗਾ, ਉਹ ਨਾ ਕੇਵਲ ਮੇਰਾ ਸੱਚਾ ਸਿੱਖ ਅਖਵਾਉਣ ਦਾ ਹੀ ਹੱਕਦਾਰ ਹੋਵੇਗਾ, ਸਗੋਂ ਮੈਂ ਉਸ ਨੂੰ ਆਪਣਾ 'ਠਾਕਰ' ਤੇ ਆਪਣੇ ਆਪ ਨੂੰ ਉਸ ਦਾ 'ਚੇਲਾ' ਅਖਵਾਉਣ ਵਿਚ ਵੀ ਮਾਣ ਮਹਿਸੂਸ ਕਰਾਂਗਾ :

ਰਹਿਣੀ ਰਹੈ, ਸੋਈ ਸਿਖ ਮੇਰਾ।
ਉਹ ਠਾਕੁਰ, ਮੈਂ ਉਸ ਕਾ ਚੇਰਾ[34]।

੬

ਇਉਂ ਕਲ-ਮੁਕੱਲੇ ਨੌਜਵਾਨ ਗੁਰੂ ਗੋਬਿਦ ਸਿੰਘ ਨੇ ਸੰਨ ੧੬੯੯ ਦੀ ੩੦ ਮਾਰਚ ਨੂੰ ਸ਼ਿਵਾਲਕ ਦੀ ਰਮਣੀਕ ਗੋਦੀ ਵਿਚ, ਅਜਿਹੀ ਰਹਿਣੀ-ਬਹਿਣੀ ਵਾਲੇ ਸੰਤ-ਸਿਪਾਹੀਆਂ ਦੀ ਇਕ ਅਜਿਹੀ ਕੌਮ ਤਿਆਰ ਕਰ ਦਿੱਤੀ ਜੋ ਤਨ ਤੇ ਮਨ ਕਰਕੇ ਇਕ-ਸੁਰ ਸੀ, ਜੋ ਖ਼ਿਆਲੀ ਤੇ ਅਮਲੀ ਤੌਰ ਤੇ ਇਕ-ਮੁਠ ਸੀ, ਅਤੇ ਜੋ ਆਪਣੇ ਸੰਚਾਲਕ ਨਾਲ ਵੀ ਆਤਮਕ ਤੇ ਸਰੀਰਕ ਤੌਰ ਤੇ ਇਕ-ਮਿਕ ਸੀ।

ਇਸੇ ਦੀ ਸਹਾਇਤਾ ਨਾਲ "ਆਪੇ-ਗੁਰ-ਚੇਲਾ" ਅਖਵਾਉਣ ਵਾਲੇ ਗੁਰੂ ਗੋਬਿੰਦ ਸਿੰਘ ਨੇ ਬਦੇਸ਼ੀ ਰਾਜ ਦਾ ਜਬਰ ਉਖਾੜਨ ਤੇ ਦੇਸੀ ਸਮਾਜ ਦੀ ਨੀਂਦ ਉਘਾੜਨ ਲਈ ਵਧੇਰੇ ਉਤੇਜਿਤ ਤੇ ਉਤਸ਼ਾਹਿਤ ਹੋ ਕੇ ਆਪਣਾ ਲੱਕ ਬੰਨ੍ਹ ਲਿਆ ਸੀ। ਹਿੰਦੁਸਤਾਨ ਦੀ ਵਿਅਕਤਕ, ਸਮਾਜਿਕ, ਮਾਨਸਿਕ, ਆਰਥਿਕ, ਸਭਿਆਚਾਰਕ ਤੇ ਰਾਜਨੀਤਕ, ਅਰਥਾਤ ਹਰ ਪਰਕਾਰ ਦੀ, ਗੁਲਾਮੀ ਨੂੰ ਹਟਾਉਣ ਦਾ ਬੀੜਾ ਚੁਕ ਲਿਆ ਸੀ।

ਇਸ ਐਲਾਨ ਤੇ ਉਤੇਜਨਾ ਦਾ ਨਤੀਜਾ ਇਹ ਨਿਕਲਿਆ ਕਿ ਕਈ ਪੀੜ੍ਹੀਆਂ ਤੋਂ ਲਿਤੜੀਂਦੇ ਜਨ-ਸਾਧਾਰਨ ਵਿਚ ਇਕ ਇਨਕਲਾਬੀ ਪਲਟਾ ਆ ਗਿਆ। ਖੰਡੇ ਦੇ ਅੰਮ੍ਰਿਤ ਨੇ ਉਨ੍ਹਾਂ ਵਿਚ ਕੋਈ ਗੈਬੀ ਤੇ ਅਦੁੱਤੀ ਜਹੀ ਸ਼ਕਤੀ ਭਰ ਦਿੱਤੀ। "ਬਾਦਸ਼ਾਹ ਦਰਵੇਸ਼" ਦੀ ਸਿਖਿਆ ਤੇ ਸੰਦੇਸ਼ ਨੇ ਉਨ੍ਹਾਂ ਦੇ ਸੁਭਾਅ, ਧਰਮ, ਕਰਮ ਤੇ ਆਚਰਨ ਬਦਲ ਕ, ਖ਼ੱਤਰੀ ਤੇ ਬ੍ਰਾਹਮਣ ਦੀ ਮੁਥਾਜੀ ਹਟਾ ਕੇ, ਜੀਣ-ਮਰਨ ਦੀ ਜਾਚ ਸਿਖਾ ਕੇ, ਉਨ੍ਹਾਂ ਨੂੰ ਅਜਿਹੇ ਸੁਤੰਤਰ ਤੇ ਸੰਪੂਰਨ ਮਨੁਖ (The 'whole' and the 'all free' men) ਬਣਾ ਦਿੱਤਾ ਸੀ ਕਿ ਹੁਣ ਉਹ ਵੀ "ਮੌਤ ਨਾਲ ਮਖੌਲਾਂ" ਕਰਨ ਅਤੇ ਦਾਨਵ ਸ਼ਕਤੀਆਂ ਨਾਲ ਲੋਹਾ ਲੈਣ ਲਈ ਉਤਸ਼ਾਹਿਤ ਹੋ ਗਏ ਸਨ। ਪ੍ਰਭੂ ਦੀ ਕਿਰਪਾ ਤੇ ਗੁਰੂ ਦੀ ਮਿਹਰ ਸਦਕੇ, ਉਨ੍ਹਾਂ ਵਿਚੋਂ ਇਕ-ਇਕ ਯੋਧਾ ਸਵਾ-ਸਵਾ ਲੱਖ ਨਾਲ ਟੱਕਰ ਲੈਣ ਦੇ ਸਮਰੱਥ ਹੋ ਗਿਆ ਸੀ। ਉਨ੍ਹਾਂ ਨੇ ਬਾਹਰਲੇ ਤਾਂ ਕੀ, ਅੰਦਰਲੇ ਵੈਰੀਆਂ ਨੂੰ ਵੀ ਕਾਬੂ ਵਿਚ ਰਖਣ ਲਈ 'ਕਾਮ' ਨੂੰ ਗ੍ਰਿਹਸਥ, 'ਕਰੋਧ' ਨੂੰ ਬੀਰਤਾ, 'ਲੋਭ' ਨੂੰ ਕਿਰਤ, 'ਮੋਹ' ਨੂੰ ਉਪਕਾਰ ਤੇ 'ਹੰਕਾਰ' ਨੂੰ ਸਵੈ-ਮਾਨ ਵਿਚ ਢਾਲ ਲਿਆ ਸੀ।

ਇਉਂ ਉਹ ਆਤਮਕ ਅਤੇ ਸਰੀਰਕ ਤੌਰ ਤੇ ਤਿਆਰ-ਬਰ-ਤਿਆਰ ਹੋ ਕੇ, ਮਾਨਵ ਪਿਆਰ, ਪਰਉਪਕਾਰ ਅਤੇ ਸਵੈ-ਤਿਆਗ ਦਾ ਆਦਰਸ਼ ਲੈ ਕੇ, ਗੁਰੂ ਤੇਗ ਬਹਾਦਰ ਸਾਹਿਬ ਦੀ ਭਵਿੱਖ ਬਾਣੀ ਨੂੰ ਸਚਿਆਉਣ, ਉਨ੍ਹਾਂ ਦੇ 'ਅਨਾਥ' (ਸੰਸਾਰਕ ਸ਼ਬਦ-ਸੰਕੇਤ ਅਨੁਸਾਰ) ਬੱਚੇ ਦਾ ਪ੍ਰਣ ਨਿਭਾਉਣ, ਦੇਸ਼ ਦੀਆਂ ਬਦੀਆ ਤੇ ਬੰਦਸ਼ਾਂ ਹਟਾਉਣ, ਜ਼ਾਲਮ ਰਾਜ-ਕਾਜ ਨੂੰ ਮਾਰ-ਮੁਕਾਉਣ ਅਤੇ ਨਵਾਂ ਤੇ ਨਰੋਆ ਸਮਾਜ ਉਪਜਾਉਣ ਲਈ, ਉਸ "ਮਰਦ ਅਗੰਮੜੇ" ਦੀ ਕਮਾਨ ਹੇਠ ਜੁੜ ਗਏ ਸਨ ਜਿਸ ਨੂੰ ਉੱਘੇ ਸਮਕਾਲੀ ਵਿਦਵਾਨ, ਭਾਈ ਨੰਦ ਲਾਲ ਜੀ ਨੇ 'ਸਰਬ ਕਲਾ ਸਮਰਥ' ਤੇ 'ਨਿਓਟਿਆਂ ਦੀ ਓਟ' ਦਸਦਿਆਂ ਲਿਖਿਆ ਸੀ :

ਕਾਦਰੇ ਹਰਕਾਰ ਗੁਰੂ ਗੋਬਿੰਦ ਸਿੰਘ,
ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ।[35]

ਮੁਗਲੀਆ ਸਰਕਾਰ ਨੇ ਉਨ੍ਹਾਂ ਦੇ ਇਸ ਪ੍ਰੋਗਰਾਮ ਨੂੰ ਧਰੋਹ ਤੇ ਬਗ਼ਾਵਤ ਸਮਝਿਆ, ਦੇਸੀ ਰਜਵਾੜਿਆਂ ਨੇ ਇਸ ਵਾਰ ਆਪਣੇ ਵਕਾਰ ਤੇ ਰਾਜ-ਭਾਗ ਦਾ ਅੰਤ ਮਹਿਸੂਸ ਕੀਤਾ ਅਤੇ ਧਰਮ ਤੇ ਸਮਾਜ ਨੂੰ ਆਪਣੇ ਪਿੱਸੂ ਪੈ ਗਏ। ਖਿੱਚਾ-ਖਿੱਚੀ ਤੇ ਮੁੱਠ-ਭੇੜ ਤੇਜ਼ ਹੋ ਗਈ। ਭਿਆਨਕ ਲੜਾਈਆਂ ਦਾ ਸਿਲਸਲਾ ਆਰੰਭ ਹੋ ਗਿਆ। ਗੁਰੂਦੇਵ ਤੇ ਉਨ੍ਹਾਂ ਦੇ ਸਿਰਲੱਥ ਸੰਤ-ਸਿਪਾਹੀਆਂ ਨੇ ਡਟ ਕੇ ਮੁਕਾਬਲੇ ਕੀਤੇ। ਪਿੱਠ ਨਾ ਵਿਖਾਈ, ਈਨ ਨਾ ਮੰਨੀ ਅਤੇ ਭਰਪੂਰ ਚੜ੍ਹਦੀ ਕਲਾ ਵਿਚ ਜੂਝਦੇ ਰਹੇ ਤੇ ਆਪਣੀਆਂ ਮੰਜ਼ਲਾਂ, ਹੇਠ-ਲਿਖੇ ਅਨੁਸਾਰ ਤੈਅ ਕਰਦੇ ਤੇ ਫ਼ਤਿਹ ਦੇ ਦਮਾਮੇ ਵਜਾਂਦੇ ਰਹੇ :

ਇਸ ਤਰ੍ਹਾਂ ਸੇ ਤੈਅ ਕੀ ਹਮ ਨੇ ਮੰਜ਼ਲੇਂ,
ਗਿਰ ਪੜੇ, ਗਿਰ ਕਰ ਉਠੇ, ਫਿਰ ਚਲ ਦੀਏ।

੭

੧੬੯੯ ਦੀ ਉਸ ਮੁਬਾਰਕ ਤੇ ਇਤਿਹਾਸਕ ਵਸਾਖੀ ਵਾਲੇ ਦਿਨ ਤਿਆਰ ਕੀਤੇ ਗਏ ਅਜਿਹੇ ਸੰਤ-ਸਿਪਾਹੀਆਂ



Sri Satguru Jagjit Singh Ji eLibrary NamdhariElibrary@gmail.com

ਦਾ ਪੰਥਕ ਕਾਫ਼ਲਾ ਅਜੇ ਤਕ ਉਸੇ ਤਰ੍ਹਾਂ ਤੁਰ ਰਿਹਾ ਹੈ, ਉਸੇ ਚਾਲੇ ਚਲ ਰਿਹਾ ਹੈ। ਜਿਉਂ ਜਿਉਂ ਸਮਾਂ ਬੀਤਦਾ ਜਾਏਗਾ, ਉਸ ਦੀ ਇਹ ਚਾਲ ਛਾਲੀਂ ਵਧਦੀ ਜਾਏਗੀ। ਇਹ ਤਾਂ ਕੇਵਲ ਵਧਦੀ ਹੀ ਨਹੀਂ, ਫੁੱਲਦੀ ਤੇ ਫਲਦੀ ਵੀ ਰਹੇਗੀ ਜੇ ਉਹ ਆਪਣੇ ਮਹਾਨ ਤੇ ਪਾਵਨ ਪਥ-ਪਰਦਰਸ਼ਕ ਦੀ ਹੇਠ ਲਿਖੀ ਸ਼ਰਤ ਤੇ ਇਕਰਾਰ ਨੂੰ ਮੁਖ ਰਖਦਿਆਂ, ਉਨ੍ਹਾਂ ਦੇ ਬਖ਼ਸ਼ੇ ਹੋਏ ਨਿਆਰੇ ਸਰੂਪ ਅਤੇ ਉਸ ਸਹਿਤ ਸਿੰਜਰੀ ਹੋਈ ਸਿੱਖਿਆ ਤੇ ਸਪਿਰਿਟ ਦਾ ਧਾਰਨੀ ਬਣਿਆ ਰਹੇਗਾ :

ਜਬਲਗ ਖਾਲਸਾ ਰਹੇ ਨਿਆਰਾ,
ਤਬ ਲਗ ਤੇਜ ਦੀਓ ਮੈਂ ਸਾਰਾ।[36]

ਇਹ ਉਹੀ ਅਦੁਤੀ ਤੇ ਅਨੂਠੀ ਸਪਿਰਿਟ ਹੈ ਜਿਸ ਨੂੰ ਧਾਰੇ ਰਖਣ ਅਤੇ ਨਿਭਾਉਣ ਵਿਚ ਹੀ ਖ਼ਾਲਸੇ ਦੇ ਪਾਵਨ ਜਨਮ ਅਤੇ ਖਾਲਸਾ ਪੰਥ ਦੀ ਚਮਤਕਾਰੀ ਸਾਜਣਾ ਵਿਦਮਾਨ ਹੈ, ਜਿਸ ਨੂੰ ਮਗਰੋਂ ਇਉਂ ਕਹਿ ਕੇ ਨਿਰੂਪਿਆ ਤੇ ਸਨਮਾਨਿਆ ਗਿਆ ਸੀ :

ਖਾਲਸਾ ਅਕਾਲਪੁਰਖ ਕੀ ਫੌਜ,
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ।[37]

ਉਪਰੋਕਤ ਅਦੁਤੀ ਘਟਨਾ ਤੇ ਅਨੂਠੇ ਕੌਤਕ ਸਦਕੇ, ਉਸ ਵਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਜੋ ਕੁਝ ਵਾਪਰਿਆ ਅਤੇ ਉਸ ਦੇ ਜੋ ਜੁਗ-ਪਲਟਾਊ ਨਤੀਜੇ ਨਿਕਲੇ, ਉਨ੍ਹਾਂ ਵਿਚੋਂ ਕੇਵਲ ਇਕ ਦਾ ਜ਼ਿਕਰ ਕਰਦਿਆਂ, ਸਿੱਖ ਧਰਮ ਦੇ ਸਭ ਤੋਂ ਪਹਿਲੇ ਪੱਛਮੀ ਇਤਿਹਾਸਕਾਰ, ਕੈਪਟਨ ਜੋਜ਼ਫ ਡੀ. ਕਨਿੰਘਮ ਨੇ ਉਸ ਤੋਂ ਡੇਢ ਸੌ ਸਾਲ ਬਾਅਦ ਇਹ ਜੋ ਲਿਖਿਆ ਤੇ ਸੰਨ ੧੮੪੯ ਵਿਚ ਪਰਕਾਸ਼ਤ ਕੀਤਾ ਸੀ, ਇਸ ਵਿਚ ਵੀ ਕੋਈ ਅਤਿਕਥਨੀ ਨਹੀ :

"ਸਮੂਹ ਸਿੱਖ ਕੌਮ ਵਿਚ ਇਕ ਸਜੀਵ ਜਹੀ ਰੂਹ ਸਿੰਜਰੀ ਹੋਈ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛਾਪ ਨੇ ਉਨ੍ਹਾਂ (ਭਾਵ ਗੁਰਸਿੱਖਾਂ) ਦੇ ਮਨਾਂ ਦੀ ਕੇਵਲ ਬਣਤ ਨੂੰ ਹੀ ਨਹੀਂ ਵਟਾਇਆ ਤੇ ਉਚਿਆਇਆ, ਸਗੋਂ ਉਨ੍ਹਾਂ ਨੂੰ ਬੜੇ ਸਥੂਲ ਤੌਰ ਤੇ ਉਭਾਰਿਆ ਵੀ ਹੈ ਅਤੇ ਉਨ੍ਹਾਂ ਦੇ ਸਰੀਰਕ ਢਾਂਚੇ ਨੂੰ ਵਿਸਤਾਰ ਤੇ ਵਡਿੱਤਣ ਵੀ ਬਖ਼ਸ਼ੀ ਹੈ। ਅਸਲ ਵਿਚ ਸਮੁਚੀ ਕੌਮ ਦਾ ਚਿਹਰਾ-ਮੁਹਰਾ ਤੇ ਰੰਗ-ਰੂਪ ਹੀ ਬਦਲਾਅ ਦਿਤਾ ਗਿਆ ਹੈ।...ਅਜਿਹੀਆਂ ਪਰਤੱਖ ਤਬਦੀਲੀਆਂ ਦੇ ਬਾਵਜੂਦ ਸ਼ਿੱਖਾਂ ਨੂੰ ਅਸਲੋਂ 'ਹਿੰਦੂ' ਹੀ ਸਮਝੇ ਜਾਣ ਦਾ ਰਿਵਾਜ ਜਿਹਾ ਪਿਆ ਰਿਹਾ ਹੈ।...ਪਰ ਧਾਰਮਕ ਨਿਸਚੇ ਅਤੇ ਸੰਸਾਰਕ ਭਾਵਨਾ ਵਿਚ ਉਹ ਬਾਕੀ ਸਭ ਹਿੰਦੁਸਤਾਨੀਆਂ ਤੋਂ ਸੰਪੂਰਨ ਤੌਰ ਤੇ ਭਿੰਨ ਹਨ। ਉਹ ਇਕ ਅਜਿਹੇ ਅੰਤਰਮੁਖੀ ਜਜ਼ਬੇ ਤੇ ਬਾਹਰਮੁਖੀ ਮੰਤਵ ਦੀ ਸਾਂਝ ਨਾਲ ਬਝੇ ਹੋਏ ਹਨ ਜੋ ਹੋਰ ਕਿਤੇ ਵੀ ਕਿਸੇ ਨੂੰ ਪਤਾ ਨਹੀਂ।"[38]

ਸਿੱਖ ਧਰਮ ਦੇ ਪਰਵੇਸ਼ ਅਤੇ ਖਾਲਸੇ ਦੀ ਸਾਜਣਾ ਨਾਲ ਆਈ ਅਜਿਹੀ ਮਾਨਸਕ ਤੇ ਸਰੀਰਕ ਤਬਦੀਲੀ ਅਤੇ ਅਜਿਹੀ ਉਤਮ ਤੇ ਵਿਲੱਖਣ ਉਪਜ ਦੀ ਸਾਖ, ਇਸ ਤੋਂ ਪਹਿਲਾਂ, ਕਰਨਲ ਮੈਲਕਮ[3] ਤੇ ਸਰ ਅਲੈਗਜ਼ੈਂਡਰ[40] ਆਦਿ ਬਦੇਸੀ ਇਤਿਹਾਸਕਾਰ ਵੀ, ਆਪੋ-ਆਪਣੀਆਂ ਕਿਰਤਾਂ ਵਿਚ ਭਰ ਚੁਕੇ ਸਨ।

ਤਿੰਨ ਸੌ ਵਰ੍ਹਿਆਂ ਬਾਅਦ, ੧੯੯੯ ਨੂੰ ਆ ਰਹੀ ਉਹ ਚਮਤਕਾਰੀ ਵਸਾਖੀ ਖਾਲਸਾ ਪੰਥ ਨੂੰ ਉਸ ਨਿਆਰੇ ਸਰੂਪ ਅਤੇ ਅਦੁਤੀ ਸਪਿਰਿਟ ਨੂੰ ਬਰਕਰਾਰ ਰਖ਼ਣ ਵਾਸਤੇ ਲੁੜੀਂਦੇ ਬਾਨ੍ਹਣੂੰ ਬੰਨ੍ਹਣ ਲਈ ਵੰਗਾਰ ਤੇ ਲਲਕਾਰ ਰਹੀ ਹੈ, ਜਿਸ ਦੇ ਸਸੇ ਤੇ ਸਥਿਤੀ ਨੂੰ ਸਾਕਾਰਨ ਵਾਲੇ ਭਾਈ ਗੁਰਦਾਸ ਸਿੰਘ ਨੇ ਆਪਣੀ ਮਹਾਨ ਵਾਰ ਵਿਚ ਇਉਂ ਕਲਮਬੰਦ ਕੀਤਾ ਹੋਇਆ ਹੈ :

ਗੁਰਬਰ ਅਕਾਲ ਕੇ ਹੁਕਮ ਸੋਂ, ਉਪਜਿਓ ਬਿਗਿਆਨਾ।
ਤਬ ਸਹਿਜੇ ਰਚਿਓ ਖਾਲਸਾ, ਸਾਬਤ ਮਰਦਾਨਾ।
ਇਉਂ ਉਠੇ ਸਿੰਘ ਭਭਕਾਰ ਕੇ, ਸਭ ਜਗ ਡਰਪਾਨਾ।
ਜਿਨ ਗੋਬਿੰਦ ਕੇ ਹੁਕਮ ਸੋਂ, ਗਹਿ ਖੜਗ ਦਿਖਾਨਾ।
ਤਿਹ ਸਭ ਦੁਸਟਨ ਕਉ ਛੇਦ ਕੈ, ਅਕਾਲ ਜਪਾਨਾ।...
ਇਉਂ ਤੀਸਰ ਪੰਥ ਰਚਾਇਨ, ਵਡ ਸੂਰ ਗਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ।[41]

ਅਜਿਹੇ ਸਰੂਪ ਤੇ ਸਪਿਰਿਟ ਦੀ ਕਾਇਮੀ-ਦਾਇਮੀ ਵਿਚ ਹੀ, ਮੇਰੀ ਜਾਚੇ, ਸਿੱਖ ਧਰਮ ਤੇ ਖਾਲਸਾ ਪੰਥ ਦੀ ਬਰਕਰਾਰੀ, ਸਦ-ਬਹਾਰੀ ਅਤੇ ਚੜ੍ਹਦੀ ਕਲਾ ਨਿਰਭਰ ਹੈ।

---


1. ਚਾਤ੍ਰਿਕ, ਲਾ. ਧਨੀ ਰਾਮ, 'ਕੇਸਰ ਕਿਆਰੀ', ਅੰਮ੍ਰਿਤਸਰ-੧੯੪੦, 'ਵਿਸਾਖੀ ਦਾ ਮੇਲਾ'।
2. ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਸੰਕਲਿਤ ਤੇ ਸੰਪਾਦਿਤ, 'ਸ੍ਰੀ ਗੁਰੂ ਗ੍ਰੰਥ ਸਾਹਿਬ', ਅੰਮ੍ਰਿਤਸਰ ੧੬੦੪ ਈ., ਰਾਗ ਆਸਾ, ਪੰਨਾ ੩੬੦।





Sri Satguru Jagjit Singh Ji eLibrary NamdhariElibrary@gmail.com

3. ਉਕਤ, ਸਲੋਕ ਮਹਲੇ ਨੌਵੇਂ ਕੇ, ਨੰ: ੫੬, ਪੰਨਾ ੧੪੨੯।

4. ਸੰਤੋਖ ਸਿੰਘ, ਭਾਈ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਕੇਥਲ-੧੮੪੩, ਰੁੱਤ ੧, ਅੰਕ ੭, ਗ੍ਰੰਥਾਵਲੀ, ਜਿਲਦ ੧, ਪੰਨਾ ੪੫੨੩।

5. ਸੱਯਦ ਮੁਹੰਮਦ ਲਤੀਫ਼ ਅਤੇ ਪ੍ਰਿੰ. ਤੇਜਾ ਸਿੰਘ ਤੇ ਡਾ. ਗੰਡਾ ਸਿੰਘ ਅਨੁਸਾਰ, ਉਨ੍ਹਾਂ ਦੀ ਗਿਣਤੀ ੮੦ ਕੁ ਹਜ਼ਾਰ ਸੀ। ਵੇਖੋ : Latif, Syed Mohammad. History of the Punjab from the remotest anticuity to the present time. Calcutta-1891, P. 263. Teja Singh, Prin, & Ganda Singh Dr,, A Short History of the Sikhs. Bombay-1950, P. 69

6. ੬ ਤੋਂ ੮ ਲਈ ਵੇਖੋ, ਗੁਰਦਾਸ ਸਿੰਘ, ਭਾਈ, ਰਾਮਕਲੀ ਵਾਰ ਪਾਤਿਸ਼ਾਹੀ ਦਸਵੇਂ ਕੀ, ਪਉੜੀ ਨੰ: ੧

9. ਅਹਿਮਦ ਸ਼ਾਹ ਬਟਾਲੀਆ, ਤਵਾਰੀਖੇ ਹਿੰਦ, ਬਟਾਲਾ-੧੮੧੮, ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਸੁਰੱਖਿਅਤ ਹੱਥ-ਲਿਖਤ ਨੰ. SHR/੧੨੯੧, ਪੰਨਾ ੫੭੬-੭੭, ਗੁਲਾਮ ਮੁਹੱਈ-ਉ-ਦੀਨ (ਬੂਟੇ ਸ਼ਾਹ), ਤਵਾਰੀਖ਼ੇ ਪੰਜਾਬ, ਲੁਧਿਆਣਾ-੧੮੪੮ ਈ, ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਸੁਰੱਖਿਅਤ ਹੱਥ-ਲਿਖਤ ਨੰ: SHR/1238, P. 404-406, Macauliffe, M.A., The Sikh Religion, Its Gurus, Sacred writings and Authors, Oxford-1909, P. 93-94.

10. ਗੁਰਦਾਸ ਸਿੰਘ, ਵਾਰ ਪਾਤਸ਼ਾਹੀ ਦਸਵੇਂ ਕੀ, ਉਹੀ, ਪਉੜੀ ਨੰ. ੧੫।

11. ਗਿ. ਪਰਤਾਪ ਸਿੰਘ ਅਨੁਸਾਰ, ਨਾਭੇ ਪਈ ਹੋਈ ਦਸਮ ਗ੍ਰੰਥ ਸਾਹਿਬ ਦੀ ਇਕ ਪੁਰਾਤਨ ਬੀੜ ਦੀ ਅੰਤਿਕਾ ਵਿਚੋਂ (ਗੁਰਮਤਿ ਫਿਲਾਸਫ਼ੀ, ਅੰਮ੍ਰਿਤਸਰ-੧੯੪੬, ਪੰ. ) ਅਤੇ ਡਾ. ਗੰਡਾ ਸਿੰਘ ਅਨੁਸਾਰ, 'ਸਰਬ ਲੋਹ ਗ੍ਰੰਥ' ਦੀ ਇਕ ਹੱਥ-ਲਿਖਤ ਬੀੜ ਵਿਚੋਂ (ਮਾਖ਼ਜ਼ੇ ਤਵਾਰੀਖੇ ਸਿੱਖਾਂ, ਜਿਲਦ ਅੱਵਲ, ਅੰਮ੍ਰਿਤਸਰ—੧੯੪੯, ਪੰਨਾ ੮੯)

12. ਰਾਤ ਦਿਨ। 13. ਥੋੜ੍ਹਾ ਜਿਹਾ।

14. ਕਬਰ। 15. ਮੱਠ

16. ਹਿਰਦੇ ਵਿਚ।

17. ਬਿਲਕੁਲ ਖਾਲਸ, ਅਸਲੋਂ ਸ਼ੁੱਧ।

18. ਭਾਈ ਮਨੀ ਸਿੰਘ ਸ਼ਹੀਦ ਵਲੋਂ ਸੰਕਲਿਤ ਤੇ ਸੰਪਾਦਿਤ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਸੰਚਿਤ ੩੩ ਸਵੱਯ, ਸਵੱਈਆ ਨੰ. ੧੧।

19. ਬਨ ਵਰਗਾ। 20. ਘਰ।

21. ਇਸ਼ਨਾਨ। 22. ਨਹੁੰ।

23. ਭਸਮ, ਸੁਆਹ। 24. ਥੋੜ੍ਹੀ ਖੁਰਾਕ।

25. ਬਹੁਤ ਥੋੜੀ ਨੀਂਦ। 26. ਖਿਮਾ।

27. ਨਿਭਾਓ। 28. ਹੋਵੇ।

29. ਤਿੰਨਾਂ ਗੁਣਾਂ (ਰਜੋ, ਤਮੋ, ਸਤੋ) ਤੋਂ।

30. ਨਿਆਰੇ, ਅਨੋਖੇ। 31. ਨੂੰ।

32. ਸ੍ਰੀ ਦਸਮ ਗ੍ਰੰਥ ਸਾਹਿਬ, ਉਹੀ, ਵਿਚ ਸੰਚਿਤ ਸਬਦ ਹਜ਼ਾਰੇ ਪਾਤਸ਼ਾਹੀ ੧੦, ਰਾਗੁ ਰਾਮਕਲੀ, ਸ਼ਬਦ ਨੰ. ੧।

33. ਉਕਤ, ਸ਼ਸਤਰਨਾਮ ਮਾਲਾ, ਬੰਦ ਨੰ. ੩।

34. ਦੇਸਾ ਸਿੰਘ, ਭਾਈ, ਰਹਿਤਨਾਮਾ, ਅੰਤਲੀਆਂ ਤੁਕਾਂ।

35. ਨੰਦ ਲਾਲ ਭਾਈ, ਤੌਸੀਫ਼ੋ ਸਨਾਅ, ਸਲਤਨੱਤ ਦਸਮ (ਦਸਵੀਂ ਪਾਤਸ਼ਾਹੀ)।

37. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੁਭ ਨਾਂ ਨਾਲ ਸਬੰਧਿਤ, 'ਸ੍ਰੀ ਸਰਬ ਲੋਹ ਗ੍ਰੰਥ' ਵਿਚ ਸੰਚਿਤ 'ਖਾਲਸੇ ਦੀ ਮਹਿਮਾ', । ਬੁੱਢਾ ਦਲ ਵਲੋਂ ਪ੍ਰਕਾਸ਼ਤ ਸਟਿਪਿਤ ਛਾਪ, ਆਨੰਦਪੁਰ—੧੯ ੦ (ਲਥ.), ਭਾਗ ਤੀਜਾ, ਬਿਸ਼ਨਪਦ, ਪੰਨਾ ੫੩੨।

38 Cunningham, Capt. Joseph D., A History of the Sikhs from the origin of the Nation to the Battle of Sutlej, London—1849, Delhi ed.—1966, p,

39. Malcolm, Lt Col., Sketch of the Sikhs, A Singular Nation who Inhabits the Province of Punjab, London—1812, P. 129.

40. Burnes Sir Alexander, Travels into Bukhara, London—1834, Vol. I, P. 285, Vol. II, P. 99.

41. ਭਾਈ ਗੁਰਦਾਸ ਸਿੰਘ, ਰਾਮਕਲੀ ਵਾਰ ਪਾਤਸ਼ਾਹੀ ਦਸਵੇਂ ਕੀ, ਪਉੜੀ ਨੰ: ੧੬।

੬੦੫, ਸੈਕਟਰ ੧੬, ਚੰਡੀਗੜ੍ਹ।



Sri Satguru Jagjit Singh Ji eLibrary NamdhariElibrary@gmail.com

ਪੁਸਤਕ ਚਰਚਾ

# ਵਰ੍ਹੇਵਾਰ ਸਾਹਿਤ ੧੯੯੭

## (ਪੂਰੀ ਦੁਨੀਆ ਵਿਚ ਰਚੇ ਜਾਂਦੇ ਪੰਜਾਬੀ ਅਦਬ ਦੀ ਚੋਣ)

ਐਡੀਟਰ : ਇਲਿਆਸ ਘੁੰਮਣ

ਪਤਾ : ਸਰਦਾਰ ਕਲੀਨਿਕ, ਅਮੀਰ ਰੋਡ, ਲਾਹੌਰ (ਪਾਕਿਸਤਾਨ)

ਸਾਈਜ਼ : ੧੧"×੮"   ਸਫ਼ੇ : ੭੨੨

ਮੁੱਲ : ਪੰਜ ਸੌ ਰੁਪਏ

'ਵਰ੍ਹੇਵਾਰ ਸਾਹਿਤ ੧੯੯੭' ਲਹਿੰਦੇ ਪੰਜਾਬ ਵਿਚੋਂ ਸ਼ਾਇਆ ਹੋ ਰਹੇ ਇਸ ਸ਼ੁਮਾਰੇ ਦਾ ਤੀਸਰਾ ਅੰਕ ਹੈ ਜੋ ਕੁੱਲ ਦੁਨੀਆ ਵਿਚ ਰਚੇ ਜਾ ਰਹੇ ਪੰਜਾਬੀ ਅਦਬ ਦਾ ਚੋਣਵਾਂ ਸਕੰਲਨ ਹੈ ਇਸ ਅੰਕ ਦੀ ਬਿਸਮਿੱਲ੍ਹਾ ਅੰਮ੍ਰਿਤਾ ਪ੍ਰੀਤਮ ਦੇ ਇਸ ਕਲਾਮ ਨਾਲ ਹੋਈ ਹੈ :

ਮੈਂ ਘੜੀ ਕੁ...ਅਸਮਾਨ ਨੂੰ ਮਿਲਣਾ ਸੀ
ਪਰ ਘਾਬਰੀ ਖਲੋਤੀ ਸਾਂ
ਕਿ ਬੱਦਲਾਂ ਦੀ ਭੀੜ ਵਿਚੋਂ ਕਿਵੇਂ ਲੰਘਾਂਗੀ...
(ਮੁਲਾਕਾਤ)

ਇਸ ਅੰਕ ਨੂੰ ਵਿਚਾਰ ਲੇਖ, ਹਿਰਖ ਲੇਖ, ਸਫ਼ਰਨਾਮੇ-ਮੁਲਾਕਾਤ, ਨਾਟਕ, ਜੀਵਨੀ, ਕਹਾਣੀਆਂ (ਵੰਡ ਬਾਬਤ ਕਹਾਣੀਆਂ, ਹੋਰ ਕਹਾਣੀਆਂ, ਮਿੰਨੀ ਕਹਾਣੀਆਂ, ਦੂਜੀਆਂ ਬੋਲੀਆਂ ਦੀਆਂ ਕਹਾਣੀਆ), ਨਾਵਲ, ਤਰਜੁਮਾ ਨਾਵਲ, ਬੋਲੀ ਤੇ ਰਹਿਤਲ, ਥਾਂ-ਪੁਰਾਣੀਆਂ ਬਸਤੀਆਂ ਤੇ ਪੰਜਾਬ, ਪੰਜਾਬੀ ਪਰਚਾਕਾਰੀ, ਕੋਮਲ ਲੇਖ, ਖੋਜ ਲੇਖ, ਕਲਾਸਿਕ ਉੱਤੇ ਝਾਤ, ਕਿਤਾਬ-ਝਾਤ ਪਰਖ ਲੇਖ, ਤਜ਼ਕਰੇ, ਹਮਦਾਂ, ਨਾਅਤਾਂ, ਗ਼ਜ਼ਲ-ਰੰਗ, ਨਜ਼ਮ ਰੰਗ, ਚੜ੍ਹਦਾ ਪੰਜਾਬ (ਸ਼ਾਇਰੀ), ਪਰਵਾਸੀਆਂ ਦੀ ਸ਼ਾਇਰੀ, ਦੂਜੀਆਂ ਬੋਲੀਆਂ ਦੀ ਸ਼ਾਇਰੀ, ਮਾਖੌਲੀਆ ਸ਼ਾਇਰੀ, ਕਾਫ਼ੀਆਂ, ਗੀਤ, ਗ਼ਜ਼ਲਾਂ, ਨਜ਼ਮਾਂ, ਸਾਹਿਤ-ਸੁਨੇਹ, ਤਬਸਰੇ, ਫੁਟਕਲ, ਚਿਤਰ ਵੇਰਵਾ, ਰੇਖਾ ਚਿਤਰ, ਆਦਿ ਕਾਲਮਾਂ ਵਿਚ ਵੰਡਿਆ ਗਿਆ ਹੈ।

ਚੜ੍ਹਦੇ ਪੰਜਾਬ ਵਿਚੋਂ ਸਰਵਸ੍ਰੀ ਅਸਲਮ ਸਾਕਿਬ, ਅਨੂਪ ਵਿਰਕ, ਡਾ. ਐਮ.ਐਸ. ਅੰਮ੍ਰਿਤ, ਬਲਵੀਰ ਪਰਵਾਨਾ, ਬਰਜਿੰਦਰ ਚੌਹਾਨ, ਬਲਵਿੰਦਰ ਰਿਸ਼ੀ, ਪ੍ਰਵੀਨ ਕੁਮਾਰ ਅਸ਼ਕ, ਪ੍ਰੇਮ ਵਾਰਬਟਨੀ, ਤਰਸੇਮ ਸਿੰਘ ਸਫ਼ਰੀ, ਡਾ. ਜਤਿੰਦਰਪਾਲ ਜੌਲੀ, ਡਾ. ਜਗਤਾਰ, ਜੰਗਬਹਾਦਰ ਸਿੰਘ ਘੁੰਮਣ, ਦੇਵ ਰਾਉਕੇ, ਦਵਿੰਦਰ ਬਿਮਰਾ, ਦੇਵਿੰਦਰ ਜੋਸ਼, ਰਾਮ ਸਿੰਘ ਚਾਹਲ, ਸਤਿੰਦਰ ਸਿੰਘ ਨੂਰ, ਸੁਰਜੀਤ ਪਾਤਰ, ਡਾ. ਸਰਬਜੀਤ ਸੰਧਾਂਵਾਲੀਆ, ਪ੍ਰੋ. ਸ਼ੇਰ ਸਿੰਘ ਕੰਵਲ, ਕੁਲਵੰਤ ਜਗਰਾਉਂ, ਕਮਲ ਨੇਤਰ, ਕੰਵਰ ਇਮਤਿਆਜ਼, ਕੰਵਲਜੀਤ ਭੁੱਲਰ, ਪ੍ਰੋ. ਕੇਵਲ ਸਿੰਘ ਪਰਵਾਨਾ, ਗੁਰਬਖ਼ਸ਼ ਸਿੰਘ ਭੰਡਾਲ, ਗੁਰਭਜਨ ਗਿੱਲ, ਗੁਰਚਰਨ ਸਿੰਘ ਤਖ਼ਤਰ, ਡਾ. ਗੁਰਮਿੰਦਰ ਸਿੱਧੂ, ਗੁਲਜ਼ਾਰ, ਲੋਕਰਾਜ, ਮੱਖਣ ਕੁਹਾੜ, ਮਨਜੀਤ ਇੰਦਰਾ, ਮਨਜੀਤ ਟਿਵਾਣਾ, ਮੋਹਨਜੀਤ, ਮਨਜ਼ਰ ਸ਼ੌਕ, ਮੋਹਣ ਕੌਰ, ਨਰਿੰਦਰ ਮਾਣੋ, ਵਿਸ਼ਾਲ ਅਤੇ ਹਰਭਜਨ ਸਿੰਘ ਹੁੰਦਲ ਦੀਆਂ ਕਾਵਿ-ਰਚਨਾਵਾਂ ਇਸ ਅੰਕ ਦਾ ਸ਼ਿੰਗਾਰ ਬਣੀਆਂ ਹਨ।

ਖੋਜ ਲੇਖਾਂ ਵਿਚ ਪੀਰ ਹਾਸ਼ਮਦੀਨ, ਮੌਲਵੀ ਅਬਦੁਲ ਗਫ਼ੂਰ, ਫ਼ਲਕ ਗਫ਼ੂਰ ਅਵਾਨ, ਹਾਫ਼ਿਜ਼ ਨੂਰ ਇਲਾਹੀ, ਪ੍ਰੋ. ਮੁਹੰਮਦ ਰਿਆਜ਼, ਸ਼ਾਹਦ ਅਤੇ ਮਨਸ਼ਾ ਸਲੀਮੀ ਹਿਯਾਤੀ ਬਾਰੇ ਕ੍ਰਮਵਾਰ ਸ੍ਰੀ ਅਰਸ਼ਦ ਮੁਹੰਮਦ ਨਸ਼ਾਦ, ਇਕਬਾਲ ਹੁਸੈਨ, ਮਲਿਕ ਜਾਵੇਦ ਖੰਜੇਰਾ, ਪ੍ਰੋ. ਰਿਆਜ਼ ਸ਼ਾਹਿਦ, ਇਜਾਜ਼ ਤਾਹਿਰ ਨੂਰ ਮੁਹੰਮਦ ਗੁੱਜਰ ਅਤੇ ਨਵੀਦ ਸ਼ਹਿਜਾਦ ਦੇ ਲੇਖ ਸਾਮਿਲ ਹਨ। ਬੁੱਲ੍ਹੇ ਸ਼ਾਹ ਬਾਰੇ ਬਤੂਲ ਜ਼ਾਹਿਰਾ ਅਤੇ ਕਿਤਾਬ ਝਾਤ ਕਾਲਮ ਵਿਚ ਪਰਖ ਪੜਚੋਲ ਦੀ ਪਰਖਚੋਲ ਜੇਹੇ ਗੰਭੀਰ ਵਿਸ਼ੇ ਨੂੰ ਪ੍ਰੋ. ਅਮਜਦ ਅਲੀ ਸ਼ਾਕਿਰ ਨੇ ਛੋਹਿਆ ਹੈ। ਪਾਕਿਸਤਾਨੀ ਪੰਜਾਬੀ ਨਾਵਲ ਵਿਚ ਸ੍ਰੀ ਗੁਲਾਮ ਮੁਸਤਫ਼ਾ ਬਿਮਲ ਨੇ ਗੰਭੀਰ ਮੁੱਦਿਆਂ ਉੱਤੇ ਸੰਵਾਦ ਰਚਾਉਣ ਦਾ ਉਪਰਾਲਾ ਕੀਤਾ ਹੈ।

ਇਸ ਅੰਕ ਵਿਚ ਅਸ਼ਰਫ਼ ਸੁਹੇਲ, ਅਜ਼ਗਰ ਅਲੀ ਜਾਵੇਦ, ਅਫ਼ਜ਼ਲ ਤੌਸੀਫ਼, ਇਲਿਆਸ ਘੁੰਮਣ, ਤਾਰਨ ਗੁਜਰਾਲ, ਤਰਲੋਕ ਮਨਸੂਰ, ਤਲਵਿੰਦਰ ਸਿੰਘ, ਜਸਵੰਤ ਸਿੰਘ ਵਿਰਦੀ, ਰਾਮਸਰੂਪ ਅਣਖੀ, ਸੁਜਾਨ ਸਿੰਘ, ਸੁਖਦੇਵ ਸਿੰਘ ਸ਼ਾਂਤ, ਸੰਤੋਖ ਸਿੰਘ ਧੀਰ, ਸੱਢੀ ਸੁਲਤਾਨ ਸਿੰਘ, ਤਾਰਿਕ ਗੁੱਜਰ, ਆਸ਼ਿਕ ਅਲੀ ਫ਼ੈਸਲ, ਫ਼ਰਖੰਦਾ ਲੋਧੀ, ਫ਼ਰਜ਼ੰਦ ਅਲੀ, ਕੁਲਵੰਤ ਸਿੰਘ ਵਿਰਕ, ਗੁਰਬਚਨ ਸਿੰਘ ਭੁੱਲਰ, ਗੁਲਜ਼ਾਰ ਸਿੰਘ ਸੰਧੂ, ਮੰਜ਼ਿਸਰ ਅਰਾਈਂ, ਮਹਿੰਦਰ ਸਿੰਘ ਸਰਨਾ, ਨਾਨਕ ਸਿੰਘ, ਨਵਤੇਜ ਸਿੰਘ, ਮਾ. ਜਾਵੇਦ, ਅਕਮਲ ਸ਼ਹਿਜ਼ਾਦ, ਘੁੰਮਣ, ਇਮਤਿਆਜ਼ ਹੁਸੈਨ



Sri Satguru Jagjit Singh Ji eLibrary NamdhariElibrary@gmail.com

ਇਮਤਿਆਜ਼, ਅਮਨਪਾਲ ਸਾਰਾ, ਬਲਵੀਰ ਕੌਰ ਸੰਘੇੜਾ, ਪ੍ਰੇਮ ਪ੍ਰਕਾਸ਼, ਜਿੰਦਰ, ਜੋਗਿੰਦਰ, ਸ਼ਮਸ਼ੇਰ, ਹਮੀਦ ਹਾਜੀ, ਖ਼ਾਲਿਦ ਸ਼ੇਖ਼, ਰਾਣਾ ਗੁਲਾਮ ਸਬੀਰ, ਰਸ਼ੀਦ ਅਜਮਦ, ਜ਼ੁਬੈਰ ਅਹਿਮਦ, ਸਲੀਮ ਖ਼ਾਨ ਗਿੰਮੀ, ਸਹਿਰਾਬ ਅਸਲਮ, ਅਜ਼ਰਾ ਵਿਕਾਰ, ਕਰਤਾਰ ਸਿੰਘ ਦੁੱਗਲ, ਕਰਨੈਲ ਸਿੰਘ ਨਿੱਝਰ, ਗੁੱਡੀ ਸਿੱਧੂ, ਡਾ. ਮੋਇਸਨ ਮਘਿਆਣਾ, ਮਿਰਜ਼ਾ ਹਾਮਿਦ ਬੇਗ, ਮੱਖਣ ਮਾਨ, ਮਨਸ਼ਾਜਾਦ ਅਤੇ ਵਾਂਰਆਮ ਸਿੰਘ ਸੰਧੂ ਦੀਆਂ ਕਹਾਣੀਆਂ ਹਨ ਅਤੇ ਇਸ ਤੋਂ ਇਲਾਵਾ ਅਮੀਨ ਬਾਬਰ, ਬਾਬੂ ਜਾਵੇਦ, ਗਿਰਜਾਖੀ ਅਤੇ ਮੁਹੰਮਦ ਮੁਜਾਹਿਦ ਵੇਸ ਦੀਆਂ ਮਿੰਨੀ ਕਹਾਣੀਆਂ ਸ਼ਾਮਲ ਹਨ।

ਵਰ੍ਹੇਵਾਰ ਸਾਹਿਤ ਵਿਚ ਸੰਪਾਦਕ ਨੇ ਲਿਖਾਰੀਆਂ ਦੀਆਂ ਰਚਨਾਵਾਂ ਨੂੰ ਤਰਤੀਬ ਦੇਣ ਲੱਗਿਆਂ 'ਅਲਿਫ਼-ਬੇ' ਅਨੁਸਾਰ ਵਿਉਂਤਬੱਧ ਕੀਤਾ ਹੈ। ਪੰਜਾਬ ਤੇ ਪੰਜਾਬੀ ਦੀ ਚੰਗੀ ਭਲਕ ਦੇ ਰੀਝਵਾਨ ਇਲਿਆਸ ਘੁੰਮਣ ਨੇ ਇਸ ਪਰਚੇ ਦੇ ਮੁੱਖ ਬੰਦ ਵਿਚ ਲਿਖਿਆ ਹੈ ਕਿ ਵਰ੍ਹੇਵਾਰ ਸਾਹਿਤ ਵਲੋਂ ਜ਼ਮੀਨ ਦੀ ਸਾਂਝੀ ਸੱਥ ਦੇ ਸਭਨਾਂ ਆਬਾਦ ਟੋਟਿਆਂ 'ਤੇ ਰਹਿੰਦੇ ਪੰਜਾਬੀ ਲਿਖਾਰੀਆਂ ਵਿਚ ਸਾਂਝੇ ਥੜ੍ਹੇ ਉੱਤੇ ਇਕੱਠੇ ਹੋਣ ਦਾ ਸੱਦਾ ਵਰਤਾਇਆ ਗਿਆ ਸੀ ਇਸ ਸੱਦੇ ਉੱਤੇ ਜਿਹੜਾ ਭਰਵਾਂ ਹੁੰਗਾਰਾ ਲੱਭਾ, ਸਾਹਿਤ ੧੯੯੬ ਉਹਦਾ ਸਬੂਤ ਸੀ, ਦੀਵੇ ਤੋਂ ਦੀਵਾ ਬਲਦੇ ਜਾਵਣ ਨਾਲ ਪੰਜਾਬੀ ਲਿਖਾਰੀਆਂ ਦੀ ਜਿਹੜੀ ਭਾਰੀ ਸੰਗਤ ਜੁੜਦੀ ਜਾ ਰਹੀ ਏ, ਸਾਹਿਤ ੧੯੯੭ ਉਹਦਾ ਹੀ ਰੂਪ-ਸਰੂਪ ਪੇਸ਼ ਕਰਦਾ ਏ।

ਇਹ ਪਰਚਾ ਕੁਲ ਦੁਨੀਆ ਦੀਆਂ ਹੱਦ-ਬੰਦੀਆਂ ਵਿਚ ਵਿਭਾਜਿਤ ਪੰਜਾਬੀਆਂ ਨੂੰ ਇਕ ਮੰਚ ਉੱਤੇ ਜੋੜਨ ਲਈ ਇਕ ਪੁਲ ਦੀ ਭੂਮਿਕਾ ਨਿਭਾਉਣ ਦਾ ਯਕੀਨ ਹੈ। ਇਸ ਯਕੀਨ ਦੀ ਭੂਮਿਕਾ ਵਿਚ ਧੰਨਵਾਦ ਦੇ ਸ਼ਬਦਾਂ ਵਜੋਂ ਇਲਿਆਸ ਘੁੰਮਣ ਵਰ੍ਹੇਵਾਰ ਸਾਹਿਤ ੧੯੯੭ ਦੀ ਤਿਆਰੀ ਵਿਚ ਆਪਣੀਆ ਕਿਰਤਾਂ ਦਾ ਸੀਰ ਪਾਵਣ ਵਾਲੇ ਸਾਰੇ ਸੱਜਣਾਂ ਦਾ ਢੇਰ ਸਾਰਾ ਸ਼ੁਕਰੀਆ ਕਰਾਂਦਿਆਂ ਲਿਖਿਆ ਹੈ :

ਗੁਰਮੁਖੀ ਅੱਖਰਾਂ ਵਿਚ ਆਈਆਂ ਰਚਨਾਵਾਂ ਨੂੰ ਫਾਰਸੀ ਲਿਪੀ ਵਿਚ ਪਲਟਾਵਣ, ਪਾਕਿਸਤਾਨੀ ਪੰਜਾਬੀ ਸ਼ਾਇਰੀ ਦੀ ਚੋਣ ਕਰਨ ਤੇ ਉਹਨੂੰ ਸੋਧਣ, ਕੰਪਿਊਟਰ ਦੀ ਅੱਖਰ ਚੁਣਾਈ ਵਾਲੀਆਂ ਗ਼ਲਤੀਆਂ ਕੱਢਣ ਤੇ ਲਿਖਾਈ ਨੂੰ ਸੁਆਰਨ ਦੇ ਕੰਮਾਂ ਵਿਚ ਇਹਨਾਂ ਮਿੱਤਰਾਂ ਹੱਥ ਵੰਡਾਇਆ ਅਸ਼ਰਫ਼ ਸੁਹੇਲ, ਇਮਤਿਆਜ਼ ਹੁਸੈਨ ਇਮਤਿਅਜ਼, ਜਮੀਲ ਅਹਿਮਦਪਾਲ, ਆਸ਼ਿਕ ਰੁਹੇਲ, ਆਸ਼ਿਕ ਅਲੀ ਫੈਸਲ, ਅਬਾਦ ਨਬੀਲ ਸ਼ਾਦ, ਗੁਲਾਮ ਮੁਸਤਫਾ ਤੇ ਮੁਹੰਮਦ ਤਨਵੀਰ। ਸਕੈੱਚ ਲਈ ਇਮਰੋਜ਼, ਕੈਮਰਾ ਫੋਟੋਗ੍ਰਾਫਰੀ ਲਈ ਇਕਬਾਲ ਕੈਸਰ ਅਤੇ ਮੁਹੰਮਦ ਖ਼ਾਲਿਦ ਧੰਨਵਾਦ ਦੇ ਪਾਤਰ ਹਨ।

ਇਸ ਪਰਚੇ ਲਈ ਭਾਰਤ ਤੋਂ ਡਾ. ਜਗਤਾਰ ਹੁਰਾਂ ਆਪਣੀਆਂ ਕਹਾਣੀਆਂ ਇਕੱਠੇ ਕਰਨ ਵਿਚ ਸਾਂਝ ਪਾਈ ਅਤੇ ਆਪਣੀ ਸ਼ਾਇਰੀ ਵੀ ਭੇਜੀ।

ਕੰਵਰ ਇਮਤਿਆਜ਼ ਤੇ ਡਾ: ਅਸਲਮ ਸਾਕਿਬ ਨੇ ਚੜ੍ਹਦੇ ਪੰਜਾਬ ਦੀ ਸ਼ਾਇਰੀ ਇਕੱਠੀ ਕਰਨ ਵਿਚ ਸਾਂਝ ਪਾਈ। ਜੋਗਿੰਦਰ ਸ਼ਮਸ਼ੇਰ ਨੇ ਕੈਨੇਡਾ ਅਤੇ ਬਰਤਾਨੀਆਂ ਦੇ ਪੰਜਾਬੀ ਲਿਖਾਰੀਆਂ ਦੀਆਂ ਰਚਨਾਵਾਂ ਫ਼ਾਰਸ਼ੀ ਅੱਖਰਾਂ ਵਿਚ ਉਲਟਾ ਕੇ ਭੇਜੀਆਂ। ਸੁਰਿੰਦਰ ਸਿੰਘ ਧੂੰਆਂ ਤੇ ਮੁਹੰਮਦ ਅਸ਼ਰਫ਼ ਗਿੱਲ ਹੁਰਾਂ ਅਮਰੀਕਾ ਵਿਚਲੇ ਪੰਜਾਬੀ ਸ਼ਾਇਰਾਂ ਦਾ ਕਲਾਮ ਇਕੱਠਾ ਕਰਨ ਦੀ ਸਾਂਝ ਪਾਈ। ਇਹਨਾਂ ਤੋਂ ਵੱਖ ਅਦਾਰਾ ਸਾਹਿਤ ਮਿਲਵਰਤਣ ਲਈ ਜਿਹਨਾਂ ਪਰਚਿਆਂ ਅਤੇ ਪੱਤ੍ਰਿਕਾਵਾਂ ਨੇ ਸਾਂਝ ਪਾਈ ਉਹਨਾਂ ਵਿਚ ਅਜੀਤ ਜਲੰਧਰ, ਨਵਾਂ ਜ਼ਮਾਨਾ ਜਲੰਧਰ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ, ਲੋਕ ਲਹਿਰ ਚੰਡੀਗੜ੍ਹ, ਆਰਸੀ, ਨਾਗਮਣੀ ਦਿੱਲੀ, ਗ਼ਜ਼ਲ ਕੈਨੇਡਾ, ਸੰਵਾਦ ਕੈਨੇਡਾ ਅਤੇ ਮੇਰੀ ਬੋਲੀ ਮੇਰਾ ਧਰਮ ਬਰਤਾਨੀਆਂ ਦੇ ਨਾਂ ਸ਼ਾਮਲ ਕੀਤੇ ਗਏ ਹਨ।

ਵਰ੍ਹੇਵਾਰ ਸਾਹਿਤ ੧੯੯੭ ਦੀ ਕਿਤਾਬਤ ਵਿਚ ਇਕਸਾਰਤਾ ਅਤੇ ਜਿਲਦ ਬੰਦ ਉੱਤਮ ਕਿਸਮ ਦੀ ਹੈ। ਪੰਜਾਬ ਲੋਕ ਕਲਾ ਵਿਚ ਆਉਂਦੇ ਵੇਲ-ਬੂਟਿਆਂ ਦੇ ਨਮੂਨੇ ਉੱਤੇ ਪਰਚੇ ਦੇ ਨਾਂ ਦੀ ਅੱਖਰਕਾਰੀ ਕੀਤੀ ਗਈ ਹੈ, ਜੋ ਖ਼ਾਸ ਖਿੱਚ ਦਾ ਕੇਂਦਰ ਬਣਦੀ ਹੈ। ਪਰਚੇ ਦੇ ਅੰਤ ਵਿਚ ਲਿਖਾਰੀਆਂ ਦੇ ਸਿਰਨਾਵੇਂ ਛਾਪ ਕੇ "ਲੇਖਕ ਡਾਇਰੈਕਟਰੀ" ਦਾ ਫ਼ਰਜ਼ ਨਿਭਾਇਆ ਗਿਆ ਹੈ। ਬਰਤਾਨੀਆਂ ਵਿਚੋਂ "ਇੰਟਰਨੈਸ਼ਨਲ ਪੰਜਾਬੀ ਸਾਹਿਤ" ਅਤੇ ਮੁਬੰਈ ਵਿਚੋਂ ਐਸ. ਸਵਰਨ ਦੀ ਸੰਪਾਦਨਾ ਹੇਠ ਨਿਕਲੇ 'ਵੰਨਗੀ' ਪਰਚਿਆਂ ਨੇ "ਵਰ੍ਹੇਵਾਰ ਸਾਹਿਤ" ਵਰਗੀ ਭੂਮਿਕਾ ਨਿਭਾਈ ਹੈ ਪਰ ਚੜ੍ਹਦੇ ਪੰਜਾਬ ਵਿਚੋਂ ਇਸਤੋਂ ਵੱਡਾ ਉਪਰਾਲਾ ਹੋਣ ਦਾ ਹੁੰਗਾਰਾ ਪੰਜਾਬੀ ਉਡੀਕ ਰਹੇ ਹਨ। ਅਮੀਨ...!

—ਕੰਵਰ ਇਮਤਿਆਜ਼
ਸਿੱਧਵਾਂ ਦੋਨਾ (ਕਪੂਰਥਲਾ)



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

ਸਰਵੋਤਮ ਪੰਜਾਬੀ ਮਾਸਕ 'ਵਰਿਆਮ' ਮਾਰਚ ੯੮ ਦੋ ਮਾਰਚ ਨੂੰ ਮਿਲਿਆ ਤੇ ਸੰਪਾਦਕੀ 'ਪਿਤਾਸ੍ਰੀ ਨੂੰ ਯਾਦ ਕਰਦਿਆਂ' ਪੜ੍ਹਕੇ ਗੰਭੀਰਤਾ ਨਾਲ ਅਨੁਭਵ ਹੋਇਆ ਹੈ ਕਿ ਪੂਜਨੀਕ ਤੇ ਸਨਮਾਨਯੋਗ ਪਿਤਾ ਜੀ ਸ. ਨੱਥਾ ਸਿੰਘ ਜੀ ਜੋ ਕਿ ਨੇਕ ਦਿਲ, ਮਿਹਨਤੀ, ਸਿਰੜੀ ਤੇ ਧੁੰਨ ਦੇ ਪੱਕੇ ਹਠੀ ਤੇ ਸਮਾਜ ਸੇਵਕ ਸ਼ਖਸੀਅਤ ਸਨ। ਆਪ ਜੀ ਵੱਲੋਂ ਆਪਣੇ ਜਨਮਦਾਤੇ ਪਿਤਾਸ੍ਰੀ ਨੂੰ ਅਰਪਤ ਸਤਰਾਂ ਇਤਿਹਾਸਕ ਹਨ ਤੇ ਸ. ਨੱਥਾ ਸਿੰਘ ਜੀ ਦੀ ਜੀਵਨ ਘਾਲਣਾ ਤੇ ਸੰਘਰਸ਼ ਨੂੰ ਸਹੀ ਰੂਪ ਵਿਚ ਰੂਪਮਾਨ ਕਰ ਤੀਆਂ ਹਨ। ਪਿਤਾ ਜੀ ਦੀ ਇੱਛਾ ਪੂਰੀ ਹੋਈ ਕਿ ਸਪੁੱਤਰ ਜਗਦੀਸ਼ ਸਿੰਘ ਸਟੇਜ ਤੇ ਬੋਲਦਾ ਹੋਵੇ, ਪੜ੍ਹਿਆ ਲਿਖਿਆ ਹੋਵੇ। ਪਿਤਾ ਜੀ ਨੇ ਨਾਮਧਾਰੀ ਸਮਾਜ ਦੀ ਨਿਸ਼ਕਾਮ ਸੇਵਾ ਕਰਦਿਆ ਫ਼ਰੰਗੀ-ਨਿਜ਼ਾਮ ਵਿਰੁਧ ਜੋ ਸੰਘਰਸ਼ ਕੀਤਾ ਉਸ ਸਦਕਾ ਸ. ਨੱਥਾ ਸਿੰਘ ਜੀ ਸਦਾ ਯਾਦ ਰਹਿਣਗੇ। ਉਹਨਾਂ ਦੀ ਆਪਣੇ ਪੈਰਾਂ ਤੇ ਆਪ ਚਲਕੇ, ਆਪਣੇ ਪੈਰਾਂ ਤੇ ਖੜੇ ਹੋਣ ਦੀ ਸੇਧ ਭਾਰਤੀ ਸਮਾਜ ਲਈ ਮਾਰਗ ਦਰਸ਼ਨ ਹੈ। ਪ੍ਰਮਾਤਮਾ ਵਰਿਆਮ ਪੱਤਰ ਰਾਹੀਂ ਸਦਾ ਅਨਮੋਲ ਲਿਖਤਾਂ ਪੜ੍ਹਨ ਦਾ ਸਾਂਝਾ ਨਾਤਾ ਨਿਰੰਤਰ ਬਣਾਈ ਰੱਖੇ।

—ਕੁਲਦੀਪ ਸਿੰਘ ਪੱਟੀ
ਪੰਜਾਬੀ ਪੱਤਰਕਾਰ
ਬਹਾਦਰਪੁਰ (ਹੁਸ਼ਿਆਰਪੁਰ)

—★—

ਕਹਿੰਦੇ ਹਨ ਕਿ "A man is known by the company he keeps." ਜਦੋਂ ਦਾ ਮੈਂ "ਵਰਿਆਮ" ਦਾ ਮੈਂਬਰ ਬਣਿਆ ਹਾਂ, ਭਾਵੇਂ ਮੇਰੇ ਵਿਚ ਕੌਡੀ ਜਿੰਨੀ ਵੀ ਅਕਲ ਨਹੀਂ, ਪਰ ਫਿਰ ਵੀ ਮੇਰੇ ਮੇਲੀ-ਗੇਲੀ, ਜਿਨ੍ਹਾਂ ਨੂੰ ਇਹ ਪਤਾ ਹੈ ਕਿ ਮੈਂ ਵਰਿਆਮ ਦਾ ਪਾਠਕ ਹਾਂ, ਮੈਨੂੰ ਸਿਆਣਾ ਸਿਆਣਾ ਸਮਝਣ ਲਗ ਪਏ ਹਨ। ਰੱਬ ਖ਼ੈਰ ਕਰੇ! ਉਮੀਦ ਹੈ ਕਿ ਹੁਣ ਵਰਿਆਮ ਹੀ ਸਾਡੀ ਕਮ-ਅਕਲੀ ਤੇ ਆਪਣੀ ਸਿਆਣਪ ਦੇ ਪੜਦੇ ਪਾਈ ਰੱਖੇਗਾ।

ਭਾਵੇਂ ਮੈਂ ਸ੍ਰੀ ਵਰਿਆਮ ਸੰਧੂ ਹੁਰਾਂ ਦੇ ਹਾਲੇ ਤਕ ਸਾਖਿਆਤ ਦਰਸ਼ਨ ਨਹੀਂ ਕੀਤੇ, ਪਰ ਮੈਨੂੰ ਉਨ੍ਹਾਂ ਦੇ ਹਰ ਮਹੀਨੇ 'ਵਰਿਆਮ' ਵਿਚੋਂ ਰੂਹ ਨੂੰ ਠੰਡ ਪਾਉਣ ਵਾਲੇ ਦੀਦਾਰੇ ਹੋਣ ਲਗ ਪਏ ਹਨ। ਧੰਨਵਾਦ ਕੀਹਦਾ ਕਰਾਂ— 'ਵਰਿਆਮ' ਦਾ, 'ਜਗਦੀਸ਼ ਵਰਿਆਮ' ਜਾਂ 'ਵਰਿਆਮ ਸੰਧੂ' ਦਾ? ਸਤਿਗੁਰਾ! ਇਸ ਵਰਿਆਮ ਦੀ ਜੋੜੀ ਨੂੰ ਕਦੀ ਵੀ ਤੱਤੀ ਵਾ ਨਾ ਲਾਵੀਂ...ਸਦਾ ਸਲਾਮਤ ਰੱਖੀਂ ਇਨ੍ਹਾਂ ਪੰਜਾਬੀ ਮਾਂ ਦੇ ਲਾਡਲੇ ਹੋਣਹਾਰ ਸਪੂਤਾਂ ਨੂੰ!!

ਵਰਿਆਮ ਤਾਂ ਸਾਨੂੰ ਸਰਬ-ਕਲਾ ਸੰਪੂਰਨ ਜਾਪਣ ਲਗ ਪਿਆ ਹੈ—ਧਾਰਮਕ ਪੱਖੋਂ ਵੀ ਤੇ ਸਾਹਿਤਕ ਤੌਰ ਤੇ ਵੀ।

ਸੰਤ ਏਕਮ ਸਿੰਘ ਹੁਰਾਂ ਤੇ 'ਅਟਲ ਪ੍ਰਤਾਪੀ ਦੀ ਮਿਹਰ', ਡਾ. ਨਰੇਸ਼ ਹੁਰਾਂ ਦੀਆਂ 'ਗਜ਼ਲਾਂ', ਚਰਨ ਸੀਚੇਵਾਲਵੀ ਹੁਰਾਂ ਦੇ 'ਚੌਮਿਸਰੇ', ਸਵਰਨ ਸਿੰਘ ਵਿਰਕ ਹੁਰਾਂ ਦੀ 'ਪੈਂਤੀ ਅੱਖਰੀ', ਸਰਵ ਸ੍ਰੀ ਕਿਰਪਾਲ ਕਜ਼ਾਕ, ਪਿਆਰਾ ਸਿੰਘ ਪਦਮ, ਬਲਦੇਵ ਧਾਲੀਵਾਲ ਹੁਰਾਂ ਦੀਆਂ ਲਿਖਤਾਂ ਨੇ ਬਹੁਤ ਪ੍ਰਭਾਵਿਤ ਕੀਤਾ ਹੈ।

ਇਹ ਪੜ੍ਹਕੇ ਬੜੀ ਖੁਸ਼ੀ ਹੋਈ ਕਿ ਸਾਡੇ ਆਪਣੇ ਸ੍ਰੀ ਸਵਰਨ ਸਿੰਘ ਜੀ ਵਿਰਕ ਇਕ ਵਧੀਆ ਸ਼ਾਇਰ ਹੀ ਨਹੀਂ, ਸਗੋਂ ਬਹੁਤ ਸੂਝਵਾਨ ਰੀਵਿਊਕਾਰ ਵੀ ਹਨ। ਜੀ ਕਰਦੈ ਕਿ ਸ੍ਰੀ ਸੰਧੂ ਹੁਰਾਂ ਦੀ ਤਰ੍ਹਾਂ ਸ੍ਰੀ ਵਿਰਕ ਜੀ ਵੀ ਮੇਰੇ 'ਵਰਿਆਮ' ਵਿਚ ਹਮੇਸ਼ਾ ਛਪਦੇ ਰਹਿਣ।

ਪ੍ਰੋ. ਕਰਤਾਰ ਸਿੰਘ ਜੀ ਕਾਲੜਾ ਹੁਰਾਂ ਦੀ ਗ਼ਜ਼ਲ ਵੀ ਬੇਹੱਦ ਚੰਗੀ ਲੱਗੀ। ਗ਼ਜ਼ਲ ਦਾ ਹਰ ਸ਼ਿਅਰ ਬੜੇ ਸੁਆਦ ਨਾਲ ਪੜ੍ਹਿਆ ਤੇ ਮਾਣਿਆ ਹੈ।

ਅਮਰੀਕਾ ਵਿਚ ਸਾਡੇ ਆਦਰਯੋਗ ਪਿਆਰੇ ਸੰਧੂ ਹੁਰਾਂ ਦਾ ਦਿਲ ਦੁਖਾਉਣ ਵਾਲਿਓ...ਤੁਹਾਨੂੰ ਕੀ ਕਿਹਾ ਜਾਵੇ? ਤੁਹਾਡਾ ਰੱਬ ਭਲਾ ਹੀ ਕਰੇ, ਤੁਸੀਂ ਓਥੇ ਵਸਦੇ ਹੀ ਰਹੋ!

—ਮੈਂ ਹਾਂ ਜਗਦੀਸ਼ ਵਰਿਆਮ ਅਤੇ
ਵਰਿਆਮ ਸੰਧੂ ਦਾ ਸੱਜਰਾ ਉਪਾਸ਼ਕ
ਬਖਸ਼ੀਸ਼ ਪੰਜਾਬੀ
ਦਿੱਲੀ



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ 59869

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

*ਨਿਊ ਟਿੰਬਰ ਮਾਰਕੀਟ,*
*ਅਕਹਿਰੀ ਪੁਲੀ, ਜਲੰਧਰ ਸ਼ਹਿਰ*

ਫੋਨ ਨੰ: 232990

JANTA
HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-61574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ
ਹਰ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,
ਪੜਤਲ, ਚੀਲ੍ਹ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੇਂਟਸ)

**Dalip Singh Puran Singh Saggu**
[TIMBER MERCHANTS]

*ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ*

Phone : 58795, 59056
Mobile Phone 9814060489 Pager 96124089

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੌਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

## ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਅਕਹਿਰੀ ਪੁਲੀ, ਜਲੰਧਰ-੧੪੪੦੦੪.
ਫੋਨ 238784



Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

☎ 61040
Code : 01824

# For Fitting Diesel Engines in Foreign
# &
# INDIAN CAR BODIES




*Specialists in :*

## Mercedes Benz Car Repairing

# AMARJIT MOTOR GARAGE

G.T. Road, Opp. Jalandhar Octroi Post,
PHAGWARA


Sri Satguru Jagjit Singh Ji eLibrary NamdhariElibrary@gmail.com

Gram : 'SNIPER' Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,
JAMMU CANTT.


Splash! Splish! Glugglu
Hehehehoohaaha ha!
Zzzzzzzziiiiiippp! Dip! Zzzzzzzzziiipp
Aaaaaarrrggaarraaggis!
Oink oink oink! Sssssquueeeeeeal! Grunt Oink!
Eeyaahaahooo! Uu eeeeaaaha!
Uuueeeeeaaaahaa! Eeyaahaaho!
Owoooeeeeeeyaaahoooo!
IT'S FUNNFOOD VILLAGE
Old Delhi-Gurgaon Road, Kapashera, N.D.-37
Ph. : 5563867, 5564500, 501. 502, 5565500, 501, 502, Fax : 5563587

Registered No. PB/JL-253
MONTHLY WARIAM
Ladowali Road, Jalandahr-144 001
MAY 1998
Registered with the Registrar of News papers for India No. 26453

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

**੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬**

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068,CHAH ANDARA, (BEHIND JUBILEE CINEMA)
CHANDNI CHOWK, DELHI-110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543, ਨਿਵਾਸ 56289

Sri Satguru Jagjit Singh Ji eLibrary NamdhariElibrary@gmail.com